ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 221| 1 to 7 April, 2026 | Ph.: (510) 240-5949 | Email: asrtimes@gmail.com





# 'ਨੋ ਕਿੰਗਜ਼'

# ਟਰੰਪ ਬਨਾਮ ਜਨਤਾ

## 50 ਸੂਬਿਆਂ 'ਚ 3,300 ਤੋਂ ਵੱਧ ਥਾਵਾਂ 'ਤੇ 'ਨੋ ਕਿੰਗਜ਼' ਨਾਂਅ ਹੇਠ ਕੀਤੇ ਗਏ ਰੋਸ ਪ੍ਰਦਰਸ਼ਨ






ਵਾਸ਼ਿੰਗਟਨ/ਏ.ਟੀ.ਨਿਊਜ਼: ਇਰਾਨ ਜਿੱਤਣ ਲਈ ਵੱਡੀ 'ਜੰਗ' ਦਾ ਸਹਾਰਾ ਲੈਣ ਵਾਲੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਉਸ ਦੇ ਆਪਣੇ ਦੇਸ਼ ਵਿੱਚ ਹੀ ਵੱਡੀ 'ਬਗਾਵਤ' ਹੋਣੀ ਸ਼ੁਰੂ ਹੋ ਗਈ ਹੈ, ਜਿਸ ਕਾਰਨ ਟਰੰਪ ਦਾ ਇਰਾਨ ਜਿੱਤਣ ਦਾ ਸੁਪਨਾ ਚਕਨਾਚੂਰ ਹੋ ਸਕਦਾ ਹੈ ਅਤੇ ਉਸ ਨੂੰ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟਰੰਪ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਰਾਨ ਦੇ ਤੇਲ 'ਤੇ ਕਬਜ਼ਾ ਕਰਨਾ ਉਹਨਾਂ ਦਾ ਮੁੱਖ ਮਕਸਦ ਹੈ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਅਮਰੀਕਾ ਨੇ ਇਰਾਨ ਜੰਗ ਵਿਸ਼ਵ ਦੇ ਤੇਲ ਸੋਮਿਆਂ 'ਤੇ ਅਮਰੀਕਾ ਦਾ ਕਬਜ਼ਾ ਕਰਵਾਉਣ ਲਈ ਸ਼ੁਰੂ ਕੀਤੀ ਹੋਈ




ਹੈ, ਜਿਸ ਦੇ ਭਿਆਨਕ ਨਤੀਜੇ ਸਾਹਮਣੇ ਆ ਸਕਦੇ ਹਨ। ਲੰਘੇ ਦਿਨੀਂ ਅਮਰੀਕਾ ਵਿੱਚ 'ਨੋ ਕਿੰਗਜ਼' ਰੈਲੀਆਂ ਵਿੱਚ ਲੱਖਾਂ ਲੋਕਾਂ ਨੇ ਇਰਾਨ ਯੁੱਧ ਅਤੇ ਡੋਨਾਲਡ ਟਰੰਪ ਦੀਆਂ ਨੀਤੀਆਂ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕੀਤਾ। ਖਾਸ ਕਰਕੇ ਮਿਨੀਸੋਟਾ ਵਿੱਚ, ਵੱਡੀ ਗਿਣਤੀ ਵਿੱਚ ਲੋਕ ਟਰੰਪ ਦੇ ਸਖ਼ਤ ਇਮੀਗ੍ਰੇਸ਼ਨ ਨਿਯਮਾਂ ਅਤੇ ਇਰਾਨ 'ਤੇ ਹਮਲਿਆਂ ਦਾ ਵਿਰੋਧ ਕਰਨ ਲਈ ਸੜਕਾਂ 'ਤੇ ਉਤਰ ਆਏ। ਇਹ 'ਨੋ ਕਿੰਗਜ਼' ਵਿਰੋਧ ਪ੍ਰਦਰਸ਼ਨਾਂ ਦਾ ਤੀਜਾ ਦੌਰ ਹੈ। ਪਿਛਲੇ ਸਾਲ, ਪੂਰੇ ਅਮਰੀਕਾ ਵਿੱਚ ਪ੍ਰਦਰਸ਼ਨਕਾਰੀਆਂ ਨੇ ਇਸ ਬੈਨਰ ਹੇਠ ਵਿਰੋਧ ਪ੍ਰਦਰਸ਼ਨ ਕੀਤਾ ਸੀ। ਪ੍ਰਦਰਸ਼ਨਕਾਰੀ ਡੋਨਾਲਡ ਟਰੰਪ ਦੇ ਕਥਿਤ ਤਾਨਾਸ਼ਾਹੀ ਫੈਸਲਿਆਂ ਅਤੇ ਇਮੀਗ੍ਰੇਸ਼ਨ ਨੀਤੀਆਂ ਦੇ ਖਿਲਾਫ ਸਨ। ਇਸ ਵਾਰ, ਲੋਕ ਇਰਾਨ ਵਿੱਚ ਯੁੱਧ ਕਰਨ ਦੇ ਟਰੰਪ ਦੇ ਫੈਸਲੇ ਦਾ ਵੀ ਵਿਰੋਧ ਕਰ ਰਹੇ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦੇ ਖਿਲਾਫ 'ਨੋ ਕਿੰਗਜ਼' ਵਿਰੋਧ ਪ੍ਰਦਰਸ਼ਨਾਂ ਦੇ ਪ੍ਰਬੰਧਕਾਂ ਨੇ ਇਸਨੂੰ ਇੱਕ ਯੋਜਨਾਬੱਧ ਰਾਸ਼ਟਰੀ ਮੁਹਿੰਮ ਦਾ ਹਿੱਸਾ ਦੱਸਿਆ ਹੈ। ਪੂਰੇ ਅਮਰੀਕਾ ਵਿੱਚ 3,300 ਤੋਂ ਵੱਧ ਸਮਾਗਮ ਆਯੋਜਿਤ ਕੀਤੇ ਗਏ ਸਨ। ਸੇਂਟ ਪਾਲ ਵਿੱਚ ਮਿਨੀਸੋਟਾ ਸਟੇਟ ਕੈਪੀਟਲ ਵਿਖੇ ਮੁੱਖ ਰੈਲੀ ਵਿੱਚ ਸਭ ਤੋਂ ਵੱਧ ਦੋ ਲੱਖ ਲੋਕਾਂ ਨੂੰ ਆਕਰਸ਼ਿਤ ਕੀਤਾ ਗਿਆ।

ਮਿਨੀਸੋਟਾ ਦੇ ਸੇਂਟ ਪਾਲ ਵਿੱਚ ਹੋਈ ਰੈਲੀ ਵਿੱਚ ਕਈ ਪ੍ਰਮੁੱਖ ਸਿਆਸਤਦਾਨਾਂ ਅਤੇ ਸੱਭਿਆਚਾਰਕ ਹਸਤੀਆਂ ਨੇ ਹਿੱਸਾ ਲਿਆ। ਗਵਰਨਰ ਟਿਮ ਵਾਲਜ਼ ਨੇ ਭੀੜ ਨੂੰ ਸੰਬੋਧਨ ਕੀਤਾ ਅਤੇ ਗਾਇਕ ਬਰੂਸ ਸਪ੍ਰਿੰਗਸਟੀਨ ਨੇ ਗੀਤ ਗਾਇਆ।। ਸੈਨੇਟਰ ਬਰਨੀ ਸੈਂਡਰਸ, ਜੋਨ ਬੇਜ਼, ਮੈਗੀ ਰੋਜਰਸ ਅਤੇ ਜੇਨ ਫੋਂਡਾ ਵਰਗੀਆਂ ਪ੍ਰਸਿੱਧ ਹਸਤੀਆਂ ਵੀ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਈਆਂ।

ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੀਆਂ ਕਈ ਨੀਤੀਆਂ ਤੋਂ ਨਾਰਾਜ਼ ਹਨ। ਖਾਸ ਤੌਰ 'ਤੇ ਇਰਾਨ ਨਾਲ ਵਧਦਾ ਤਣਾਅ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਵਧਦੀ ਮਹਿੰਗਾਈ ਉਨ੍ਹਾਂ ਦੇ ਗੁੱਸੇ ਦਾ ਮੁੱਖ ਕਾਰਨ ਹਨ। ਕਈ ਥਾਵਾਂ 'ਤੇ ਲੋਕਾਂ ਨੇ ਟਰੰਪ ਅਤੇ ਉਪ-ਰਾਸ਼ਟਰਪਤੀ ਜੇ.ਡੀ. ਵੇਂਸ ਖ਼ਿਲਾਫ਼ ਪੋਸਟਰ ਲਹਿਰਾਉਂਦੇ ਹੋਏ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਟਰੰਪ ਖ਼ਿਲਾਫ਼ ਰਾਸ਼ਟਰੀ ਪੱਧਰ 'ਤੇ ਹੁਣ ਤੱਕ 3 ਵਾਰ 'ਨੋ ਕਿੰਗਜ਼' ਰੋਸ ਵਿਖਾਵੇ ਹੋ ਚੁੱਕੇ ਹਨ। ਪਹਿਲਾਂ ਵੱਡਾ ਰੋਸ ਵਿਖਾਵਾ ਜੂਨ 2025 ਵਿੱਚ ਹੋਇਆ ਸੀ, ਇਸ ਤੋਂ ਬਾਅਦ ਅਕਤੂਬਰ 2025 ਵਿੱਚ ਦੂਜਾ ਅਤੇ 28 ਮਾਰਚ ਨੂੰ ਤੀਜਾ ਰੋਸ ਪ੍ਰਦਰਸ਼ਨ ਕੀਤਾ ਗਿਆ।

### ਟਰੰਪ ਨੂੰ ਨੀਤੀਆਂ ਬਦਲਣ ਦੀ ਅਪੀਲ

ਮਿਨੀਸੋਟਾ ਤੋਂ ਇਲਾਵਾ, ਨਿਊਯਾਰਕ, ਵਾਸ਼ਿੰਗਟਨ, ਲਾਸ ਏਂਜਲਸ, ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਵਰਗੇ ਵੱਡੇ ਸ਼ਹਿਰਾਂ ਵਿੱਚ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਹਿੱਸਾ ਲਿਆ। ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲਿਆਂ ਨੇ ਕਿਹਾ, 'ਅਸੀਂ ਅੱਜ ਇੱਥੇ ਇਹ ਕਹਿਣ ਲਈ ਇਕੱਠੇ ਹੋਏ ਹਾਂ ਕਿ ਅਮਰੀਕਾ ਵਿੱਚ ਕੋਈ ਰਾਜਾ ਨਹੀਂ ਹੈ। ਅਸੀਂ ਇੱਕਜੁੱਟ ਹੋ ਕੇ ਆਪਣੀ ਆਵਾਜ਼ ਬੁਲੰਦ ਕਰਦੇ ਰਹਾਂਗੇ ਅਤੇ ਟਰੰਪ ਨੂੰ ਰਾਜਾ ਵਾਂਗ ਵਿਵਹਾਰ ਕਰਨ ਤੋਂ ਰੋਕਾਂਗੇ।'

### ਲੰਡਨ ਅਤੇ ਪੈਰਿਸ 'ਚ ਵੀ ਹੋਏ ਵਿਰੋਧ ਪ੍ਰਦਰਸ਼ਨ

ਵਿਦੇਸ਼ਾਂ ਵਿੱਚ ਰਹਿਣ ਵਾਲੇ ਅਮਰੀਕੀ ਪ੍ਰਵਾਸੀ ਵੀ ਵਿਰੋਧ ਪ੍ਰਦਰਸ਼ਨਾਂ ਲਈ ਇਕੱਠੇ ਹੋਏ। ਪੈਰਿਸ, ਲੰਡਨ ਅਤੇ ਲਿਸਬਨ ਵਿੱਚ, ਬਹੁਤ ਸਾਰੇ ਲੋਕਾਂ ਨੂੰ ਰਾਸ਼ਟਰਪਤੀ ਨੂੰ 'ਫਾਸ਼ੀਵਾਦੀ' ਅਤੇ 'ਯੁੱਧ ਅਪਰਾਧੀ' ਕਹਿਣ ਵਾਲੇ ਪੋਸਟਰ ਫੜੇ ਹੋਏ ਦੇਖੇ ਗਏ। ਇਸ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ 'ਤੇ ਮਹਾਂਦੋਸ਼ ਲਗਾਉਣ ਅਤੇ ਅਹੁਦੇ ਤੋਂ ਹਟਾਉਣ ਦੀ ਮੰਗ ਵੀ ਕੀਤੀ ਗਈ।

# ਤੀਜੀ ਸੰਸਾਰ ਜੰਗ ਦਾ ਖ਼ਤਰਾ ! ਜੇ ਛਿੜੀ ਜੰਗ ਤਾਂ ਦੁਨੀਆ ਦੇ ਇਹ 8 ਦੇਸ਼ ਰਹਿਣਗੇ ਸਭ ਤੋਂ ਸੁਰੱਖਿਅਤ

ਦੁਨੀਆ ਭਰ ਵਿੱਚ ਵਧਦੀ ਅਸਥਿਰਤਾ ਅਤੇ ਇਜ਼ਰਾਇਲ-ਇਰਾਨ ਵਿਚਾਲੇ ਚੱਲ ਰਹੀ ਜੰਗ ਨੇ ਪੂਰੀ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਅਮਰੀਕਾ ਅਤੇ ਰੂਸ ਵਰਗੀਆਂ ਵੱਡੀਆਂ ਤਾਕਤਾਂ ਦੇ ਆਹਮੋ-ਸਾਹਮਣੇ ਹੋਣ ਕਾਰਨ ਮਾਹਿਰ ਹੁਣ 'ਤੀਜੀ ਸੰਸਾਰ ਜੰਗ' ਦੀ ਸੰਭਾਵਨਾ ਜਤਾ ਰਹੇ ਹਨ। ਮਾਹਿਰਾਂ ਅਨੁਸਾਰ, ਦੁਨੀਆ ਦੇ 8 ਅਜਿਹੇ ਦੇਸ਼ ਹਨ ਜੋ ਆਪਣੀ ਭੂਗੋਲਿਕ ਸਥਿਤੀ ਅਤੇ ਨੀਤੀਆਂ ਕਾਰਨ ਕਿਸੇ ਵੀ ਵੱਡੇ ਸੰਘਰਸ਼ ਤੋਂ ਬਚੇ ਰਹਿ ਸਕਦੇ ਹਨ।

ਨਿਊਜ਼ੀਲੈਂਡ ਨੂੰ ਦੁਨੀਆ ਦੀ ਉਥਲ-ਪੁਥਲ ਤੋਂ ਸਭ ਤੋਂ ਦੂਰ ਅਤੇ ਸੁਰੱਖਿਅਤ ਮੰਨਿਆ ਜਾਂਦਾ ਹੈ। ਪ੍ਰਸ਼ਾਂਤ ਮਹਾਂਸਾਗਰ ਦੇ ਦੱਖਣ ਵਿੱਚ ਸਥਿਤ ਹੋਣ ਕਾਰਨ ਇਹ ਵੱਡੀਆਂ ਫ਼ੌਜੀ ਤਾਕਤਾਂ ਦੀ ਪਹੁੰਚ ਤੋਂ ਕਾਫੀ ਦੂਰ ਹੈ। ਪਰਮਾਣੂ ਜੰਗ ਦੌਰਾਨ ਅੰਟਾਰਕਟਿਕਾ ਸਭ ਤੋਂ ਸੁਰੱਖਿਅਤ ਥਾਂ ਹੋ ਸਕਦੀ ਹੈ। ਇਹ ਮਹਾਂਦੀਪ ਪੂਰੀ ਤਰ੍ਹਾਂ ਅਲੱਗ-ਥਲੱਗ ਹੈ ਅਤੇ ਇੱਥੇ ਕੋਈ ਫ਼ੌਜੀ ਟਿਕਾਣਾ ਨਾ ਹੋਣ ਕਾਰਨ ਹਮਲੇ ਦੀ ਸੰਭਾਵਨਾ ਬਹੁਤ ਘੱਟ ਹੈ।

ਦੱਖਣੀ ਅਮਰੀਕਾ ਦਾ ਇਹ ਦੇਸ਼ ਐਂਡੀਜ਼ ਪਹਾੜੀਆਂ ਅਤੇ ਸਮੁੰਦਰ ਨਾਲ ਘਿਰਿਆ ਹੋਇਆ ਹੈ। ਖੇਤੀਬਾੜੀ ਅਤੇ ਕੁਦਰਤੀ ਸਰੋਤਾਂ ਪੱਖੋਂ ਆਤਮ-ਨਿਰਭਰ ਹੋਣ ਕਰਕੇ, ਜੰਗ ਦੌਰਾਨ ਵੀ ਇੱਥੋਂ ਦੇ ਲੋਕ ਆਪਣਾ ਗੁਜ਼ਾਰਾ ਕਰ ਸਕਦੇ ਹਨ। ਅਰਜਨਟੀਨਾ ਕੋਲ ਖੇਤੀਬਾੜੀ ਲਈ ਬਹੁਤ ਵੱਡੀ ਜ਼ਮੀਨ ਹੈ। ਜੇਕਰ ਦੁਨੀਆ ਭਰ ਵਿੱਚ ਭੋਜਨ ਦੀ ਸਪਲਾਈ ਰੁਕਦੀ ਹੈ, ਤਾਂ ਵੀ ਇਹ ਦੇਸ਼ ਆਪਣੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੈ।

ਚਾਰੋਂ ਪਾਸਿਓਂ ਜ਼ਮੀਨ ਨਾਲ ਘਿਰਿਆ ਇਹ ਦੇਸ਼ ਬਹੁਤ ਸ਼ਾਂਤ ਹੈ। ਇਸ ਦੀ ਖੇਤੀਬਾੜੀ ਅਰਥਵਿਵਸਥਾ ਇਸ ਨੂੰ ਦੁਨੀਆ ਦੀ ਸਿਆਸਤ ਤੋਂ ਦੂਰ ਅਤੇ ਸੁਰੱਖਿਅਤ ਰੱਖਦੀ ਹੈ। ਉਰੂਗਵੇ ਦੀ ਵਿਦੇਸ਼ ਨੀਤੀ ਹਮੇਸ਼ਾ ਦੂਜੇ ਦੇਸ਼ਾਂ ਦੇ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਦੀ ਰਹੀ ਹੈ। ਇਹ ਦੇਸ਼ ਅੰਤਰਰਾਸ਼ਟਰੀ ਤਣਾਅ ਵਾਲੇ ਖੇਤਰਾਂ ਤੋਂ ਕਾਫੀ ਦੂਰ ਸਥਿਤ ਹੈ।

ਭਾਰਤ ਅਤੇ ਚੀਨ ਦੇ ਵਿਚਕਾਰ ਹੋਣ ਦੇ ਬਾਵਜੂਦ, ਭੂਟਾਨ ਨੇ ਹਮੇਸ਼ਾ ਗੁੱਟ-ਨਿਰਲੇਪਤਾ ਦੀ ਨੀਤੀ ਅਪਣਾਈ ਹੈ। ਉੱਚੀਆਂ ਪਹਾੜੀਆਂ ਨਾਲ ਘਿਰਿਆ ਇਹ ਦੇਸ਼ ਦੁਨੀਆ ਦੇ ਰੌਲੇ-ਰੱਪੇ ਤੋਂ ਬਿਲਕੁਲ ਵੱਖਰਾ ਹੈ। ਸਵਿੱਟਜ਼ਰਲੈਂਡ ਪਿਛਲੇ 200 ਸਾਲਾਂ ਤੋਂ ਕਿਸੇ ਵੀ ਜੰਗ ਦਾ ਹਿੱਸਾ ਨਹੀਂ ਬਣਿਆ। ਇੱਥੋਂ ਦੇ ਪਹਾੜੀ ਰਸਤੇ ਅਤੇ ਬੰਕਰਾਂ ਦਾ ਮਜ਼ਬੂਤ ਨੈੱਟਵਰਕ ਇਸ ਨੂੰ ਇੱਕ ਕਿਲ੍ਹੇ ਵਾਂਗ ਸੁਰੱਖਿਅਤ ਬਣਾਉਂਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਦੇਸ਼ ਨਾ ਸਿਰਫ ਫ਼ੌਜੀ ਹਮਲਿਆਂ ਤੋਂ ਬਚ ਸਕਦੇ ਹਨ, ਬਲਕਿ ਜੰਗ ਦੌਰਾਨ ਪੈਦਾ ਹੋਣ ਵਾਲੀ ਭੋਜਨ ਦੀ ਕਿੱਲਤ ਨਾਲ ਨਜਿੱਠਣ ਲਈ ਵੀ ਤਿਆਰ ਹਨ।

# ਕੈਨੇਡਾ ’ਚ ਨਵਾਂ ਨਫ਼ਰਤ ਵਿਰੋਧੀ ਕਾਨੂੰਨ ਪਾਸ: ਪਾਬੰਦੀਸ਼ੁਦਾ ਸੰਗਠਨਾਂ ਦੇ ਚਿੰਨ੍ਹਾਂ ’ਤੇ ਲੱਗੇਗੀ ਰੋਕ

## ਕੀ ਸਿੱਖ ਜਥੇਬੰਦੀਆਂ ਅਤੇ ਖ਼ਾਲਿਸਤਾਨੀ ਚਿੰਨ੍ਹਾਂ ’ਤੇ ਪਵੇਗਾ ਅਸਰ ?

## ਕੀ ਇਹ ਬਿਲ ਭਾਰਤ ਨੂੰ ਖ਼ੁਸ਼ ਕਰਨ ਦੀ ਤਿਆਰੀ ਹੈ ?

## ਕੀ ਹੁਣ ਕੈਨੇਡਾ ’ਚ ਧਰਮ ਦੇ ਨਾਂਅ ’ਤੇ ਬੋਲਣਾ ਹੋਵੇਗਾ ਗੁਨਾਹ ? ਨਵੇਂ ਬਿੱਲ ਨੇ ਖੋਹੀ ਧਾਰਮਿਕ ਆਜ਼ਾਦੀ

ਕੈਨੇਡਾ ਦੀ ਹਾਊਸ ਆਫ ਕਾਮਨਜ਼ ਨੇ ਇੱਕ ਵਿਵਾਦਗ੍ਰਸਤ ਬਿੱਲ ਨੂੰ ਤੀਜੀ ਰੀਡਿੰਗ ਵਿੱਚ 186 ਤੋਂ 137 ਵੋਟਾਂ ਨਾਲ ਪਾਸ ਕਰ ਦਿੱਤਾ ਹੈ। ਇਸ ਬਿੱਲ ਦਾ ਨਾਂਅ ਹੈ ਬਿੱਲ ਸੀ-9 ਜਾਂ ‘ਕੰਬੈਟਿੰਗ ਹੇਟ ਐਕਟ’। ਲਿਬਰਲ ਸਰਕਾਰ ਅਤੇ ਬਲਾਕ ਕਿਊਬੇਕੋਇਸ ਨੇ ਇਸ ਨੂੰ ਸਮਰਥਨ ਦਿੱਤਾ, ਜਦਕਿ ਕੰਜ਼ਰਵੇਟਿਵ ਪਾਰਟੀ, ਨਿਊ ਡੈਮੋਕ੍ਰੈਟਿਕ ਪਾਰਟੀ ਅਤੇ ਗ੍ਰੀਨ ਪਾਰਟੀ ਨੇ ਵਿਰੋਧ ਕੀਤਾ। ਹੁਣ ਇਹ ਬਿੱਲ ਸੈਨੇਟ ਵਿੱਚ ਜਾ ਰਿਹਾ ਹੈ, ਜਿੱਥੇ ਇਸ ਦੀ ਅਗਲੀ ਸਮੀਖਿਆ ਹੋਵੇਗੀ ਅਤੇ ਇਸ ਨੂੰ ਕਾਨੂੰਨ ਬਣਨ ਤੋਂ ਪਹਿਲਾਂ ਹੋਰ ਬਦਲਾਅ ਵੀ ਹੋ ਸਕਦੇ ਹਨ।

ਇਸ ਬਿੱਲ ਨੂੰ ਲੈ ਕੇ ਕੈਨੇਡਾ ਵਿੱਚ ਤੇਜ਼ ਬਹਿਸ ਛਿੜੀ ਹੋਈ ਹੈ। ਇੱਕ ਪਾਸੇ ਇਸ ਨੂੰ ਨਫ਼ਰਤ ਭਰੇ ਅਪਰਾਧਾਂ ਖਿਲਾਫ਼ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਖ਼ਾਲਿਸਤਾਨੀ ਚਿੰਨ੍ਹਾਂ ਅਤੇ ਐਕਸਟ੍ਰੀਮਿਸਟ ਗਰੁੱਪਾਂ ਦੇ ਪ੍ਰਤੀਕਾਂ ਦੇ ਜਨਤਕ ਪ੍ਰਦਰਸ਼ਨ ਨੂੰ ਰੋਕਣ ਲਈ। ਦੂਜੇ ਪਾਸੇ ਇਸ ਨੂੰ ਧਾਰਮਿਕ ਆਜ਼ਾਦੀ ਅਤੇ ਵਿਚਾਰਾਂ ਦੀ ਆਜ਼ਾਦੀ ਉੱਤੇ ਹਮਲਾ ਕਿਹਾ ਜਾ ਰਿਹਾ ਹੈ, ਖਾਸ ਕਰਕੇ ਇਸਾਈ ਭਾਈਚਾਰੇ ਵੱਲੋਂ ਬਾਈਬਲ ਦੇ ਹਵਾਲੇ ਦੇਣ ਵਾਲੀ ਆਜ਼ਾਦੀ ਉੱਤੇ।

ਬਿੱਲ ਸੀ-9 ਨੂੰ ਸਤੰਬਰ 2025 ਵਿੱਚ ਨਿਆਂ ਮੰਤਰੀ ਸੀਨ ਫਰੇਜ਼ਰ ਨੇ ਪੇਸ਼ ਕੀਤਾ ਸੀ। ਇਸ ਦਾ ਉਦੇਸ਼ ਕੈਨੇਡਾ ਦੇ ਕ੍ਰਿਮੀਨਲ ਕੋਡ ਵਿੱਚ ਸੋਧ ਕਰਕੇ ਨਫ਼ਰਤ ਨਾਲ ਜੁੜੇ ਅਪਰਾਧਾਂ ਨੂੰ ਰੋਕਣਾ ਹੈ। ਅਧਿਕਾਰਤ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਇਸ ਬਿੱਲ ਨਾਲ ਚਾਰ ਨਵੀਆਂ ਅਪਰਾਧਿਕ ਧਾਰਾਵਾਂ ਬਣਾਈਆਂ ਗਈਆਂ ਹਨ:

* ਜੇਕਰ ਕੋਈ ਵਿਅਕਤੀ ਧਾਰਮਿਕ ਸਥਾਨ, ਸਕੂਲ, ਕਮਿਊਨਿਟੀ ਸੈਂਟਰ ਜਾਂ ਕਿਸੇ ਵੀ ਇੱਕ ਭਾਈਚਾਰੇ ਦੇ ਵਰਤੋਂ ਵਾਲੀ ਥਾਂ ਉੱਤੇ ਪਹੁੰਚਣ ਵਾਲਿਆਂ ਨੂੰ ਡਰਾਵੇ ਤਾਂ ਇਹ ਅਪਰਾਧ ਮੰਨਿਆ ਜਾਵੇਗਾ। ਇਸ ਲਈ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸੇ ਤਰ੍ਹਾਂ ਥਾਵਾਂ ਉੱਤੇ ਪਹੁੰਚਣ ਵਾਲਿਆਂ ਦਾ ਰਾਹ ਰੋਕਣਾ ਵੀ ਅਪਰਾਧ ਹੋਵੇਗਾ।

* ਕਿਸੇ ਗਰੁੱਪ ਜਾਂ ਕੌਮ ਨੂੰ ਘਿਰਣਾ ਜਾਂ ਨਫ਼ਰਤ ਨਾਲ ਵੇਖਣਾ ਅਪਰਾਧ ਮੰਨਿਆ ਜਾਵੇਗਾ।

* ਇਸ ਕਨੂੰਨ ਤਹਿਤ ਜਨਤਕ ਥਾਵਾਂ ਉੱਤੇ ਉਨ੍ਹਾਂ ਚਿੰਨ੍ਹਾਂ ਜਾਂ ਪ੍ਰਤੀਕਾਂ ਦਾ ਪ੍ਰਦਰਸ਼ਨ ਅਪਰਾਧ ਮੰਨਿਆ ਜਾਵੇਗਾ ਜੋ ਟੈਰਰਿਸਟ ਆਰਗੇਨਾਈਜ਼ੇਸ਼ਨਾਂ ਨਾਲ ਜੁੜੇ ਹੋਣ ਅਤੇ ਇਸ ਨਾਲ ਨਫ਼ਰਤ ਫੈਲਾਉਣ ਦਾ ਇਰਾਦਾ ਹੋਵੇ। ਇਸ ਵਿੱਚ ਬੈਨਡ ਖਾਲਿਸਤਾਨੀ ਗਰੁੱਪਾਂ ਦੇ ਚਿੰਨ੍ਹ, ਜਿਵੇਂ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ, ਸਿੱਖ ਯੂਥ ਫੈਡਰੇਸ਼ਨ, ਨਾਜ਼ੀ ਹੈਕਨਕ੍ਰਾਊਜ਼ (ਸਵਾਸਤਿਕਾ ਦਾ ਨਾਜ਼ੀ ਰੂਪ), ਐੱਸਐੱਸ ਬੋਲਟਸ ਆਦਿ ਦੇ ਝੰਡੇ ਅਤੇ ਪ੍ਰਤੀਕ ਸ਼ਾਮਲ ਹਨ ਹਾਲਾਂਕਿ ਸਿੱਖ ਧਰਮ ਦੇ ਪਵਿੱਤਰ




ਚਿੰਨ੍ਹ (ਜਿਵੇਂ ਖੰਡਾ) ਇਸ ਦੇ ਘੇਰੇ ਵਿੱਚ ਨਹੀਂ ਆਉਂਦੇ। ਇਸ ਧਾਰਾ ਵਿੱਚ ਇੱਕ ਮਹੱਤਵਪੂਰਨ ਗੱਲ ਇਹ ਹੈ ਕਿ ਸਿਰਫ਼ ਕਿਸੇ ਚਿੰਨ੍ਹ ਦਾ ਤੁਹਾਡੇ ਕੋਲ ਹੋਣਾ ਤੁਹਾਨੂੰ ਮੁਜਰਮ ਨਹੀਂ ਬਣਾਉਂਦਾ। ਇਸ ਲਈ ਜਾਣ ਬੁਝਕੇ ਨਫ਼ਰਤ ਫੈਲਾਉਣ ਦਾ ਇਰਾਦਾ ਸਾਬਤ ਹੋਣਾ ਲਾਜ਼ਮੀ ਹੈ। ਸਿੱਖਿਆ, ਇਤਿਹਾਸ ਜਾਂ ਧਾਰਮਿਕ ਉਦੇਸ਼ ਲਈ ਵਰਤਣ ਉੱਤੇ ਛੋਟ ਹੋ ਸਕਦੀ ਹੈ। ਜੇਕਰ ਕੋਈ ਇਤਿਹਾਸਕਾਰ ਕਿਸੇ ਕਿਤਾਬ ਵਿੱਚ ਉਹ ਚਿੰਨ੍ਹ ਦਿਖਾਉਂਦਾ ਹੈ, ਜਾਂ ਕੋਈ ਅਜਾਇਬ ਘਰ ਵਿੱਚ ਇਤਿਹਾਸ ਦੱਸਣ ਲਈ ਉਸ ਦੀ ਵਰਤੋਂ ਕਰਦਾ ਹੈ, ਤਾਂ ਉਹ ਅਪਰਾਧ ਨਹੀਂ ਮੰਨਿਆ ਜਾਵੇਗਾ। ਇਸ ਧਾਰਾ ਦਾ ਮਤਲਬ ਹੈ ਕਿ ਅਦਾਲਤ ਵਿੱਚ ਪੁਲਿਸ ਵੱਲੋਂ ਇਹ ਸਾਬਤ ਕਰਨਾ ਪਵੇਗਾ ਕਿ ਤੁਹਾਡਾ ਇਰਾਦਾ ਨਫ਼ਰਤ ਫੈਲਾਉਣ ਦਾ ਸੀ।

ਇਸ ਤੋਂ ਇਲਾਵਾ ਬਿੱਲ ਨਾਲ ਹੇਟ ਪ੍ਰੋਪਗੈਂਡਾ ਉੱਤੇ ਚਾਰਜ ਲਗਾਉਣ ਲਈ ਅਟਾਰਨੀ ਜਨਰਲ ਦੀ ਇਜਾਜ਼ਤ ਵਾਲੀ ਪੁਰਾਣੀ ਲੋੜ ਵੀ ਖਤਮ ਕਰ ਦਿੱਤੀ ਗਈ ਹੈ। ਇਸ ਨਾਲ ਪੁਲਿਸ ਅਤੇ ਅਦਾਲਤਾਂ ਨੂੰ ਤੇਜ਼ੀ ਨਾਲ ਕਾਰਵਾਈ ਕਰਨ ਵਿੱਚ ਆਸਾਨੀ ਹੋਵੇਗੀ।

ਕੈਨੇਡਾ ਦੇ ਕਾਨੂੰਨ ਵਿੱਚ ਇੱਕ ਧਾਰਾ ਸੀ, ਜੋ 1970 ਤੋਂ ਚੱਲ ਰਹੀ ਸੀ। ਇਹ ਧਾਰਾ ਧਾਰਮਿਕ ਲੋਕਾਂ ਲਈ ਇੱਕ ਸੁਰੱਖਿਆ ਕਵਚ ਸੀ। ਜੇਕਰ ਕੋਈ ਵਿਅਕਤੀ ਆਪਣੀ ਕਿਸੇ ਧਾਰਮਿਕ ਕਿਤਾਬ ਜਾਂ ਸਿਧਾਂਤ ਦਾ ਹਵਾਲਾ ਦੇ ਕੇ ਕੋਈ ਅਜਿਹੀ ਗੱਲ ਕਹਿੰਦਾ ਸੀ ਜੋ ਕਿਸੇ ਨੂੰ ਚੁਭਦੀ ਹੋਵੇ, ਤਾਂ ਉਸ ਉੱਤੇ ਨਫ਼ਰਤੀ ਭਾਸ਼ਣ ਦਾ ਕੇਸ ਨਹੀਂ ਸੀ ਬਣ ਸਕਦਾ। ਅਦਾਲਤ ਮੰਨਦੀ ਸੀ ਕਿ ਇਹ ਵਿਅਕਤੀ ਸਿਰਫ਼ ਆਪਣੇ ਧਰਮ ਦਾ ਪ੍ਰਚਾਰ ਕਰ ਰਿਹਾ ਹੈ, ਨਫ਼ਰਤ ਨਹੀਂ ਫੈਲਾ ਰਿਹਾ। ਲਿਬਰਲ ਸਰਕਾਰ ਨੇ ਵੋਟਾਂ ਦੀ ਖੇਡ ਵਿੱਚ ਬਲਾਕ ਕਿਊਬੇਕੋਇਸ ਪਾਰਟੀ ਦੀ ਸ਼ਰਤ ਮੰਨ ਲਈ ਅਤੇ ਇਸ ਢਾਲ ਨੂੰ ਹੀ ਖ਼ਤਮ ਕਰ ਦਿੱਤਾ। ਹੁਣ ਜੇਕਰ ਕੋਈ ਪ੍ਰਚਾਰਕ ਆਪਣੇ ਧਾਰਮਿਕ ਗ੍ਰੰਥਾਂ ਦੀ ਕੋਈ ਅਜਿਹੀ ਗੱਲ ਲੋਕਾਂ ਵਿੱਚ ਸਾਂਝੀ ਕਰਦਾ ਹੈ ਜਿਸ ਨੂੰ ਕੋਈ ਹੋਰ ਸਮੂਹ (ਜਿਵੇਂ ਕਿ ਸਮਲਿੰਗੀ ਜਾਂ ਕੋਈ ਖਾਸ ਨਸਲ) ਆਪਣੇ ਵਿਰੁੱਧ ‘ਨਫ਼ਰਤ’ ਮੰਨ ਲਵੇ, ਤਾਂ ਉਸ ਪ੍ਰਚਾਰਕ ’ਤੇ ਸਿੱਧਾ ਕੇਸ ਚੱਲ ਸਕਦਾ ਹੈ। ਹੁਣ ਅਦਾਲਤ ਇਹ ਨਹੀਂ ਕਹੇਗੀ ਕਿ ‘ਇਹ ਤਾਂ ਧਾਰਮਿਕ ਕਿਤਾਬ ਵਿੱਚ ਲਿਖਿਆ ਹੈ,’ ਸਗੋਂ ਉਹ ਇਹ ਦੇਖੇਗੀ ਕਿ ਕੀ ਇਸ ਗੱਲ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਬਲਾਕ ਕਿਊਬੇਕੋਇਸ ਪਾਰਟੀ ਦਾ ਮੰਨਣਾ ਸੀ ਕਿ ਕਈ ਕੱਟੜਪੰਥੀ ਲੋਕ ਧਰਮ ਦਾ ਬਹਾਨਾ ਬਣਾ ਕੇ ਦੂਜਿਆਂ ਵਿਰੁੱਧ ਜ਼ਹਿਰ ਉਗਲਦੇ ਹਨ। ਉਨ੍ਹਾਂ ਮੁਤਾਬਕ ਇਹ ਧਾਰਾ ਹੋਮੋਫੋਬੀਆ (ਸਮਲਿੰਗੀਆਂ ਵਿਰੁੱਧ ਨਫ਼ਰਤ), ਰੇਸਿਜ਼ਮ (ਨਸਲਵਾਦ) ਅਤੇ ਐਂਟੀਸੈਮੀਟਿਜ਼ਮ (ਯਹੂਦੀ ਵਿਰੋਧ) ਫੈਲਾਉਣ ਵਾਲਿਆਂ ਲਈ ਇੱਕ ਲੁਕਵੀਂ ਢਾਲ ਬਣ ਗਈ ਸੀ। ਇਸ ਲਈ ਉਨ੍ਹਾਂ ਨੇ ਇਸ ਢਾਲ ਨੂੰ ਹੀ ਤੋੜ ਦਿੱਤਾ। ਨਿਆਂ ਮੰਤਰੀ ਸੀਨ ਫਰੇਜ਼ਰ ਨੇ ਕਿਹਾ, ਇਹ ਬਿੱਲ ਨਫ਼ਰਤੀ ਵਿਵਹਾਰ ਨੂੰ ਟਾਰਗੇਟ ਕਰਦਾ ਹੈ, ਨਾ ਕਿ ਧਾਰਮਿਕ ਆਜ਼ਾਦੀ ਨੂੰ। ਅਸੀਂ ਚੰਗੀ ਨੀਅਤ ਵਾਲੀ ਧਾਰਮਿਕ ਚਰਚਾ ਨੂੰ ਸੁਰੱਖਿਅਤ ਰੱਖਾਂਗੇ।

ਪਰ ਵਿਰੋਧੀਆਂ ਨੇ ਇਸ ਨੂੰ ਧਾਰਮਿਕ ਆਜ਼ਾਦੀ ਉੱਤੇ ਹਮਲਾ ਕਿਹਾ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਨਾਲ ਧਾਰਮਿਕ ਗ੍ਰੰਥਾਂ ਦੀਆਂ ਕੁਝ ਗੱਲਾਂ ਨੂੰ ਵੀ ਨਫ਼ਰਤ ਭਰਿਆ ਕਹਿ ਕੇ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਇਸਾਈ ਅਤੇ ਧਾਰਮਿਕ ਭਾਈਚਾਰਾ ਵਿਰੋਧੀ: ਈਵੈਂਜਲੀਕਲ ਫੈਲੋਸ਼ਿਪ ਆਫ ਕੈਨੇਡਾ, ਕੈਥੋਲਿਕ ਰਜਿਸਟਰ ਅਤੇ ਚਰਚ ਆਫ ਜੀਸਸ ਕ੍ਰਾਈਸਟ ਆਫ ਲੈਟਰ ਡੇ ਸੇਂਟਸ ਵਰਗੀਆਂ ਗਰੁੱਪਾਂ ਚਿੰਤਤ ਹਨ। ਉਨ੍ਹਾਂ ਕਿਹਾ ਕਿ ਧਾਰਮਿਕ ਛੋਟ ਖਤਮ ਹੋਣ ਨਾਲ ਬਾਈਬਲ ਉੱਤੇ ਆਧਾਰਿਤ ਭਾਸ਼ਣ – ਖਾਸ ਕਰਕੇ ਸਮਲਿੰਗਤਾ, ਲਿੰਗ ਅਤੇ ਨੈਤਿਕਤਾ ਬਾਰੇ – ਨਫ਼ਰਤ ਵਜੋਂ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਧਰਮੀ ਲੋਕਾਂ ਉੱਤੇ ਚਾਰਜ ਲੱਗਣ ਦਾ ਖਤਰਾ ਵਧ ਜਾਵੇਗਾ। ਇੱਕ ਇਸਾਈ ਆਗੂ ਨੇ ਕਿਹਾ, ਇਹ ਚੰਗੀ ਨੀਅਤ ਵਾਲੀ ਧਾਰਮਿਕ ਚਰਚਾ ਨੂੰ ਅਪਰਾਧ ਬਣਾ ਸਕਦਾ ਹੈ।

ਇੰਡੋ-ਕੈਨੇਡੀਅਨ ਅਤੇ ਯਹੂਦੀ ਭਾਈਚਾਰਾ ਇਸ ਬਿੱਲ ਨੂੰ ਵੱਡੀ ਜਿੱਤ ਵਜੋਂ ਵੇਖ ਰਹੇ ਹਨ। ਹਿੰਦੂ ਕੈਨੇਡੀਅਨ ਫਾਊਂਡੇਸ਼ਨ ਅਤੇ ਸੀਆਈਜੇਏ (ਯਹੂਦੀ ਗਰੁੱਪ) ਨੇ ਇਸ ਨੂੰ ਤਾਜ਼ਾ ਕਦਮ ਮੰਨਿਆ। ਉਨ੍ਹਾਂ ਕਿਹਾ ਕਿ ਇਸ ਨਾਲ ਐਂਟੀ-ਹਿੰਦੂਫੋਬੀਆ ਅਤੇ ਐਂਟੀਸੈਮੀਟਿਜ਼ਮ ਵਧਣ ਤੋਂ ਰੋਕਿਆ ਜਾ ਸਕੇਗਾ।

(ਬਾਕੀ ਸਫ਼ਾ 26 ’ਤੇ)

# ਕੈਨੇਡਾ ਵਿੱਚ ਧਾਰਮਿਕ ਚਿੰਨ੍ਹਾਂ ’ਤੇ ਪਾਬੰਦੀ ਨੇ ਸੰਵਿਧਾਨਕ ਬਹਿਸ ਛੇੜੀ

## ਸਿੱਖ ਅਧਿਆਪਕ ਅੰਮ੍ਰਿਤ ਕੌਰ ਵੱਲੋਂ ‘ਬਿੱਲ 21’ ਨੂੰ ਚੁਣੌਤੀ

## ਸਿੱਖਾਂ ਸਣੇ ਘੱਟ ਗਿਣਤੀ ਭਾਈਚਾਰਿਆਂ ’ਤੇ ਵਿਤਕਰੇ ਦਾ ਖ਼ਤਰਾ

ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਇਸ ਹਫ਼ਤੇ ਸ਼ੁਰੂ ਹੋਈ ਚਾਰ ਦਿਨਾਂ ਦੀ ਇਤਿਹਾਸਕ ਸੁਣਵਾਈ ਨੇ ਦੇਸ਼ ਭਰ ਵਿੱਚ ਧਾਰਮਿਕ ਆਜ਼ਾਦੀ, ਰਾਜ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਅਧਿਕਾਰਾਂ ਦੀ ਬਹਿਸ ਨੂੰ ਨਵੀਂ ਉਚਾਈ ਤੱਕ ਪਹੁੰਚਾ ਦਿੱਤਾ ਹੈ। ਇਸ ਵਿਵਾਦ ਦਾ ਕੇਂਦਰ ਹੈ ਕਿਊਬੈਕ ਦਾ ਬਿਲ 21, ਜਿਸ ਨੇ ਸਰਕਾਰੀ ਨੌਕਰੀਆਂ ਵਿੱਚ ਧਾਰਮਿਕ ਚਿੰਨ੍ਹਾਂ – ਜਿਵੇਂ ਸਿੱਖਾਂ ਦੀ ਦਸਤਾਰ ਅਤੇ ਕਿਰਪਾਨ, ਮੁਸਲਿਮ ਔਰਤਾਂ ਦਾ ਹਿਜਾਬ, ਯਹੂਦੀਆਂ ਦੀ ਕਿੱਪਾਹ ਅਤੇ ਈਸਾਈਆਂ ਦਾ ਕਰਾਸ – ’ਤੇ ਪਾਬੰਦੀ ਲਗਾਈ ਹੈ। ਇੱਕ ਸਿੱਖ ਅਧਿਆਪਕਾ ਅੰਮ੍ਰਿਤ ਕੌਰ ਵੱਲੋਂ ਇਸ ਬਿਲ ਨੂੰ ਚੁਣੌਤੀ ਦੇਣ ਨਾਲ ਮਾਮਲਾ ਹੁਣ ਲੋਕਤੰਤਰੀ ਸੰਤੁਲਨ ਦੀ ਕਸੌਟੀ ਬਣ ਗਿਆ ਹੈ।

ਸਿੱਖ ਜਥੇਬੰਦੀਆਂ, ਖਾਸ ਕਰਕੇ ਵਰਲਡ ਸਿੱਖ ਆਰਗਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂ.ਐੱਸ.ਓ.), ਨੇ ਇਸ ਬਿਲ ਨੂੰ ‘ਧਰਮ ਅਤੇ ਪਛਾਣ ਉੱਤੇ ਸਿੱਧਾ ਹਮਲਾ’ ਦੱਸਿਆ ਹੈ। ਉਨ੍ਹਾਂ ਦਾ ਪੱਖ ਇਹ ਹੈ ਕਿ ਦਸਤਾਰ ਅਤੇ ਕਿਰਪਾਨ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਅਨਿੱਖੜਵੇ ਹਿੱਸੇ ਹਨ ਅਤੇ ਇਨ੍ਹਾਂ ਨੂੰ ਹਟਾਉਣਾ ਧਰਮ ਨੂੰ ਤਿਆਗਣ ਵਰਗਾ ਹੈ। ਇਸ ਬਹਿਸ ਨੇ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਪ੍ਰਭਾਵਿਤ ਕੀਤਾ ਹੈ, ਬਲਕਿ ਮੁਸਲਿਮ, ਯਹੂਦੀ ਅਤੇ ਹੋਰ ਘੱਟ ਗਿਣਤੀ ਸਮੂਹਾਂ ਨੂੰ ਵੀ ਚਿੰਤਤ ਕਰ ਦਿੱਤਾ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਇਸ ਫ਼ੈਸਲੇ ਦਾ ਅਸਰ ਸਿਰਫ਼ ਕਿਊਬੈਕ ਤੱਕ ਸੀਮਤ ਨਹੀਂ ਰਹੇਗਾ ਬਲਕਿ ਪੂਰੇ ਕੈਨੇਡਾ ਵਿੱਚ ਧਾਰਮਿਕ ਪ੍ਰਗਟਾਵੇ ਅਤੇ ਸਰਕਾਰੀ ਅਧਿਕਾਰਾਂ ਦੀ ਹੱਦ ਤੈਅ ਕਰੇਗਾ।

‘ਬਿੱਲ 21’ ਕੀ ਹੈ ਅਤੇ ਇਸ ਨੇ ਕਿਉਂ ਵਿਵਾਦ ਖੜ੍ਹਾ ਕੀਤਾ ?

‘ਬਿੱਲ 21’, ਜਿਸ ਨੂੰ ਰਸਮੀ ਤੌਰ ’ਤੇ ‘ਐਨ ਐਕਟ ਰਿਸਪੈਕਟਿੰਗ ਲਾਈਸਿਟੀ ਆਫ਼ ਦਿ ਸਟੇਟ’ ਕਿਹਾ ਜਾਂਦਾ ਹੈ, 2019 ਵਿੱਚ ਕਿਊਬੈਕ ਦੀ ਸੱਤਾਧਾਰੀ ਗਠਜੋੜ ਅਵੇਨੀਰ ਕਿਊਬੈਕ (ਸੀਏਕਿਊ) ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ। ਇਸ ਕਾਨੂੰਨ ਤਹਿਤ ਜੱਜਾਂ, ਪੁਲਿਸ ਅਧਿਕਾਰੀਆਂ, ਅਧਿਆਪਕਾਂ, ਸਕੂਲ ਪ੍ਰਿੰਸੀਪਲਾਂ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਕੰਮ ਦੌਰਾਨ ਧਾਰਮਿਕ ਚਿੰਨ੍ਹ ਪਹਿਨਣ ਤੋਂ ਰੋਕਿਆ ਗਿਆ ਹੈ। ਫਰਾਂਸ ਵਾਂਗ ਕਿਊਬੈਕ ਵਿੱਚ ਲੈਸਿਤੇ (ਧਰਮ ਨਿਰਪੱਖਤਾ) ਰਾਜ ਦੀ ਪਛਾਣ ਦਾ ਕੇਂਦਰੀ ਹਿੱਸਾ ਹੈ। ਇਸ ਦੇ ਸਮਰਥਕਾਂ ਅਨੁਸਾਰ ਇਹ ਸਟੇਟ ਅਤੇ ਚਰਚ ਵਿਚਾਲੇ ਵੱਖਰੀਆਂ ਲੀਹਾਂ ਖਿੱਚਣ ਵੱਲ ਇੱਕ ਠੀਕ ਕਦਮ ਹੈ।

ਪਰ ਵਿਰੋਧੀ ਇਸ ਨੂੰ ਵਿਤਕਰੇ ਵਾਲਾ ਅਤੇ ਘੱਟ ਗਿਣਤੀਆਂ ਵਿਰੋਧੀ ਮੰਨਦੇ ਹਨ। ਇਸ ਕਾਨੂੰਨ ਵਿੱਚ ਖਾਸ ਤੌਰ ’ਤੇ ਮੁਸਲਿਮ ਔਰਤਾਂ ਦਾ ਹਿਜਾਬ, ਸਿੱਖਾਂ ਦੀ ਦਸਤਾਰ ਅਤੇ ਕਿਰਪਾਨ ਨਿਸ਼ਾਨਾ ਬਣ ਰਿਹਾ ਹੈ। ਇਸ ਨੂੰ ਅਦਾਲਤੀ ਚੁਣੌਤੀਆਂ ਤੋਂ ਬਚਾਉਣ ਲਈ ਸਰਕਾਰ ਨੇ ਕੈਨੇਡਾ ਸੰਵਿਧਾਨ ਦੀ ਧਾਰਾ 33



– ਨੌਟਵਿਥਸਟੈਂਡਿੰਗ ਕਲੌਜ਼ – ਦਾ ਸਹਾਰਾ ਲਿਆ। ਇਹ ਕਲੌਜ਼ ਸਰਕਾਰਾਂ ਨੂੰ ਧਰਮ ਦੀ ਆਜ਼ਾਦੀ, ਬਿਆਨਬਾਜ਼ੀ ਅਤੇ ਸਮਾਨਤਾ ਦੇ ਅਧਿਕਾਰਾਂ ਨੂੰ ਅਣਗੌਲਿਆਂ ਕਰਨ ਦੀ ਆਗਿਆ ਦਿੰਦਾ ਹੈ। ਇਹ ਪੰਜ ਸਾਲ ਲਈ ਲਾਗੂ ਹੁੰਦਾ ਹੈ ਅਤੇ ਮੁੜ ਲਾਗੂ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਕਾਂਸਟਿਟਿਊਸ਼ਨ ਫਾਊਂਡੇਸ਼ਨ ਦੀ ਐਗਜ਼ਿਕਿਊਟਿਵ ਡਾਇਰੈਕਟਰ ਕ੍ਰਿਸਟੀਨ ਵੈਨ ਗੇਨ ਨੇ ਇਸ ਮਾਮਲੇ ਨੂੰ ‘ਇੱਕ ਪੀੜ੍ਹੀ ਵਿੱਚ ਸਭ ਤੋਂ ਮਹੱਤਵਪੂਰਨ ਸੰਵਿਧਾਨਕ ਮਾਮਲਾ’ ਦੱਸਿਆ। ਉਨ੍ਹਾਂ ਅਨੁਸਾਰ ਇਸ ਫ਼ੈਸਲੇ ਨਾਲ ਰਾਸ਼ਟਰੀ ਏਕਤਾ ਅਤੇ ਅਦਾਲਤਾਂ ਤੇ ਚੁਣੇ ਗਏ ਨੁਮਾਇੰਦਿਆਂ ਵਿਚਕਾਰ ਸੰਤੁਲਨ ਦੀ ਪਰਖ ਹੋਵੇਗੀ।

ਸਿੱਖ ਅਧਿਆਪਕਾ ਅੰਮ੍ਰਿਤ ਕੌਰ ਦੀ ਲੜਾਈ

ਇਸ ਵਿਵਾਦ ਦਾ ਇੱਕ ਮੁੱਖ ਚਿਹਰਾ ਹੈ ਅੰਮ੍ਰਿਤ ਕੌਰ, ਇੱਕ ਸਿੱਖ ਅਧਿਆਪਕਾ ਜੋ ਕਿਊਬੈਕ ਵਿੱਚ ਪਲੀ-ਵੱਡੀ ਹੋਈ ਸੀ। 2021 ਵਿੱਚ ਉਨ੍ਹਾਂ ਨੇ ਆਨਲਾਈਨ ਲਿਖਿਆ ਸੀ ਕਿ ਬਿਲ 21 ਨੇ ਉਨ੍ਹਾਂ ਦੇ ਭਵਿੱਖ ਨੂੰ ‘ਚਕਨਾਚੂਰ’ ਕਰ ਦਿੱਤਾ। ਉਨ੍ਹਾਂ ਨੂੰ ਆਪਣੇ ਧਰਮੀ ਚਿੰਨ੍ਹ ‘ਦਸਤਾਰ ਅਤੇ ਕਿਰਪਾਨ’ ਨੂੰ ਹਟਾਉਣ ਲਈ ਮਜਬੂਰ ਕੀਤਾ ਗਿਆ, ਜਿਸ ਕਰਕੇ ਉਹ ਆਪਣੇ ਸੂਬੇ ਤੋਂ ਬ੍ਰਿਟਿਸ਼ ਕੋਲੰਬੀਆ ਚਲੀ ਗਈਆਂ। ਉਨ੍ਹਾਂ ਦੇ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਇਹ ਚਿੰਨ੍ਹ ‘ਉਨ੍ਹਾਂ ਦੀ ਨਿੱਜੀ ਪਛਾਣ’ ਹਨ ਅਤੇ ਇਨ੍ਹਾਂ ਨੂੰ ਹਟਾਉਣਾ ਉਨ੍ਹਾਂ ਨੂੰ ‘ਆਪਣੇ ਆਪ ਨੂੰ ਤਿਆਗਣ’ ਵਰਗਾ ਹੈ।

ਅੰਮ੍ਰਿਤ ਕੌਰ ਇਸ ਮਾਮਲੇ ਵਿੱਚ ਅਪੀਲ ਕਰਨ ਵਾਲੀਆਂ 13 ਧਿਰਾਂ ਵਿੱਚੋਂ ਇੱਕ ਹਨ। ਉਨ੍ਹਾਂ ਨੇ ਕਿਹਾ ਕਿ ਇਸ ਕਾਨੂੰਨ ਨੇ ਉਨ੍ਹਾਂ ਨੂੰ ‘ਧਾਰਮਿਕ ਸੋਸ਼ਣ’ ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ ਅਤੇ ਉਹ ਆਪਣੇ ਘਰ ਤੋਂ ‘ਸ਼ਰਨਾਰਥੀ ਵਾਂਗ’ ਭੱਜਣ ਲਈ ਮਜਬੂਰ ਹੋਈ ਹੈ। ਇਸ ਨਾਲ ਸਿੱਖ ਭਾਈਚਾਰੇ ਵਿੱਚ ਗੁੱਸਾ ਵਧਿਆ ਹੈ। ਸਿੱਖ ਧਰਮ ਵਿੱਚ ਦਸਤਾਰ ਇੱਕ ਆਨਰ ਅਤੇ ਬਰਾਬਰੀ ਦਾ ਪ੍ਰਤੀਕ ਹੈ ਜਦਕਿ ਕਿਰਪਾਨ ਇਨਸਾਫ਼ ਅਤੇ ਰੱਖਿਆ ਦਾ ਪ੍ਰਤੀਕ ਹੈ। ਇਨ੍ਹਾਂ ਨੂੰ ਬਿਨਾਂ ਵਜ੍ਹਾ ਹਟਾਉਣਾ ਧਰਮ ਨੂੰ ਖਤਮ ਕਰਨ ਵਰਗਾ ਹੈ।

ਸਿੱਖ ਜਥੇਬੰਦੀਆਂ ਦਾ ਪੱਖ

ਵਰਲਡ ਸਿੱਖ ਆਰਗਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂ.ਐੱਸ.ਓ.) ਇਸ ਮਾਮਲੇ ਵਿੱਚ ਮੁੱਖ ਚੁਣੌਤੀਕਰਤਾ ਹੈ। ਉਨ੍ਹਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਬਿਲ 21 ਨਾ ਸਿਰਫ਼ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਦੀ ਉਲੰਘਣਾ ਕਰਦਾ ਹੈ ਬਲਕਿ ਉਨ੍ਹਾਂ ਅਧਿਕਾਰਾਂ ਨੂੰ ਵੀ ਖਤਰਾ ਹੈ ਜੋ ਕੈਨੇਡਾ ਦੀ ਫੈਡਰੇਸ਼ਨ ਤੋਂ ਪਹਿਲਾਂ ਵੀ ਮੌਜੂਦ ਸਨ। ਡਬਲਯੂ.ਐੱਸ.ਓ. ਦੇ ਬੁਲਾਰੇ ਨੇ ਕਿਹਾ, ‘ਸਿੱਖ ਭਾਈਚਾਰਾ ਕੈਨੇਡਾ ਦਾ ਅਨਿੱਖੜਵਾ ਹਿੱਸਾ ਹੈ ਅਤੇ ਉਸ ਦੀਆਂ ਧਾਰਮਿਕ ਆਜ਼ਾਦੀਆਂ ਨੂੰ ਰਾਜ ਧਰਮ ਨਿਰਪੱਖਤਾ ਦੇ ਨਾਂਅ ’ਤੇ ਖ਼ਤਮ ਨਹੀਂ, ਕੀਤਾ ਜਾ ਸਕਦਾ। ਇਹ ਬਿਲ ਸਿੱਖਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਕਿਉਂਕਿ ਦਸਤਾਰ ਅਤੇ ਕਿਰਪਾਨ ਉਨ੍ਹਾਂ ਦੀ ਨਿੱਜੀ ਅਤੇ ਧਾਰਮਿਕ ਪਛਾਣ ਹਨ।’

ਹੋਰ ਸਿੱਖ ਜਥੇਬੰਦੀਆਂ ਜਿਵੇਂ ਸਿੱਖ ਕਾਲੀਜ ਆਫ਼ ਕੈਨੇਡਾ ਅਤੇ ਕੈਨੇਡੀਅਨ ਸਿੱਖ ਐਸੋਸੀਏਸ਼ਨ ਨੇ ਵੀ ਇਸ ਬਿਲ ਦਾ ਵਿਰੋਧ ਕੀਤਾ ਹੈ। ਡਬਲਯੂ.ਐੱਸ.ਓ. ਨੇ ਕਿਹਾ ਕਿ ਇਹ ਬਿਲ ‘ਮਲਟੀਕਲਚਰਲਿਜ਼ਮ ਅਤੇ ਇਨਕਲੂਜ਼ਨ’ ਦੀਆਂ ਕੈਨੇਡੀਅਨ ਕਦਰਾਂ ਨੂੰ ਚੁਣੌਤੀ ਦਿੰਦਾ ਹੈ। ਉਨ੍ਹਾਂ ਨੇ ਅਪੀਲ ਕੀਤੀ ਕਿ ਸੁਪਰੀਮ ਕੋਰਟ ਨੌਟਵਿਥਸਟੈਂਡਿੰਗ ਕਲੌਜ਼ ਦੀ ਵਰਤੋਂ ’ਤੇ ਸੀਮਾਵਾਂ ਲਗਾਵੇ ਤਾਂ ਜੋ ਇਸ ਨੂੰ ‘ਬਲੈਂਕ ਚੈੱਕ’ ਵਜੋਂ ਨਾ ਵਰਤਿਆ ਜਾ ਸਕੇ।

(ਬਾਕੀ ਸਫ਼ਾ 26 ’ਤੇ)

# ਜੰਗ ਦੀ ਮਾਰ: ਵਿਸ਼ਵ ਦੀ ਆਰਥਿਕਤਾ ਤਬਾਹੀ ਵੱਲ, ਭੁੱਖਮਰੀ, ਸਿਹਤ ਸੰਕਟ ਗਹਿਰਾਇਆ

## ਕਾਰਪੋਰੇਟ ਤੇ ਮੁਨਾਫ਼ਾਖੋਰੀ ਦਾ ਕੀ ਹੈ ਘਿਣਾਉਣਾ ਸੱਚ ?

## ਵਿਸ਼ਵ 'ਤੇ ਮੰਡਰਾ ਰਿਹੈ ਮਨੁੱਖੀ ਇਤਿਹਾਸ ਦਾ ਸਭ ਤੋਂ ਵੱਡਾ ਊਰਜਾ ਸੰਕਟ

## ਵਿਸ਼ਵ ਭੋਜਨ ਪ੍ਰੋਗਰਾਮ ਦੀ ਰਿਪੋਰਟ ਅਨੁਸਾਰ 2026 ਦੇ ਅੱਧ ਤੱਕ 4.5 ਕਰੋੜ ਲੋਕ ਹੋ ਸਕਦੇ ਨੇ ਭੁੱਖਮਰੀ ਦਾ ਸ਼ਿਕਾਰ

2026 ਵਿੱਚ ਅਮਰੀਕਾ-ਇਜ਼ਰਾਇਲ ਅਤੇ ਇਰਾਨ ਦਰਮਿਆਨ ਵਧਦੇ ਤਣਾਅ ਨੇ ਵਿਸ਼ਵ ਨੂੰ ਇੱਕ ਅਜਿਹੀ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਮਨੁੱਖੀ ਜਾਨਾਂ ਦੀ ਕੀਮਤ ਤੇਲ ਦੇ ਬੈਰਲਾਂ ਅਤੇ ਕਾਰਪੋਰੇਟ ਮੁਨਾਫ਼ਿਆਂ ਦੇ ਸਾਹਮਣੇ ਦਮ ਤੋੜਦੀ ਨਜ਼ਰ ਆ ਰਹੀ ਹੈ। ਇਹ ਸਿਰਫ਼ ਦੋ ਦੇਸ਼ਾਂ ਦੀ ਜੰਗ ਨਹੀਂ, ਸਗੋਂ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ 'ਊਰਜਾ ਅਤੇ ਭੋਜਨ ਸੰਕਟ' ਦਾ ਆਗਾਜ਼ ਹੈ। ਵਿਸ਼ਵ ਭੋਜਨ ਪ੍ਰੋਗਰਾਮ ਦੀ ਤਾਜ਼ਾ ਰਿਪੋਰਟ ਰੂਹ ਕੰਬਾਊ ਹੈ। ਹੋਰਮੁਜ਼ ਦੀ ਜਲਡਮਰੂ ਦੇ ਪ੍ਰਭਾਵੀ ਤੌਰ 'ਤੇ ਬੰਦ ਹੋਣ ਨਾਲ ਸਿਰਫ਼ ਤੇਲ ਹੀ ਨਹੀਂ, ਸਗੋਂ ਦੱਖਣੀ-ਪੂਰਬੀ ਏਸ਼ੀਆ ਤੋਂ ਆਉਣ ਵਾਲੇ ਜੀਵਨ-ਰੱਖਿਅਕ ਅਨਾਜ (ਚੌਲ, ਮੱਕੀ, ਸੋਇਆਬੀਨ) ਦੀ ਸਪਲਾਈ ਲੀਹੋਂ ਲੱਥ ਗਈ ਹੈ। 2026 ਦੇ ਅੱਧ ਤੱਕ 4.5 ਕਰੋੜ ਹੋਰ ਲੋਕ ਭਿਆਨਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ। ਦਵਾਈਆਂ ਦੀ ਕਿੱਲਤ ਅਤੇ ਸਪਲਾਈ ਚੇਨ ਟੁੱਟਣ ਕਾਰਨ ਗਰੀਬ ਮੁਲਕਾਂ ਵਿੱਚ ਸਿਹਤ ਢਾਂਚਾ ਵੈਂਟੀਲੇਟਰ 'ਤੇ ਹੈ।

ਰੂਸੀ ਰਾਸ਼ਟਰਪਤੀ ਪੁਤਿਨ ਦੇ ਦੂਤ ਕਿਰਿਲ ਦਮਿਤਰੀਵ ਨੇ ਚੇਤਾਵਨੀ ਦਿੱਤੀ ਹੈ ਕਿ ਕੱਚਾ ਤੇਲ 150 ਡਾਲਰ ਤੋਂ 200 ਡਾਲਰ ਪ੍ਰਤੀ ਬੈਰਲ ਤੱਕ ਜਾ ਸਕਦਾ ਹੈ। ਰੂਸੀ ਰਾਸ਼ਟਰਪਤੀ ਪੁਤਿਨ ਨੇ ਇਸ ਸਥਿਤੀ ਦੀ ਤੁਲਨਾ 2020 ਦੇ ਕੋਵਿਡ ਦੌਰ ਨਾਲ ਕੀਤੀ ਹੈ। ਕਈ ਦੇਸ਼ਾਂ ਵਿੱਚ 'ਵਰਕ ਫ਼ਰਾਮ ਹੋਮ' ਅਤੇ ਬਿਜਲੀ ਦੀ ਰਾਸ਼ਨਿੰਗ ਸ਼ੁਰੂ ਹੋ ਚੁੱਕੀ ਹੈ, ਜਿਸ ਨੂੰ 'ਊਰਜਾ ਲੌਕਡਾਊਨ' ਕਿਹਾ ਜਾ ਰਿਹਾ ਹੈ।




ਹੋਰਮੁਜ਼ ਦਾ 'ਟੋਲ ਬੂਥ' ਅਤੇ ਭੂ-ਰਾਜਨੀਤੀ-ਇਰਾਨ ਨੇ ਰਣਨੀਤਕ ਚਾਲ ਚੱਲਦਿਆਂ ਹੋਰਮੁਜ਼ ਦੀ ਖਾੜੀ 'ਤੇ 'ਵੈਟਿੰਗ ਸਿਸਟਮ' (ਗ਼ੈਰ-ਰਸਮੀ ਟੈਕਸ) ਲਗਾ ਦਿੱਤਾ ਹੈ। ਇਰਾਨ ਨੇ ਭਾਰਤ, ਚੀਨ, ਰੂਸ, ਇਰਾਕ ਅਤੇ ਪਾਕਿਸਤਾਨ ਦੇ ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਹੈ, ਜਦਕਿ ਪੱਛਮੀ ਦੇਸ਼ਾਂ ਲਈ ਰਸਤਾ ਬੰਦ ਹੈ। ਹਾਲਾਂ ਕਿ ਯੂ.ਐਨ.ਓ. ਦੇ 'ਲਾਅ ਆਫ਼ ਦ ਸੀ' ਮੁਤਾਬਕ ਇਹ ਗੈਰ-ਕਾਨੂੰਨੀ ਹੈ, ਪਰ ਈਰਾਨ ਇਸ ਨੂੰ ਆਪਣੀ ਸੁਰੱਖਿਆ ਫ਼ੀਸ ਦੱਸ ਰਿਹਾ ਹੈ।

ਕਾਰਪੋਰੇਟ ਤੇ ਮੁਨਾਫ਼ਾਖੋਰੀ ਦਾ ਘਿਣਾਉਣਾ ਸੱਚ-ਜਿੱਥੇ ਆਮ ਜਨਤਾ ਮਹਿੰਗਾਈ ਨਾਲ ਪਿਸ ਰਹੀ ਹੈ, ਉੱਥੇ ਹੀ ਵੱਡੀਆਂ ਊਰਜਾ ਅਤੇ ਖਾਦ ਕੰਪਨੀਆਂ ਇਸ ਅਨਿਸ਼ਚਿਤਤਾ ਦਾ ਫ਼ਾਇਦਾ ਉਠਾ ਕੇ ਅਰਬਾਂ ਰੁਪਏ ਕਮਾ ਰਹੀਆਂ ਹਨ। ਤੇਲ ਦੀਆਂ ਕੀਮਤਾਂ ਵਿੱਚ ਨਕਲੀ ਉਛਾਲ ਲਿਆ ਕੇ ਸਟਾਕ ਮਾਰਕੀਟ ਵਿੱਚ ਖੇਡ ਖੇਡੀ ਜਾ ਰਹੀ ਹੈ, ਜਿਸ ਨੂੰ ਕਈ ਮਾਹਿਰਾਂ ਨੇ "ਆਰਥਿਕ ਅੱਤਵਾਦ" ਦਾ ਨਾਮ ਦਿੱਤਾ ਹੈ।

ਭਾਰਤ ਲਈ ਚੁਣੌਤੀਆਂ ਅਤੇ ਸਬਕ-ਭਾਰਤ ਆਪਣਾ 60 ਫ਼ੀਸਦੀ ਤੇਲ ਮੱਧ ਪੂਰਬ ਤੋਂ ਮੰਗਵਾਉਂਦਾ ਹੈ। ਜੇਕਰ ਹਾਰਮੁਜ਼ ਦਾ ਰਸਤਾ ਦੋ-ਤਿੰਨ ਮਹੀਨੇ ਹੋਰ ਬੰਦ ਰਹਿੰਦਾ ਹੈ, ਤਾਂ ਵਿਸ਼ਵ ਮੰਦੀ ਤੈਅ ਹੈ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੋਰਮੁਜ਼ ਦੇ ਰਸਤੇ ਰੋਜ਼ਾਨਾ ਲਗਭਗ 100 ਜਹਾਜ਼ ਲੰਘਦੇ ਸਨ, ਪਰ ਹੁਣ ਇਹ ਗਿਣਤੀ ਘਟ ਕੇ ਇਕਾਈ (ਸਿੰਗਲ ਡਿਜਿਟ) ਤੱਕ ਰਹਿ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਸੰਕਟ ਦੇ ਦਬਾਅ ਹੇਠ ਵਾਸ਼ਿੰਗਟਨ ਨੇ ਰੂਸੀ ਤੇਲ 'ਤੇ ਲਗਾਈਆਂ ਪਾਬੰਦੀਆਂ ਵਿੱਚ ਕੁਝ ਢਿੱਲ ਦਿੱਤੀ ਹੈ। ਯੂਰਪੀ ਸੰਘ ਨੇ ਵੀ ਰੂਸੀ ਤੇਲ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਯੋਜਨਾ ਨੂੰ ਫ਼ਿਲਹਾਲ 'ਠੰਢੇ ਬਸਤੇ' ਵਿੱਚ ਪਾ ਦਿੱਤਾ ਹੈ। ਇਸ ਦੌਰਾਨ, ਰੂਸੀ ਦੂਤ ਨੇ ਸੰਕੇਤ ਦਿੱਤਾ ਹੈ ਕਿ ਰੂਸੀ ਅਤੇ ਅਮਰੀਕੀ ਪ੍ਰਤੀਨਿਧੀਆਂ ਵਿਚਕਾਰ ਜਲਦੀ ਹੀ ਇੱਕ ਅਹਿਮ ਮੀਟਿੰਗ ਹੋ ਸਕਦੀ ਹੈ, ਜੋ ਕਿ ਦੋਵਾਂ ਦੇਸ਼ਾਂ ਦੇ ਤਣਾਅਪੂਰਨ ਸਬੰਧਾਂ ਵਿੱਚ ਇੱਕ ਵੱਡੀ ਤਬਦੀਲੀ ਦਾ ਇਸ਼ਾਰਾ ਹੋ ਸਕਦਾ ਹੈ। (ਬਾਕੀ ਸਫ਼ਾ 26 'ਤੇ)

### ਪੰਜਾਬ ਵਿਸ਼ਵ ਸੰਕਟ ਦਾ ਸਾਹਮਣਾ ਕਿਵੇਂ ਕਰੇ ?

ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਕਾਰਨ ਪੈਦਾ ਹੋਏ ਐੱਲ.ਪੀ.ਜੀ. ਸੰਕਟ ਨੇ ਪੰਜਾਬ ਦੇ ਉਦਯੋਗਿਕ ਗੜ੍ਹ ਲੁਧਿਆਣਾ ਦੇ ਲੋਹਾ ਉਦਯੋਗ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਸਪਲਾਈ ਵਿੱਚ ਆਏ ਵਿਘਨ ਕਾਰਨ ਕਈ ਫ਼ੈਕਟਰੀਆਂ ਆਪਣਾ ਉਤਪਾਦਨ ਘਟਾਉਣ ਲਈ ਮਜਬੂਰ ਹਨ, ਜਿਸ ਦਾ ਸਿੱਧਾ ਅਸਰ ਆਰਥਿਕਤਾ ਅਤੇ ਮਜ਼ਦੂਰਾਂ ਦੀ ਰੋਜ਼ੀ-ਰੋਟੀ 'ਤੇ ਪੈ ਰਿਹਾ ਹੈ। ਲੋਹਾ ਉਦਯੋਗ ਵਿੱਚ ਐੱਲ.ਪੀ.ਜੀ. ਦੀ ਵਰਤੋਂ ਸਿਰਫ਼ ਬਾਲਣ ਵਜੋਂ ਨਹੀਂ, ਸਗੋਂ ਲੋਹੇ ਦੀ ਗੁਣਵੱਤਾ ਸੁਧਾਰਨ ਲਈ ਕੀਤੀ ਜਾਂਦੀ ਹੈ। ਲੁਧਿਆਣਾ ਤੋਂ ਤਿਆਰ ਹੋਇਆ ਲੋਹਾ ਦੇਸ਼ ਦੀਆਂ ਨਾਮਵਰ ਟਰੈਕਟਰ ਕੰਪਨੀਆਂ ਨੂੰ ਜਾਂਦਾ ਹੈ। ਹੀਟ ਟ੍ਰੀਟਮੈਂਟ ਰੁਕਣ ਕਾਰਨ ਸਪਲਾਈ ਚੇਨ ਪ੍ਰਭਾਵਿਤ ਹੋ ਗਈ ਹੈ। ਜੇਕਰ ਸੰਕਟ ਜਾਰੀ ਰਿਹਾ, ਤਾਂ ਫ਼ੈਕਟਰੀ ਮਾਲਕ ਮਜ਼ਦੂਰਾਂ ਨੂੰ ਛੁੱਟੀ 'ਤੇ ਭੇਜਣ ਲਈ ਮਜਬੂਰ ਹੋਣਗੇ। ਪੰਜਾਬ ਦੇ ਦੋ ਸਭ ਤੋਂ ਮਹੱਤਵਪੂਰਨ ਉਦਯੋਗਾਂ- ਸਾਈਕਲ ਅਤੇ ਹੌਜ਼ਰੀ (ਕੱਪੜਾ) - 'ਤੇ ਇਸ ਦੇ ਡੂੰਘੇ ਪ੍ਰਭਾਵ ਪੈ ਸਕਦੇ ਹਨ। ਸਾਈਕਲ ਬਣਾਉਣ ਲਈ ਸਟੀਲ, ਟਾਇਰ (ਰਬੜ) ਅਤੇ ਪਲਾਸਟਿਕ ਦੇ ਪਾਰਟਸ ਦੀ ਲੋੜ ਹੁੰਦੀ ਹੈ। ਊਰਜਾ ਸੰਕਟ ਕਾਰਨ ਸਟੀਲ ਮਹਿੰਗਾ ਹੋ ਗਿਆ ਹੈ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਧਣ ਨਾਲ ਟਾਇਰਾਂ ਅਤੇ ਪਲਾਸਟਿਕ ਦੇ ਹੈਂਡਲ-ਗਰਿੱਪਸ ਦੀ ਲਾਗਤ 20-30% ਤੱਕ ਵਧ ਸਕਦੀ ਹੈ। ਸਾਈਕਲਾਂ 'ਤੇ ਕੀਤੇ ਜਾਣ ਵਾਲੇ ਪੇਂਟ ਅਤੇ ਰਸਾਇਣਿਕ ਕੋਟਿੰਗ ਵਿੱਚ ਪੈਟਰੋਲੀਅਮ ਅਧਾਰਿਤ ਉਤਪਾਦ ਵਰਤੇ ਜਾਂਦੇ ਹਨ, ਜਿਨ੍ਹਾਂ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿੱਚ ਸਾਈਕਲ ਅਤੇ ਉਨ੍ਹਾਂ ਦੇ ਪਾਰਟਸ ਅਫ਼ਰੀਕੀ ਅਤੇ ਯੂਰਪੀ ਦੇਸ਼ਾਂ ਨੂੰ ਭੇਜੇ ਜਾਂਦੇ ਹਨ। ਸਮੁੰਦਰੀ ਰਸਤਿਆਂ (ਹੋਰਮੁਜ਼ ਦੀ ਜਲਸੰਧੀ) ਵਿੱਚ ਤਣਾਅ ਕਾਰਨ ਜਹਾਜ਼ਾਂ ਦਾ ਕਿਰਾਇਆ ਵਧਣ ਨਾਲ ਭਾਰਤੀ ਸਾਈਕਲ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਮਹਿੰਗੇ ਹੋ ਜਾਣਗੇ ਲੁਧਿਆਣਾ ਦਾ ਹੌਜ਼ਰੀ ਉਦਯੋਗ ਪਹਿਲਾਂ ਹੀ ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ ਨਾਲ ਜੂਝ ਰਿਹਾ ਹੈ। ਜ਼ਿਆਦਾਤਰ ਹੌਜ਼ਰੀ ਉਤਪਾਦਾਂ ਵਿੱਚ ਪੋਲੀਏਸਟਰ ਜਾਂ ਨਾਈਲੋਨ ਮਿਕਸ ਹੁੰਦਾ ਹੈ, ਜੋ ਪੈਟਰੋਲੀਅਮ ਤੋਂ ਬਣਦਾ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਧਾਗੇ ਦੀ ਕੀਮਤ ਵਿੱਚ ਸਿੱਧਾ ਵਾਧਾ ਹੋਇਆ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਪਲਾਸਟਿਕ ਪੈਕੇਜਿੰਗ ਮਹਿੰਗੀ ਹੋਣ ਨਾਲ ਹੌਜ਼ਰੀ ਦੇ ਹਰ ਇੱਕ ਪੀਸ (ਜਿਵੇਂ ਟੀ-ਸ਼ਰਟ ਜਾਂ ਸਵੈਟਰ) ਦੀ ਲਾਗਤ 5 ਤੋਂ 10 ਰੁਪਏ ਵਧ ਸਕਦੀ ਹੈ। ਕਈ ਰੰਗਾਈ ਦੇ ਯੂਨਿਟਾਂ ਵਿੱਚ ਬਾਲਣ ਵਜੋਂ ਗੈਸ ਜਾਂ ਤੇਲ ਦੀ ਵਰਤੋਂ ਹੁੰਦੀ ਹੈ। ਉੱਥੇ ਉਤਪਾਦਨ ਖਰਚਾ ਵਧਣ ਨਾਲ ਕੱਪੜਿਆਂ ਦੀਆਂ ਕੀਮਤਾਂ ਵਿੱਚ ਅਪ੍ਰੈਲ ਤੋਂ ਵੱਡਾ ਵਾਧਾ ਦੇਖਣ ਨੂੰ ਮਿਲੇਗਾ (ਬਾਕੀ ਸਫ਼ਾ 26 'ਤੇ)

# ਇਰਾਨ ਨੇ ਯੇਰੂਸ਼ਲਮ 'ਤੇ ਵਰ੍ਹਾਇਆ ਕਹਿਰ, 10 ਸ਼ਕਤੀਸ਼ਾਲੀ ਧਮਾਕੇ ਕੀਤੇ

## ਹਾਈਫ਼ਾ ਤੇਲ ਰਿਫ਼ਾਇਨਰੀ 'ਤੇ ਇਰਾਨੀ ਮਿਜ਼ਾਈਲ ਹਮਲਾ; ਇਜ਼ਰਾਇਲ ਦੀ ਆਰਥਿਕਤਾ ਉੱਪਰ ਸਿੱਧੀ ਚੋਟ

ਮੱਧ ਪੂਰਬ ਵਿੱਚ ਤਣਾਅ ਹੁਣ ਇੱਕ ਭਿਆਨਕ ਜੰਗ ਦੇ ਰੂਪ ਵਿੱਚ ਬਦਲ ਗਿਆ ਹੈ। ਬੀਤੇ ਦਿਨੀਂ ਸਵੇਰੇ ਯੇਰੂਸ਼ਲਮ, ਤਿਹਰਾਨ, ਰਿਆਦ ਅਤੇ ਦੁਬਈ ਵਰਗੇ ਪ੍ਰਮੁੱਖ ਸ਼ਹਿਰ ਮਿਜ਼ਾਈਲ ਹਮਲਿਆਂ ਅਤੇ ਧਮਾਕਿਆਂ ਦੀ ਗੂੰਜ ਨਾਲ ਕੰਬ ਉੱਠੇ। ਇਰਾਨ ਅਤੇ ਅਮਰੀਕਾ ਵਿਚਾਲੇ ਵਧਦੇ ਸਿੱਧੇ ਟਕਰਾਅ ਨੇ ਪੂਰੀ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।

ਯੇਰੂਸ਼ਲਮ ਦੇ ਅਸਮਾਨ ਵਿੱਚ ਇੱਕ ਤੋਂ ਬਾਅਦ ਇੱਕ 10 ਸ਼ਕਤੀਸ਼ਾਲੀ ਧਮਾਕੇ ਸੁਣੇ ਗਏ ਹਨ। ਮਿਜ਼ਾਈਲ ਹਮਲਿਆਂ ਕਾਰਨ ਘੱਟੋ-ਘੱਟ 8 ਤੋਂ 9 ਲੋਕ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚੋਂ ਕੁਝ ਮਾਮੂਲੀ ਜ਼ਖਮੀ ਹਨ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬਨੇਈ ਬ੍ਰਾਕ ਇਲਾਕੇ ਵਿੱਚ ਇੱਕ ਕਲੱਸਟਰ ਮਿਜ਼ਾਈਲ ਡਿੱਗਣ ਕਾਰਨ ਕਾਫ਼ੀ ਨੁਕਸਾਨ ਹੋਇਆ ਹੈ। ਇੱਥੇ ਇੱਕ ਮਾਂ ਅਤੇ ਉਸਦੇ ਬੱਚਿਆਂ ਨੂੰ ਇੱਕ ਪ੍ਰਭਾਵਿਤ ਇਮਾਰਤ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ। ਤੇਲ ਅਵੀਵ, ਪੇਟਾ ਟਿਕਵਾ ਅਤੇ ਗਿਵਤ ਸ਼ਮੂਏਲ ਵਰਗੇ ਇਲਾਕਿਆਂ ਵਿੱਚ ਮਿਜ਼ਾਈਲਾਂ ਦੇ ਮਲਬੇ ਕਾਰਨ ਕਈ ਗੱਡੀਆਂ ਨੂੰ ਅੱਗ ਲੱਗ ਗਈ ਅਤੇ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

ਇਜ਼ਰਾਇਲ ਦੇ ਪ੍ਰਮੁੱਖ ਉਦਯੋਗਿਕ ਸ਼ਹਿਰ ਹਾਈਫ਼ਾ ਵਿੱਚ ਸਥਿਤ 'ਬਾਜ਼ਨ' ਤੇਲ ਰਿਫ਼ਾਇਨਰੀ 'ਤੇ ਇਰਾਨ ਅਤੇ ਹਿਜ਼ਬੁੱਲਾ ਵੱਲੋਂ



ਕੀਤੇ ਗਏ ਸਾਂਝੇ ਮਿਜ਼ਾਈਲ ਹਮਲੇ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਤੇਲ ਦੇ ਸਟੋਰੇਜ ਟੈਂਕਾਂ 'ਤੇ ਮਿਜ਼ਾਈਲਾਂ ਡਿੱਗਣ ਤੋਂ ਬਾਅਦ ਅਸਮਾਨ ਨੂੰ ਛੂਹਦੀਆਂ ਅੱਗ ਦੀਆਂ ਲਪਟਾਂ ਅਤੇ ਕਾਲੇ ਧੂੰਏਂ ਦਾ ਗੁਬਾਰ ਦੇਖਿਆ ਗਿਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓਜ਼ ਇਜ਼ਰਾਇਲ ਦੇ ਸੁਰੱਖਿਆ ਘੇਰੇ ਵਿੱਚ ਲੱਗੀ ਵੱਡੀ ਸੰਨ੍ਹ ਦੀ ਗਵਾਹੀ ਦੇ ਰਹੇ ਹਨ। ਹਾਈਫ਼ਾ ਇਜ਼ਰਾਇਲ ਦੀਆਂ ਦੋ ਮੁੱਖ ਤੇਲ ਰਿਫ਼ਾਇਨਰੀਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ। ਇਹ ਹਮਲਾ ਸਿਰਫ਼ ਫ਼ੌਜੀ ਕਾਰਵਾਈ ਨਹੀਂ, ਬਲਕਿ ਇਰਾਨ ਵੱਲੋਂ ਇਜ਼ਰਾਇਲ ਦੀ ਊਰਜਾ ਸਪਲਾਈ ਅਤੇ ਆਰਥਿਕਤਾ ਨੂੰ ਠੱਪ ਕਰਨ ਦੀ ਇੱਕ ਸੋਚੀ-ਸਮਝੀ ਰਣਨੀਤੀ ਮੰਨੀ ਜਾ ਰਹੀ ਹੈ।

ਮਾਹਿਰ ਹੁਣ ਸਵਾਲ ਉਠਾ ਰਹੇ ਹਨ ਕਿ ਕੀ ਇਜ਼ਰਾਇਲ ਦਾ ਮਸ਼ਹੂਰ 'ਆਇਰਨ ਡੋਮ' ਸੁਰੱਖਿਆ ਸਿਸਟਮ ਇਰਾਨੀ ਬੈਲਿਸਟਿਕ ਮਿਜ਼ਾਈਲਾਂ ਦੇ ਇਸ 'ਮਾਸਟਰ ਪਲਾਨ' ਅੱਗੇ ਬੇਅਸਰ ਸਾਬਤ ਹੋ ਰਿਹਾ ਹੈ। 'ਦਿ ਟਾਈਮਜ਼ ਆਫ਼ ਇਜ਼ਰਾਈਲ' ਮੁਤਾਬਕ ਆਈ.ਡੀ.ਐਫ਼. ਅਜੇ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਅੱਗ ਸਿੱਧੇ ਮਿਜ਼ਾਈਲ ਹਮਲੇ ਨਾਲ ਲੱਗੀ ਹੈ ਜਾਂ ਮਿਜ਼ਾਈਲ ਨੂੰ ਹਵਾ ਵਿੱਚ ਰੋਕਣ ਦੌਰਾਨ ਡਿੱਗੇ ਮਲਬੇ ਕਾਰਨ। ਫ਼ਿਲਹਾਲ ਫ਼ਾਇਰ ਬ੍ਰਿਗੇਡ ਨੇ ਅੱਗ 'ਤੇ ਕਾਬੂ ਪਾਉਣ ਦਾ ਦਾਅਵਾ ਕੀਤਾ ਹੈ।

ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟ੍ਰੰਪ ਨੇ ਸੰਕੇਤ ਦਿੱਤੇ ਹਨ ਕਿ ਉਹ ਇਰਾਨ ਵਿਰੁੱਧ ਫ਼ੌਜੀ ਮੁਹਿੰਮ ਨੂੰ ਖਤਮ ਕਰਨ ਦੇ ਹੱਕ ਵਿੱਚ ਹਨ। ਰਿਪੋਰਟਾਂ ਮੁਤਾਬਕ, ਟ੍ਰੰਪ ਨੇ ਕਿਹਾ ਹੈ ਕਿ ਜੇਕਰ 'ਸਟਰੇਟ ਆਫ਼ ਹਾਰਮੁਜ਼' ਦਾ ਰਸਤਾ ਬੰਦ ਵੀ ਰਹਿੰਦਾ ਹੈ, ਤਾਂ ਵੀ ਉਹ ਜੰਗ ਰੋਕਣ ਲਈ ਤਿਆਰ ਹੋ ਸਕਦੇ ਹਨ। ਅਮਰੀਕੀ ਸਲਾਹਕਾਰਾਂ ਦਾ ਮੰਨਣਾ ਹੈ ਕਿ ਹੋਰਮੁਜ਼ ਦੇ ਰਸਤੇ ਨੂੰ ਜ਼ਬਰਦਸਤੀ ਖੋਲ੍ਹਣ ਨਾਲ ਜੰਗ ਦੀ ਸਮਾਂ ਸੀਮਾ ਵਿਗੜ ਸਕਦੀ ਹੈ। ਹੁਣ ਅਮਰੀਕਾ ਦਾ ਮੁੱਖ ਧਿਆਨ ਇਰਾਨ ਦੀ ਨੌਸੈਨਿਕ ਸਮਰੱਥਾ ਅਤੇ ਉਸ ਦੀਆਂ ਮਿਜ਼ਾਈਲਾਂ ਦੀ ਤਾਕਤ ਨੂੰ ਖ਼ਤਮ ਕਰਨ 'ਤੇ ਹੈ। ਇਸ ਤੋਂ ਬਾਅਦ ਹੀ ਕੂਟਨੀਤਕ ਹੱਲ ਵੱਲ ਵਧਿਆ ਜਾਵੇਗਾ। ਵਾਈਟ ਹਾਊਸ ਦੇ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਸਪੱਸ਼ਟ ਕੀਤਾ ਹੈ ਕਿ ਹੋਰਮੁਜ਼ ਨੂੰ ਸੁਰੱਖਿਅਤ ਬਣਾਉਣਾ ਫ਼ਿਲਹਾਲ ਅਮਰੀਕੀ ਅਭਿਆਨ ਦੇ ਮੁੱਖ ਉਦੇਸ਼ਾਂ ਵਿੱਚ ਸ਼ਾਮਲ ਨਹੀਂ ਹੈ। ਅਮਰੀਕਾ ਚਾਹੁੰਦਾ ਹੈ ਕਿ ਤੇਹਰਾਨ ਖੁਦ ਦਬਾਅ ਵਿੱਚ ਆ ਕੇ ਵਪਾਰਕ ਜਹਾਜ਼ਾਂ ਦੀ ਆਵਾਜਾਈ ਬਹਾਲ ਕਰੇ। ਦੂਜੇ ਪਾਸੇ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਅਲ ਜਜ਼ੀਰਾ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਹੈ ਕਿ ਹੋਰਮੁਜ਼ ਦਾ ਰਸਤਾ 'ਹਰ ਹਾਲ ਵਿੱਚ ਖੁੱਲ੍ਹੇਗਾ', ਚਾਹੇ ਇਰਾਨ ਕਾਨੂੰਨ ਮੰਨੇ ਜਾਂ ਫ਼ਿਰ ਅੰਤਰਰਾਸ਼ਟਰੀ ਗਠਜੋੜ ਨੂੰ ਕਾਰਵਾਈ ਕਰਨੀ ਪਵੇ।

ਇਰਾਨੀ ਲੀਡਰਸ਼ਿਪ ਅਜੇ ਵੀ ਅਮਰੀਕਾ 'ਤੇ ਭਰੋਸਾ ਨਹੀਂ ਕਰ ਰਹੀ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਵਾਸ਼ਿੰਗਟਨ ਜੰਗ ਖ਼ਤਮ ਕਰਨ ਲਈ ਗੰਭੀਰ ਨਹੀਂ ਹੈ। ਵੈਸੇ ਵੀ ਟਰੰਪ ਵਾਰ ਵਾਰ ਆਪਣੇ ਬਿਆਨ ਬਦਲ ਰਹੇ ਹਨ। ਕਦੇ ਉਹ ਹੋਰਮੁਜ਼ ਦੀ ਅਹਿਮੀਅਤ ਘੱਟ ਦੱਸਦੇ ਹਨ ਅਤੇ ਕਦੇ ਇਰਾਨ ਦੇ ਤੇਲ ਖੂਹਾਂ ਅਤੇ ਪਾਵਰ ਪਲਾਂਟਾਂ ਨੂੰ ਉਡਾਉਣ ਦੀ ਧਮਕੀ ਦਿੰਦੇ ਹਨ। ਫ਼ਿਲਹਾਲ, ਵਾਸ਼ਿੰਗਟਨ ਇੱਕ ਅਜਿਹੀ ਰਣਨੀਤੀ 'ਤੇ ਚੱਲ ਰਿਹਾ ਹੈ ਜਿੱਥੇ ਫ਼ੌਜੀ ਹਮਲੇ ਅਤੇ ਸੰਜਮ ਦੋਵੇਂ ਨਾਲ-ਨਾਲ ਚੱਲ ਰਹੇ ਹਨ, ਜੋ ਇੱਕ ਅਨਿਸ਼ਚਿਤ ਭਵਿੱਖ ਵੱਲ ਇਸ਼ਾਰਾ ਕਰਦਾ ਹੈ। ਅਮਰੀਕਾ ਨੇ ਮੱਧ-ਪੂਰਬ ਵਿੱਚ ਸੈਂਕੜੇ 'ਸਪੈਸ਼ਲ ਅਪਰੇਸ਼ਨ ਫ਼ੋਰਸਿਜ਼' ਤਾਇਨਾਤ ਕਰ ਦਿੱਤੀਆਂ ਹਨ। ਦੂਜੇ ਪਾਸੇ, ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਅਮਰੀਕੀ ਫ਼ੌਜਾਂ ਦਾ ਇੰਤਜ਼ਾਰ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਖੇਤਰੀ ਭਾਈਵਾਲਾਂ ਨੂੰ 'ਸਬਕ ਸਿਖਾਇਆ ਜਾ ਸਕੇ'।

ਸੰਯੁਕਤ ਰਾਸ਼ਟਰ ਨਾਲ ਜੁੜੇ ਡਿਪਲੋਮੈਟ ਮੁਹੰਮਦ ਸਫ਼ਾ ਨੇ ਅਸਤੀਫ਼ਾ ਕਿਉਂ ਦਿੱਤਾ ?

ਸੰਯੁਕਤ ਰਾਸ਼ਟਰ ਨਾਲ ਜੁੜੇ ਡਿਪਲੋਮੈਟ ਮੁਹੰਮਦ ਸਫ਼ਾ ਦੇ ਅਸਤੀਫ਼ੇ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ।

(ਬਾਕੀ ਸਫ਼ਾ 26 'ਤੇ)

# ਜੰਗ ’ਚ ਇਰਾਨ ਦੀ ਮਜ਼ਬੂਤੀ ਦਾ ਕਾਰਨ ਹਥਿਆਰ ਨਹੀਂ, ਸਗੋਂ ਡੂੰਘੀ ਕੂਟਨੀਤੀ

ਵਾਸ਼ਿੰਗਟਨ/ਤਹਿਰਾਨ- ਅਮਰੀਕਾ ਅਤੇ ਇਜ਼ਰਾਇਲ ਵਰਗੀਆਂ ਮਹਾਂਸ਼ਕਤੀਆਂ ਨਾਲ ਜੰਗ ਦੇ ਚੌਥੇ ਹਫ਼ਤੇ ਵਿੱਚ ਪਹੁੰਚਣ ਦੇ ਬਾਵਜੂਦ ਇਰਾਨ ਨੇ ਅਜੇ ਤੱਕ ਹਾਰ ਨਹੀਂ ਮੰਨੀ ਹੈ। ਜਿੱਥੇ ਦੁਨੀਆ ਇਹ ਮੰਨ ਰਹੀ ਸੀ ਕਿ ਇਰਾਨੀ ਫ਼ੌਜ ਇੰਨੀ ਵੱਡੀ ਸਾਂਝੀ ਤਾਕਤ ਅੱਗੇ ਟਿਕ ਨਹੀਂ ਸਕੇਗੀ, ਉੱਥੇ ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨ ਦੀ ਮਜ਼ਬੂਤੀ ਦੇ ਪਿੱਛੇ ਸਿਰਫ਼ ਹਥਿਆਰ ਨਹੀਂ, ਸਗੋਂ ਡੂੰਘੇ ਕੂਟਨੀਤਕ ਕਾਰਨ ਹਨ। ਤੇਲ ਬਾਜ਼ਾਰ ਵਿੱਚ ਕੀਮਤਾਂ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚਣ ਦਾ ਖ਼ਤਰਾ ਮੰਡਰਾ ਰਿਹਾ ਹੈ। ਇਰਾਨ ਕੋਲ ‘ਹੋਰਮੁਜ਼ ਦੀ ਜਲਸੰਧੀ’ ਨੂੰ ਰੋਕਣ ਦੀ ਸਮਰੱਥਾ ਹੈ, ਜਿੱਥੋਂ ਦੁਨੀਆ ਦਾ 20% ਤੇਲ ਅਤੇ ਭਾਰਤ ਦੀ 85-90% ਐੈਲ.ਪੀ.ਜੀ ਗੁਜ਼ਰਦੀ ਹੈ। ਜੇਕਰ ਇਹ ਰਸਤਾ ਬੰਦ ਹੁੰਦਾ ਹੈ, ਤਾਂ ਅਮਰੀਕਾ ਅਤੇ ਯੂਰਪ ਦੀਆਂ ਅਰਥਵਿਵਸਥਾਵਾਂ ਹਿੱਲ ਜਾਣਗੀਆਂ, ਜਿਸ ਕਾਰਨ ਅਮਰੀਕੀ ਸਰਕਾਰ ਕੋਈ ਵੱਡਾ ਜੋਖਮ ਲੈਣ ਤੋਂ ਡਰ ਰਹੀ ਹੈ। ਇਰਾਨ ਨੇ ਦਿਖਾ ਦਿੱਤਾ ਹੈ ਕਿ ਮਹਿੰਗੀਆਂ ਮਿਜ਼ਾਈਲਾਂ ਦੇ ਮੁਕਾਬਲੇ ਸਸਤੇ ਡਰੋਨ ਜੰਗ ਦਾ ਨਕਸ਼ਾ ਬਦਲ ਸਕਦੇ ਹਨ। ਇੱਕ ਡਰੋਨ ਦੀ ਕੀਮਤ 15,000 ਤੋਂ 30,000 ਡਾਲਰ ਹੈ, ਜਦਕਿ ਇਸ ਨੂੰ ਡੇਗਣ ਵਾਲੀ ਮਿਜ਼ਾਈਲ 20 ਤੋਂ



40 ਲੱਖ ਡਾਲਰ ਦੀ ਹੁੰਦੀ ਹੈ। ਇਨ੍ਹਾਂ ਡਰੋਨਾਂ ਰਾਹੀਂ ਇਰਾਨ ਨੇ ਦੁਬਈ ਵਰਗੇ ਵਪਾਰਕ ਕੇਂਦਰਾਂ ਦੀ ਸੁਰੱਖਿਆ ਨੂੰ ਵੀ ਚੁਣੌਤੀ ਦਿੱਤੀ ਹੈ। ਇਰਾਨ ਦੀ ਵਿਵਸਥਾ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਸਮਾਜਿਕ ਤੌਰ ’ਤੇ ਵੀ ਬਹੁਤ ਮਜ਼ਬੂਤ ਹੈ। ਇਰਾਨ ਕੋਲ ‘ਰਿਵੋਲਿਊਸ਼ਨਰੀ ਗਾਰਡਜ਼’ ਅਤੇ ’ਬਸੀਜ’ (ਵਲੰਟੀਅਰ ਫ਼ੋਰਸ) ਵਰਗੇ ਸੰਗਠਨ ਹਨ ਜੋ ਹਰ ਸ਼ਹਿਰ ਅਤੇ ਕਸਬੇ ਵਿੱਚ ਫ਼ੈਲੇ ਹੋਏ ਹਨ। ਇਹ ਢਾਂਚਾ ਇਹ ਯਕੀਨੀ ਬਣਾਉਂਦਾ ਹੈ ਕਿ ਜੇਕਰ ਮੌਜੂਦਾ ਨੇਤਾ ਮਾਰੇ ਵੀ ਜਾਣ, ਤਾਂ ਨਵੀਂ ਲੀਡਰਸ਼ਿਪ ਤੁਰੰਤ ਕਮਾਨ ਸੰਭਾਲ ਲਵੇਗੀ। ਇਰਾਨ ਦੀ ਮਜ਼ਬੂਤੀ ਦਾ ਸਭ ਤੋਂ ਵੱਡਾ ਰੂਹਾਨੀ ਕਾਰਨ ਸ਼ੀਆ ਮੱਤ ਵਿੱਚ ‘ਸ਼ਹਾਦਤ’ ਦੀ ਅਹਿਮੀਅਤ ਹੈ। ਕਰਬਲਾ ਦੀ ਜੰਗ ਅਤੇ ਹਜ਼ਰਤ ਇਮਾਮ ਹੁਸੈਨ ਦੀ ਕੁਰਬਾਨੀ ਇਰਾਨੀ ਸਮਾਜ ਦੇ ਮਨਾਂ ਵਿੱਚ ਡੂੰਘੀ ਵਸੀ ਹੋਈ ਹੈ। ਭਾਰੀ ਬੰਬਾਰੀ ਜਾਂ ਨੇਤਾਵਾਂ ਦੀ ਹੱਤਿਆ ਇਰਾਨ ਨੂੰ ਆਤਮ-ਸਮਰਪਣ ਲਈ ਮਜਬੂਰ ਨਹੀਂ ਕਰ ਸਕਦੀ, ਕਿਉਂਕਿ ਉਨ੍ਹਾਂ ਦੀ ਸੰਸਕ੍ਰਿਤੀ ਵਿੱਚ “ਜ਼ਿੰਦਗੀ ਦੇ ਮੁਕਾਬਲੇ ਹੱਕ ਲਈ ਜਾਨ ਦੇਣ” ਨੂੰ ਮਹਿਮਾ ਦਿੱਤੀ ਜਾਂਦੀ ਹੈ। ਲੰਬੀ ਜੰਗ ਅਮਰੀਕਾ ਅਤੇ ਵਿਸ਼ਵ ਅਰਥਵਿਵਸਥਾ ਲਈ ਘਾਤਕ ਹੋ ਸਕਦੀ ਹੈ, ਇਸ ਲਈ ਕਿਸੇ ਸਥਾਈ ਸਮਝੌਤੇ ਦੀ ਉਮੀਦ ਵਧੇਰੇ ਨਜ਼ਰ ਆ ਰਹੀ ਹੈ।

## ਇਰਾਨ ਦਾ ਅਮਰੀਕਾ ਨੂੰ ‘ਗੁੱਡਵਿਲ ਗਿ.ਫਟ’: ਹੋਰਮੁਜ਼ ਦੀ ਜਲ-ਸੰਧੀ ਤੋਂ ਲੰਘਣ ਦਿੱਤੇ ਪਾਕਿਸਤਾਨੀ ਝੰਡੇ ਵਾਲੇ 10 ਤੇਲ ਟੈਂਕਰ

ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੈਰਾਨੀਜਨਕ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਇਰਾਨ ਨੇ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਗੱਲਬਾਤ ਦੌਰਾਨ ਨਰਮੀ ਦਿਖਾਉਂਦੇ ਹੋਏ ਇੱਕ ਵੱਡਾ ਕਦਮ ਚੁੱਕਿਆ ਹੈ। ਇਰਾਨ ਨੇ ‘ਗੁੱਡਵਿਲ ਗਿਫ਼ਟ’ (ਸਦਭਾਵਨਾ ਤੋਹਫ਼ੇ) ਵਜੋਂ ਰਣਨੀਤਕ ਤੌਰ ’ਤੇ ਮਹੱਤਵਪੂਰਨ ਹੋਰਮੁਜ਼ ਦੀ ਜਲਸੰਧੀ ਰਾਹੀਂ 10 ਤੇਲ ਟੈਂਕਰਾਂ ਨੂੰ ਲੰਘਣ ਦੀ ਇਜਾਜ਼ਤ ਦੇ ਦਿੱਤੀ ਹੈ। ਵ੍ਹਾਈਟ ਹਾਊਸ ਵਿੱਚ ਕੈਬਨਿਟ ਮੀਟਿੰਗ ਦੌਰਾਨ ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਇਹ ਕਾਰਵਾਈ ਈਰਾਨ ਵੱਲੋਂ ਗੱਲਬਾਤ ਪ੍ਰਤੀ ਦਿਖਾਈ ਗਈ ਗੰਭੀਰਤਾ ਦਾ ਪ੍ਰਮਾਣ ਹੈ। ਟਰੰਪ ਅਨੁਸਾਰ ਪਹਿਲਾਂ ਸਿਰਫ਼ 8 ਟੈਂਕਰਾਂ ਨੂੰ ਲੰਘਣ ਦੇਣ ਦੀ ਗੱਲ ਹੋਈ ਸੀ, ਪਰ ਬਾਅਦ ਵਿੱਚ ਇਹ ਗਿਣਤੀ ਵਧਾ ਕੇ 10 ਕਰ ਦਿੱਤੀ ਗਈ। ਇਨ੍ਹਾਂ ਵਿੱਚੋਂ ਕੁਝ ਟੈਂਕਰਾਂ ’ਤੇ ਪਾਕਿਸਤਾਨੀ ਝੰਡੇ ਲੱਗੇ ਹੋਏ ਸਨ, ਜੋ ਇਸ ਪੂਰੀ ਪ੍ਰਕਿਰਿਆ ਵਿੱਚ ਪਾਕਿਸਤਾਨ ਦੀ ਲੌਜਿਸਟਿਕ ਭੂਮਿਕਾ ਵੱਲ ਇਸ਼ਾਰਾ ਕਰਦੇ ਹਨ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਖ਼ਬਰਾਂ ਵਿੱਚ 8 ਵੱਡੇ ਤੇਲ ਦੇ ਜਹਾਜ਼ਾਂ ਨੂੰ ਹੋਰਮੁਜ਼ ਦੇ ਰਸਤਿਓਂ ਸੁਰੱਖਿਅਤ ਗੁਜ਼ਰਦੇ ਦੇਖਿਆ, ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਇਰਾਨ ਸੱਚਮੁੱਚ ਸਹਿਯੋਗ ਕਰਨ ਲਈ ਗੰਭੀਰ ਹੈ। ਮਾਹਿਰਾਂ ਮੁਤਾਬਕ ਇਰਾਨ ਦਾ ਇਹ ਕਦਮ ਆਉਣ ਵਾਲੇ ਸਮੇਂ ਵਿੱਚ ਕਈ ਵੱਡੇ ਬਦਲਾਅ ਲਿਆ ਸਕਦਾ ਹੈ। ਇਸ ਨਾਲ ਵਿਸ਼ਵ ਪੱਧਰ ’ਤੇ ਤੇਲ ਦੀ ਸਪਲਾਈ ਵਿੱਚ ਸੁਧਾਰ ਹੋਵੇਗਾ। ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਘਟਣ ਨਾਲ ਖੇਤਰੀ ਸ਼ਾਂਤੀ ਦੀ ਉਮੀਦ ਵਧੀ ਹੈ। ਇਹ ਪਹਿਲਕਦਮੀ ਦੋਵਾਂ ਦੇਸ਼ਾਂ ਵਿਚਾਲੇ ਕਿਸੇ ਵੱਡੇ ਅਤੇ ਸਥਾਈ ਸਮਝੌਤੇ ਦਾ ਰਾਹ ਪੱਧਰਾ ਕਰ ਸਕਦੀ ਹੈ। ਇਥੇ ਜ਼ਿਕਰਯੋਗ ਹੈ ਕਿ ਮੱਧ ਪੂਰਬ ਵਿੱਚ ਪਿਛਲੇ ਕਈ ਦਿਨਾਂ ਤੋਂ ਜਾਰੀ ਭਿਆਨਕ ਜੰਗ ਅਤੇ ਤਣਾਅ ਦਰਮਿਆਨ ਵਿਸ਼ਵ ਭਰ ਲਈ ਇੱਕ ਵੱਡੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਵੱਲੋਂ ਇਰਾਨ ਦੇ ਊਰਜਾ ਟਿਕਾਣਿਆਂ ’ਤੇ ਕੀਤੇ ਜਾਣ ਵਾਲੇ ਸੰਭਾਵੀ ਹਮਲਿਆਂ ਨੂੰ 10 ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਵਿਦੇਸ਼ੀ ਮਾਮਲਿਆਂ ਦੇ ਮਾਹਿਰਾਂ ਅਨੁਸਾਰ ਇਹ 10 ਦਿਨ ਦੋਵਾਂ ਦੇਸ਼ਾਂ ਲਈ ਕਿਸੇ ਸਥਾਈ ਸਮਝੌਤੇ ’ਤੇ ਪਹੁੰਚਣ ਲਈ ਬਹੁਤ ਅਹਿਮ ਹੋਣਗੇ।

## ਐਫ. ਬੀ. ਆਈ. ਮੁਖੀ ਪਟੇਲ ਇੱਕ ਸ਼ਾਨਦਾਰ ਵਿਅਕਤੀ ਹੈ: ਟਰੰਪ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਮਫਿਸ ਸੇਫ ਟਾਸਕ ਫੋਰਸ ਦੀ ਵਾਸ਼ਿੰਗਟਨ, ਡੀ ਸੀ ਵਿੱਚ ਇੱਕ ਗੋਲਮੇਜ ਮੀਟਿੰਗ ਦੌਰਾਨ ਐਫ. ਬੀ. ਆਈ. ਮੁਖੀ ਭਾਰਤੀ ਮੂਲ ਦੇ ਕਾਸ਼ ਪਟੇਲ ਦੀ ਰਜਵੀਂ ਪ੍ਰਸੰਸਾ ਕੀਤੀ। ਇਸ ਮੀਟਿੰਗ ਵਿੱਚ ਪਟੇਲ ਨੇ ਕਿਹਾ ਕਿ ਲਾਅ ਇਨਫੋਰਸਮੈਂਟ ਨੇ ਹਿੰਸਕ ਅਪਰਾਧੀਆਂ ਦੀਆਂ ਰਿਕਾਰਡ ਇਤਿਹਾਸਿਕ ਗ੍ਰਿਫ਼ਤਾਰੀਆਂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਟਰੰਪ ਨੇ ਕਿਹਾ ਕਿ ਐਫ. ਬੀ. ਆਈ. ਮੁਖੀ ਕਾਸ਼ ਪਟੇਲ ਇੱਕ ਸ਼ਾਨਦਾਰ ਵਿਅਕਤੀ ਹੈ। ਦਰਅਸਲ ਜਦੋਂ ਤੁਸੀਂ ਉਸ ਨੂੰ ਜਾਣਨ ਦਾ ਯਤਨ ਕਰਦੇ ਹੋ ਤਾਂ ਪਤਾ ਲੱਗਦਾ ਹੈ ਕਿ ਉਹ ਅਦਭੁੱਤ ਟਰੰਪ ਨੇ ਕਿਹਾ ਕਿ ਕਾਸ਼ (ਬਾਕੀ ਸ.ਫ਼ਾ 27 ’ਤੇ)

## ਅਮਰੀਕਾ ਦੀ .ਫ਼ੌਜੀ ਤਾਕਤ ’ਚ ਵੱਡਾ ਵਾਧਾ ਕਰਨ ਦੇ ਯਤਨ

ਡਾਲਾਸ/ਵਾਸ਼ਿੰਗਟਨ/ਏ.ਟੀ.ਨਿਊਜ਼: ਦੁਨੀਆ ਭਰ ਵਿੱਚ ਜਾਰੀ ਜੰਗੀ ਹਾਲਾਤ ਦੇ ਦਰਮਿਆਨ ਅਮਰੀਕਾ ਨੇ ਆਪਣੀ ਫ਼ੌਜੀ ਸ਼ਕਤੀ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਅਮਰੀਕੀ ਯੁੱਧ ਵਿਭਾਗ ਨੇ ਰੱਖਿਆ ਉਪਕਰਣ ਬਣਾਉਣ ਵਾਲੀ ਪ੍ਰਮੁੱਖ ਕੰਪਨੀ ਲਾਕਹੀਡ ਮਾਰਟਿਨ ਨਾਲ ਆਪਣੀਆਂ ਅਤਿ-ਆਧੁਨਿਕ ‘ਪ੍ਰੀਸੀਜ਼ਨ ਸਟ੍ਰਾਈਕ ਮਿਜ਼ਾਈਲਾਂ’ ਦੀ ਪੈਦਾਵਾਰ ਚਾਰ ਗੁਣਾ ਵਧਾਉਣ ਲਈ ਇੱਕ ਵੱਡਾ ਸਮਝੌਤਾ ਕੀਤਾ ਹੈ।



41,000 ਕਰੋੜ ਰੁਪਏ ਦਾ ਵੱਡਾ ਪ੍ਰੋਜੈਕਟ

ਇਹ ਨਵਾਂ ਸਮਝੌਤਾ ਪਿਛਲੇ ਸਾਲ ਅਮਰੀਕੀ ਫ਼ੌਜ ਨਾਲ ਕੀਤੇ ਗਏ 4.94 ਅਰਬ ਡਾਲਰ (ਲਗਭਗ 41,000 ਕਰੋੜ ਰੁਪਏ) ਦੇ ਇਕਰਾਰਨਾਮੇ ’ਤੇ ਅਧਾਰਿਤ ਹੈ। ਜੇਕਰ ਅਮਰੀਕੀ ਕਾਂਗਰਸ ਤੋਂ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਇਸ ਸਮਝੌਤੇ ਨੂੰ ਸੱਤ ਸਾਲਾਂ ਦੇ ਲੰਬੇ ਸਮੇਂ ਦੇ ਕੰਟਰੈਕਟ ਵਿੱਚ ਬਦਲਿਆ ਜਾ ਸਕਦਾ ਹੈ। ਲਾਕਹੀਡ ਮਾਰਟਿਨ ਦੇ ਸੀ.ਈ.ਓ. ਜਿਮ ਟੈਕਲੇਟ ਨੇ ਕਿਹਾ ਕਿ ਇਹ ਕਦਮ ਉਭਰਦੇ ਖ਼ਤਰਿਆਂ ਨੂੰ ਰੋਕਣ ਅਤੇ ਉਨ੍ਹਾਂ ਨੂੰ ਹਰਾਉਣ ਲਈ ਚੁੱਕਿਆ ਗਿਆ ਹੈ।

**ਪੁਰਾਣੀ ‘ਏਟਾਕਮਜ਼’ ਪ੍ਰਣਾਲੀ ਤੋਂ ਕਿਤੇ ਵੱਧ ਘਾਤਕ**

ਇਹ ਨਵੀਆਂ ਮਿਜ਼ਾਈਲਾਂ ਅਮਰੀਕਾ ਦੀ ਪੁਰਾਣੀ ‘ਏਟਾਕਮਜ਼’ ਮਿਜ਼ਾਈਲ ਪ੍ਰਣਾਲੀ ਦੀ ਜਗ੍ਹਾ ਲੈਣਗੀਆਂ। ਇਹ ਮਿਜ਼ਾਈਲ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਦੂਰੀ ਤੱਕ ਮਾਰ (ਬਾਕੀ ਸ.ਫ਼ਾ 26 ’ਤੇ)

## ਹੁਣ ਅਮਰੀਕਾ ਦੇ ਡਾਲਰਾਂ ’ਤੇ ਦਿਖਾਈ ਦੇਣਗੇ ਟਰੰਪ ਦੇ ਦਸਤ.ਖ਼ਤ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਤਿਹਾਸ ਰਚਣ ਜਾ ਰਹੇ ਹਨ। ਦੱਸ ਦਈਏ ਕਿ ਅਮਰੀਕੀ ਕਰੰਸੀ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਮੋੜ ਆਉਣ ਵਾਲਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖਤ ਹੁਣ ਜਲਦੀ ਹੀ ਅਮਰੀਕੀ ਡਾਲਰ ’ਤੇ ਦਿਖਾਈ ਦੇਣਗੇ। ਇਹ 1861 ਵਿੱਚ ਡਾਲਰ ਦੀ ਸ਼ੁਰੂਆਤ ਤੋਂ ਬਾਅਦ ਪਹਿਲੀ ਵਾਰ ਹੋਵੇਗਾ ਜਦੋਂ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਦਸਤਖਤ ਮੁਦਰਾ ’ਤੇ ਅੰਕਿਤ ਕੀਤੇ ਜਾਣਗੇ। ਅਮਰੀਕੀ ਵਿੱਤ ਮੰਤਰਾਲੇ ਨੇ ਇਹ ਫੈਸਲਾ ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਦੇ ਜਸ਼ਨਾਂ ਦੇ ਹਿੱਸੇ ਵਜੋਂ ਲਿਆ ਹੈ।




**ਇਤਿਹਾਸਕ ਕਰੰਸੀ ਅਤੇ ਯਾਦਗਾਰੀ ਸਿੱਕੇ**

ਅਮਰੀਕੀ ਵਿੱਤ ਮੰਤਰਾਲੇ ਦੇ ਅਧਿਕਾਰੀ ਬ੍ਰੈਂਡਨ ਬੀਚ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਮਰੀਕਾ ਦੀ 250ਵੀਂ ਵਰ੍ਹੇਗੰਢ ਮੌਕੇ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਦੇ ਦਸਤਖਤ ਵਿੱਤ ਮੰਤਰੀ ਸਕੌਟ ਬੇਸੈਂਟ ਦੇ ਦਸਤਖਤਾਂ ਦੇ ਨਾਲ ਅਮਰੀਕੀ ਮੁਦਰਾ ’ਤੇ ਦਿਖਾਈ ਦੇਣਗੇ। ਇਹ ਕਦਮ ਰਾਸ਼ਟਰਪਤੀ ਦੀ ਅਗਵਾਈ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇੱਕ ਸੰਘੀ ਕਲਾ ਕਮਿਸ਼ਨ ਨੇ 250ਵੀਂ ਵਰ੍ਹੇਗੰਢ ਦੇ ਮੌਕੇ ’ਤੇ ਟਰੰਪ ਦੀ ਤਸਵੀਰ ਵਾਲੇ 24 ਕੈਰੇਟ ਸੋਨੇ ਦੇ ਯਾਦਗਾਰੀ ਸਿੱਕੇ ਦੇ ਅੰਤਿਮ ਡਿਜ਼ਾਈਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ।

ਆਰਥਿਕ ‘ਗੋਲਡਨ ਏਜ’ ਦੀ ਮਾਨਤਾ

ਵਿੱਤ ਮੰਤਰੀ ਸਕੌਟ ਬੇਸੈਂਟ ਅਨੁਸਾਰ ਰਾਸ਼ਟਰਪਤੀ ਟਰੰਪ ਦੇ ਰਾਜ ਵਿੱਚ ਅਮਰੀਕਾ ਬੇਮਿਸਾਲ ਆਰਥਿਕ ਵਿਕਾਸ ਅਤੇ ਡਾਲਰ ਦੇ ਸਥਾਈ ਦਬਦਬੇ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਇਤਿਹਾਸਕ ਪ੍ਰਾਪਤੀਆਂ ਅਤੇ ਰਾਸ਼ਟਰਪਤੀ ਟਰੰਪ ਦੀ ਭੂਮਿਕਾ ਨੂੰ ਮਾਨਤਾ ਦੇਣ ਦਾ ਇਸ ਤੋਂ ਵਧੀਆ ਤਰੀਕਾ ਕੋਈ ਹੋਰ ਨਹੀਂ ਹੋ ਸਕਦਾ ਕਿ ਅਮਰੀਕੀ ਡਾਲਰ ’ਤੇ ਉਨ੍ਹਾਂ ਦਾ ਨਾਮ ਅੰਕਿਤ ਹੋਵੇ। ਅਧਿਕਾਰੀ ਬ੍ਰੈਂਡਨ ਬੀਚ ਨੇ ਟਰੰਪ ਨੂੰ ਅਮਰੀਕਾ ਦੇ ‘ਗੋਲਡਨ ਏਜ’ (ਸੁਨਹਿਰੀ ਯੁੱਗ) ਦੇ ਆਰਥਿਕ ਪੁਨਰ-ਉਥਾਨ ਦਾ ਵਾਸਤੂਕਾਰ ਕਰਾਰ ਦਿੱਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਵਿੱਚ ਪਰਵਾਸੀਆਂ ਲਈ ਸ਼ਰਨ ਲੈਣਾ ਹੋਇਆ ਮੁਸ਼ਕਿਲ

## ਸਰਕਾਰ ਨੇ ਬਣਾਏ ਨਵੇਂ ਸਖ਼ਤ ਕਾਨੂੰਨ: ਪਨਾਹ ਮੰਗਣ ਲਈ ਕਾਨੂੰਨ 'ਚ ਤਬਦੀਲੀਆਂ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਨੇ ਅਸਾਇਲਮ (ਸ਼ਰਨ) ਦੇ ਨਿਯਮਾਂ ਨੂੰ ਹੋਰ ਸਖ਼ਤ ਬਣਾਉਣ ਲਈ ਇੱਕ ਨਵਾਂ ਕਾਨੂੰਨ ਪਾਸ ਕੀਤਾ ਹੈ। 'ਬਿੱਲ ਸੀ-12' ਜਾਂ 'ਸਟਰੈਂਥਨਿੰਗ ਕੈਨੇਡਾ'ਜ਼ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ' ਨਾਮਕ ਇਸ ਕਾਨੂੰਨ ਨੂੰ 26 ਮਾਰਚ 2026 ਨੂੰ ਸ਼ਾਹੀ ਸਹਿਮਤੀ ਮਿਲੀ ਅਤੇ ਇਹ ਹੁਣ ਲਾਗੂ ਹੋ ਗਿਆ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅਨੁਸਾਰ ਇਸ ਕਾਨੂੰਨ ਦੇ ਚਾਰ ਮੁੱਖ ਹਿੱਸੇ ਹਨ। ਇਹ ਨਵੇਂ ਨਿਯਮ ਜੋੜਦਾ ਹੈ ਕਿ ਕੌਣ ਸ਼ਰਨ ਦਾ ਦਾਅਵਾ ਕਰ ਸਕਦਾ ਹੈ, ਪ੍ਰਕਿਰਿਆ ਨੂੰ ਤੇਜ਼ ਅਤੇ ਸਰਲ ਬਣਾਉਂਦਾ ਹੈ, ਸਰਕਾਰੀ ਵਿਭਾਗਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਸਰਕਾਰ ਨੂੰ ਇਮੀਗ੍ਰੇਸ਼ਨ ਦਸਤਾਵੇਜ਼ਾਂ ਤੇ ਅਰਜ਼ੀਆਂ 'ਤੇ ਵਧੇਰੇ ਸ਼ਕਤੀ ਪ੍ਰਦਾਨ ਕਰਦਾ ਹੈ।

ਇਸ ਸਾਲ ਕੈਨੇਡਾ ਵਿੱਚ ਸ਼ਰਨ ਮੰਗਣ ਵਾਲਿਆਂ ਵਿੱਚ ਭਾਰਤੀ ਨਾਗਰਿਕ ਸਭ ਤੋਂ ਅੱਗੇ ਹਨ। 2025 ਦੇ ਪਹਿਲੇ ਛੇ ਮਹੀਨਿਆਂ ਵਿੱਚ ਭਾਰਤ ਦੇ ਲੋਕਾਂ ਨੇ ਲਗਪਗ 9,770 ਰਿਫਿਊਜੀ ਦਾਅਵੇ ਦਾਇਰ ਕੀਤੇ, ਜੋ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਹਨ। ਪੰਜਾਬ ਸਮੇਤ ਕਈ ਸੂਬਿਆਂ ਤੋਂ ਅਜਿਹੇ ਦਾਅਵੇ ਕੀਤੇ ਜਾਂਦੇ ਹਨ, ਜੋ ਅਕਸਰ ਸਿਆਸੀ ਜਾਂ ਸੁਰੱਖਿਆ ਚਿੰਤਾਵਾਂ ਨਾਲ ਜੁੜੇ ਹੁੰਦੇ ਹਨ।

ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ ਕੈਨੇਡਾ ਦੇ ਅਧਿਕਾਰਤ ਰਿਕਾਰਡਾਂ ਅਨੁਸਾਰ ਦਸੰਬਰ 2012 ਤੋਂ ਹੁਣ ਤੱਕ ਭਾਰਤੀ ਨਾਗਰਿਕਾਂ ਦੁਆਰਾ ਕੈਨੇਡਾ ਵਿੱਚ 45,000 ਤੋਂ ਵੱਧ ਸ਼ਰਨ ਦਾਅਵੇ ਕੀਤੇ ਗਏ ਹਨ। ਸਭ ਤੋਂ ਵੱਡੇ ਬਦਲਾਅ 3 ਜੂਨ 2025 ਜਾਂ ਉਸ ਤੋਂ ਬਾਅਦ ਕੀਤੇ ਗਏ ਸ਼ਰਨ ਦਾਅਵਿਆਂ ਨੂੰ ਪ੍ਰਭਾਵਿਤ ਕਰਦੇ ਹਨ। ਜੇ ਕੋਈ ਵਿਅਕਤੀ 24 ਜੂਨ 2020 ਨੂੰ ਜਾਂ ਉਸ ਤੋਂ ਬਾਅਦ ਕੈਨੇਡਾ ਵਿੱਚ ਆਪਣੀ ਪਹਿਲੀ ਐਂਟਰੀ ਦੇ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਦਾਅਵਾ ਕਰਦਾ ਹੈ, ਤਾਂ ਆਮ ਤੌਰ 'ਤੇ ਉਸ ਦਾ ਦਾਅਵਾ ਪੂਰੀ ਸੁਣਵਾਈ ਲਈ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਨੂੰ ਨਹੀਂ ਭੇਜਿਆ ਜਾਵੇਗਾ।



ਇਹ ਨਿਯਮ ਉਦੋਂ ਵੀ ਲਾਗੂ ਹੁੰਦਾ ਹੈ ਜੇ ਵਿਅਕਤੀ ਬਾਅਦ ਵਿੱਚ ਕੈਨੇਡਾ ਛੱਡ ਕੇ ਵਾਪਸ ਆਇਆ ਹੋਵੇ। ਇੱਕ ਸਾਲ ਦਾ ਸਮਾਂ 24 ਜੂਨ 2020 ਤੋਂ ਬਾਅਦ ਉਸ ਦੀ ਪਹਿਲੀ ਐਂਟਰੀ ਤੋਂ ਸ਼ੁਰੂ ਹੁੰਦਾ ਹੈ ਅਤੇ ਮੁੜ-ਐਂਟਰੀਆਂ ਨਾਲ ਦੁਬਾਰਾ ਸ਼ੁਰੂ ਨਹੀਂ ਹੁੰਦਾ। ਇਸ ਤੋਂ ਇਲਾਵਾ ਜੇ ਕੋਈ ਵਿਅਕਤੀ ਅਮਰੀਕਾ ਤੋਂ ਅਧਿਕਾਰਤ ਬਾਰਡਰ ਪੁਆਇੰਟਾਂ ਦੇ ਵਿਚਕਾਰ (ਗ਼ੈਰ-ਕਾਨੂੰਨੀ ਢੰਗ ਨਾਲ) ਕੈਨੇਡਾ ਵਿੱਚ ਦਾਖਲ ਹੁੰਦਾ ਹੈ ਅਤੇ ਦਾਖਲ ਹੋਣ ਦੇ 14 ਦਿਨਾਂ ਬਾਅਦ ਸ਼ਰਨ ਦਾ ਦਾਅਵਾ ਕਰਦਾ ਹੈ, ਤਾਂ ਉਸ ਦਾ ਦਾਅਵਾ ਆਮ ਤੌਰ 'ਤੇ ਪੂਰੀ ਸੁਣਵਾਈ ਲਈ ਨਹੀਂ ਜਾਵੇਗਾ।

ਇਸ ਦਾ ਉਦੇਸ਼ ਸਿਸਟਮ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਦਾਅਵਿਆਂ ਵਿੱਚ ਅਚਾਨਕ ਹੋਏ ਵਾਧੇ ਨੂੰ ਸੰਭਾਲਣਾ ਹੈ। ਕੈਨੇਡਾ ਅਜੇ ਵੀ ਉਨ੍ਹਾਂ ਲੋਕਾਂ ਦੀ ਰੱਖਿਆ ਕਰੇਗਾ ਜਿਨ੍ਹਾਂ ਨੂੰ ਨੁਕਸਾਨ ਜਾਂ ਅੱਤਿਆਚਾਰ ਦਾ ਅਸਲ ਖ਼ਤਰਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਸਰਹੱਦਾਂ ਨੂੰ ਸੁਰੱਖਿਅਤ ਕਰਨ, ਫੈਂਟਾਨਿਲ ਸਮਗਲਿੰਗ ਵਰਗੇ ਸੰਗਠਿਤ ਅਪਰਾਧਾਂ ਨਾਲ ਲੜਨ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਨਿਰਪੱਖ ਅਤੇ ਕੁਸ਼ਲ ਰੱਖਣ ਵਿੱਚ ਮਦਦ ਕਰੇਗਾ। ਪਬਲਿਕ ਸੇਫਟੀ ਕੈਨੇਡਾ ਨੇ ਕਿਹਾ ਕਿ ਇਹ ਪੁਲਿਸ ਨੂੰ ਸਰਹੱਦ 'ਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਬਿਹਤਰ ਸਾਧਨ ਪ੍ਰਦਾਨ ਕਰਦਾ ਹੈ।

ਇਹ ਕਾਨੂੰਨ ਸੰਘੀ, ਸੂਬਾਈ ਅਤੇ ਖੇਤਰੀ ਸਰਕਾਰਾਂ ਨੂੰ ਜਾਂਚ ਅਤੇ ਤਾਲਮੇਲ ਸੁਧਾਰਨ ਲਈ ਵਧੇਰੇ ਨਿੱਜੀ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਵੀ ਦਿੰਦਾ ਹੈ। ਜਨਤਕ ਹਿੱਤ ਦੇ ਮਾਮਲਿਆਂ ਵਿੱਚ ਮੰਤਰੀ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ ਅਤੇ ਹੋਰ ਦਸਤਾਵੇਜ਼ ਰੱਦ, ਮੁਅੱਤਲ ਜਾਂ ਬਦਲ ਸਕਦਾ ਹੈ। ਸਰਕਾਰ ਕੁਝ ਸ਼੍ਰੇਣੀਆਂ ਵਿੱਚ ਨਵੀਆਂ ਅਰਜ਼ੀਆਂ ਸਵੀਕਾਰ ਕਰਨ ਜਾਂ ਪ੍ਰੋਸੈਸ ਕਰਨ ਨੂੰ ਵੀ ਰੋਕ ਸਕਦੀ ਹੈ।

ਪਰ ਕਈ ਸਮੂਹਾਂ ਨੇ ਇਸ ਕਾਨੂੰਨ ਦੀ ਆਲੋਚਨਾ ਕੀਤੀ ਹੈ। ਕੈਨੇਡੀਅਨ ਕੌਂਸਲ ਫਾਰ ਰਿਫਿਊਜੀਜ਼ ਦਾ ਕਹਿਣਾ ਹੈ ਕਿ ਇਹ ਸ਼ਰਨਾਰਥੀਆਂ ਲਈ ਸੁਰੱਖਿਆ ਨੂੰ ਕਮਜ਼ੋਰ ਕਰਦਾ ਹੈ ਅਤੇ ਅੰਤਰਰਾਸ਼ਟਰੀ ਨਿਯਮਾਂ ਅਤੇ ਕੈਨੇਡੀਅਨ ਚਾਰਟਰ ਆਫ ਰਾਈਟਸ ਦੇ ਤਹਿਤ ਕੈਨੇਡਾ ਦੇ ਵਾਅਦਿਆਂ ਨੂੰ ਤੋੜ ਸਕਦਾ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਅਤੇ ਹੋਰ ਅਧਿਕਾਰ ਸਮੂਹ ਇਸ ਨੂੰ ਸ਼ਰਨਾਰਥੀ ਅਤੇ ਪ੍ਰਵਾਸੀ ਅਧਿਕਾਰਾਂ 'ਤੇ ਹਮਲਾ ਮੰਨਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਇਹ ਇਮੀਗ੍ਰੇਸ਼ਨ ਅਤੇ ਰਿਫਿਊਜੀ ਬੋਰਡ ਦੇ ਸਾਹਮਣੇ ਪੂਰੀ ਸੁਣਵਾਈ ਤੋਂ ਇਨਕਾਰ ਕਰਕੇ ਹਜ਼ਾਰਾਂ ਲੋਕਾਂ ਨੂੰ ਹਿੰਸਾ ਜਾਂ ਅੱਤਿਆਚਾਰ ਦੇ ਖਤਰੇ ਵਿੱਚ ਪਾ ਦੇਵੇਗਾ। ਕੁਝ ਮਾਮਲਿਆਂ ਵਿੱਚ ਹਟਾਉਣ (ਡਿਪੋਰਟ ਕਰਨ) ਤੋਂ ਪਹਿਲਾਂ ਸਿਰਫ ਇੱਕ ਤੇਜ਼ ਜੋਖਮ ਜਾਂਚ ਹੋ ਸਕਦੀ ਹੈ, ਜਿਸ ਨੂੰ ਆਲੋਚਕ ਨਿਰਪੱਖ ਜਾਂ ਸੁਤੰਤਰ ਨਹੀਂ ਮੰਨਦੇ।

# ਪੋਪ ਨੇ ਦਿੱਤਾ ਸ਼ਾਂਤੀ ਅਤੇ ਅਹਿੰਸਾ ਦਾ ਸ਼ਕਤੀਸ਼ਾਲੀ ਸੰਦੇਸ਼

ਵੈਟੀਕਨ ਸਿਟੀ/ਏ.ਟੀ.ਨਿਊਜ਼: ਇਸਾਈ ਭਾਈਚਾਰੇ ਦੇ ਸਭ ਤੋਂ ਵੱਡੇ ਧਾਰਮਿਕ ਨੇਤਾ ਪੋਪ ਲੀਓ (ਚੌਦਵੇਂ), ਨੇ ਮੱਧ ਪੂਰਬ ਵਿੱਚ ਚੱਲ ਰਹੀ ਭਿਆਨਕ ਜੰਗ ਦੇ ਵਿਚਕਾਰ ਸ਼ਾਂਤੀ ਅਤੇ ਅਹਿੰਸਾ ਦਾ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੱਤਾ ਹੈ। ਆਪਣੇ ਸੰਬੋਧਨ ਵਿੱਚ, ਪੋਪ ਨੇ ਕਿਸੇ ਦਾ ਨਾਮ ਲਏ ਬਿਨਾਂ, ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ 'ਤੇ ਤਿੱਖਾ ਹਮਲਾ ਕੀਤਾ।



ਬਾਈਬਲ ਦਾ ਹਵਾਲਾ ਦਿੰਦੇ ਹੋਏ, ਪੋਪ ਨੇ ਚਿਤਾਵਨੀ ਦਿੱਤੀ ਕਿ ਰੱਬ ਉਨ੍ਹਾਂ ਨੇਤਾਵਾਂ ਦੀਆਂ ਪ੍ਰਾਰਥਨਾਵਾਂ ਨੂੰ ਸਵੀਕਾਰ ਨਹੀਂ ਕਰਦਾ, ਜੋ ਯੁੱਧ ਸ਼ੁਰੂ ਕਰਦੇ ਹਨ। ਬਾਈਬਲ ਦੀ ਇੱਕ ਲਾਈਨ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਕਿਹਾ, 'ਤੁਸੀਂ ਕਿੰਨੀਆਂ ਵੀ ਪ੍ਰਾਰਥਨਾਵਾਂ ਕਰੋ, ਮੈਂ ਨਹੀਂ ਸੁਣਾਂਗਾ, ਕਿਉਂਕਿ ਤੁਹਾਡੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ'। ਇਹ ਬਿਆਨ ਅਮਰੀਕਾ, ਇਜ਼ਰਾਇਲ ਅਤੇ ਇਰਾਨ ਵਿਚਕਾਰ ਜੰਗ ਨੂੰ ਹਵਾ ਦੇਣ ਵਾਲੇ ਆਗੂਆਂ ਪ੍ਰਤੀ ਸਿੱਧਾ ਜਵਾਬ ਹੈ। ਇਸਨੂੰ ਆਲੋਚਨਾ ਵਜੋਂ ਦੇਖਿਆ ਜਾ ਰਿਹਾ ਹੈ ਪੋਪ ਨੇ ਯਿਸੂ ਨੂੰ 'ਸ਼ਾਂਤੀ ਦਾ ਰਾਜਾ' ਕਿਹਾ ਅਤੇ ਕਿਹਾ ਕਿ ਉਨ੍ਹਾਂ ਨੇ ਹਿੰਸਾ ਦੀ ਬਜਾਏ ਨਿਮਰਤਾ ਅਤੇ ਕੁਰਬਾਨੀ ਦਾ ਰਸਤਾ ਚੁਣਿਆ। ਉਨ੍ਹਾਂ ਅੱਗੇ ਕਿਹਾ ਕਿ ਯਿਸੂ ਮਸੀਹ ਲੋਕਾਂ ਵਿਚਕਾਰ ਦੂਰੀ ਨੂੰ ਮਿਟਾਉਣ ਅਤੇ ਮਨੁੱਖਤਾ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਲਈ ਆਏ ਸਨ। ਪੋਪ ਨੇ ਸਖ਼ਤ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਧਰਮ ਜਾਂ ਪਰਮਾਤਮਾ ਨੂੰ ਕਿਸੇ ਵੀ ਟਕਰਾਅ ਜਾਂ ਯੁੱਧ ਨੂੰ ਜਾਇਜ਼ ਠਹਿਰਾਉਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ।

ਜ਼ਿਕਰਯੋਗ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਮੱਧ ਪੂਰਬ ਵਿੱਚ ਜੰਗ ਕਾਰਨ ਸਥਿਤੀ ਬਹੁਤ ਖ਼ਤਰਨਾਕ ਮੋੜ 'ਤੇ ਪਹੁੰਚ ਗਈ ਹੈ। ਜਦੋਂ ਕਿ ਅਮਰੀਕਾ ਨੇ ਇਸ ਖੇਤਰ ਵਿੱਚ ਆਪਣੀ ਸਭ ਤੋਂ ਵੱਡੀ ਫ਼ੌਜੀ ਤਾਇਨਾਤੀ ਕੀਤੀ ਹੈ, ਯੁੱਧ ਕਾਰਨ ਬਹੁਤਾ ਜਾਨੀ ਨੁਕਸਾਨ ਹੋਇਆ ਹੈ। ਅਜਿਹੇ ਮਾਹੌਲ ਵਿੱਚ, ਪੋਪ ਦੇ ਇਸ ਬਿਆਨ ਨੂੰ ਵਿਸ਼ਵ ਪੱਧਰ 'ਤੇ ਇੱਕ ਵੱਡਾ ਕੂਟਨੀਤਕ ਅਤੇ ਨੈਤਿਕ ਸੰਦੇਸ਼ ਮੰਨਿਆ ਜਾ ਰਿਹਾ ਹੈ।

# ਆਸਟ੍ਰੇਲੀਆ 'ਚ ਤੇਲ ਸੰਕਟ ਕਾਰਨ ਕੀਮਤਾਂ ਵਧੀਆਂ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਤੇਲ ਸੰਕਟ ਕਾਰਨ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਪ੍ਰਤੀ ਲਿਟਰ ਪੈਟਰੋਲ ਦੀ ਕੀਮਤ ਲਗਭਗ 2.07 ਡਾਲਰ ਹੈ ਅਤੇ ਕੁਝ ਖੇਤਰਾਂ ਵਿੱਚ ਇਹ 3 ਡਾਲਰ ਤੱਕ ਪਹੁੰਚ ਗਈ ਹੈ। ਡੀਜ਼ਲ ਦੀਆਂ ਕੀਮਤਾਂ ਵੀ ਲਗਭਗ 67 ਫ਼ੀਸਦੀ ਵਧ ਗਈਆਂ ਹਨ। ਦੇਸ਼ ਕੋਲ 1.8 ਅਰਬ ਬੈਰੇਲ ਤੇਲ ਦੇ ਭੰਡਾਰ ਹਨ ਪਰ ਆਸਟ੍ਰੇਲੀਆ ਦੀ ਖਪਤ ਦਾ ਵੱਡਾ ਹਿੱਸਾ ਦਰਾਮਦ ਈਂਧਨ 'ਤੇ ਨਿਰਭਰ ਕਰਦਾ ਹੈ। ਮੌਜੂਦਾ ਸਟਾਕ ਸਿਰਫ 22 ਤੋਂ 38 ਦਿਨਾਂ ਲਈ ਕਾਫ਼ੀ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਕਹਿ ਰਹੇ ਹਨ ਕਿ ਸਪਲਾਈ ਠੀਕ ਹੈ। ਉਨ੍ਹਾਂ ਲੋਕਾਂ ਨੂੰ ਅਫ਼ਵਾਹ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾਂ ਪੁਸ਼ਟੀ ਕੀਤੀ ਕਿ ਚੀਨ ਅਤੇ ਹੋਰ ਸਪਲਾਇਰਾਂ ਤੋਂ 8 ਅਪ੍ਰੈਲ ਤੱਕ ਜੈੱਟ ਈਂਧਨ ਦੇ ਛੇ ਟੈਂਕਰ ਆਸਟ੍ਰੇਲੀਆ ਪੁੱਜਣਗੇ। ਦੂਜੇ ਪਾਸੇ ਵਿਰੋਧੀ ਧਿਰ ਸਰਕਾਰ ਨੂੰ ਕਮਜ਼ੋਰ ਦੱਸਦਿਆਂ ਸਪਲਾਈ ਤੇਜ਼ ਕਰਨ 'ਤੇ ਜ਼ੋਰ ਦੇ ਰਹੀ ਹੈ। ਈਂਧਨ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਘਰੇਲੂ ਸਾਮਾਨ ਦੀ ਖ਼ਰੀਦਦਾਰੀ ਅਤੇ ਹੋਰ ਲੋੜਾਂ 'ਤੇ ਵੀ ਪੈ ਰਿਹਾ ਹੈ। ਸਰਕਾਰ ਨੇ ਜਨਤਕ ਰੇਲ-ਬੱਸ ਸੇਵਾਵਾਂ ਦੀ ਵਰਤੋਂ ਕਰਨ ਅਤੇ ਘਰਾਂ ਤੋਂ ਆਨਲਾਈਨ ਕੰਮ ਕਰਨ ਦੀ ਸਲਾਹ ਦਿੱਤੀ ਹੈ।



# ਉੱਤਰੀ ਕੋਰੀਆ ਵੱਲੋਂ 'ਸੁਪਰ ਪਾਵਰ' ਮਿਜ਼ਾਈਲ ਇੰਜਣ ਦਾ ਸ਼ਫਲ ਪ੍ਰੀਖਣ

ਪਿਓਂਗਯਾਂਗ/ਏ.ਟੀ.ਨਿਊਜ਼: ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ ਨੇ ਇੱਕ ਵਾਰ ਫ਼ਿਰ ਅਮਰੀਕਾ ਸਮੇਤ ਪੂਰੀ ਦੁਨੀਆ ਦੀਆਂ ਧੜਕਣਾਂ ਵਧਾ ਦਿੱਤੀਆਂ ਹਨ। ਸਰਕਾਰੀ ਮੀਡੀਆ ਅਨੁਸਾਰ ਉੱਤਰੀ ਕੋਰੀਆ ਨੇ ਪਿਛਲੇ ਦਿਨੀਂ ਇੱਕ ਉੱਚ-ਸਮਰੱਥਾ ਵਾਲੇ ਠੋਸ-ਈਂਧਨ ਇੰਜਣ ਦਾ ਸਫ਼ਲ ਪ੍ਰੀਖਣ ਕੀਤਾ ਹੈ। ਇਸ ਨਵੇਂ ਇੰਜਣ ਦੀ ਮਦਦ ਨਾਲ ਉੱਤਰੀ ਕੋਰੀਆ ਹੁਣ ਅਜਿਹੀਆਂ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਵਿਕਸਿਤ ਕਰਨ ਦੇ ਰਾਹ 'ਤੇ ਹੈ, ਜੋ ਸਿੱਧਾ ਅਮਰੀਕੀ ਮੁੱਖ ਭੂਮੀ ਨੂੰ ਆਪਣਾ ਨਿਸ਼ਾਨਾ ਬਣਾ ਸਕਦੀਆਂ ਹਨ।



### ਪਹਿਲਾਂ ਨਾਲੋਂ ਕਿਤੇ ਵੱਧ ਤਾਕਤਵਰ ਹੈ ਨਵਾਂ ਇੰਜਣ

ਇਸ ਨਵੇਂ ਅਪਗ੍ਰੇਡ ਕੀਤੇ ਇੰਜਣ ਵਿੱਚ ਕੰਪੋਜ਼ਿਟ ਕਾਰਬਨ ਫ਼ਾਈਬਰ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਰਿਪੋਰਟਾਂ ਅਨੁਸਾਰ, ਇਸ ਇੰਜਣ ਦੀ ਅਧਿਕਤਮ ਸਮਰੱਥਾ 2,500 ਕਿਲੋਟਨ ਮਾਪੀ ਗਈ ਹੈ, ਜੋ ਕਿ ਪਿਛਲੇ ਸਤੰਬਰ ਵਿੱਚ ਹੋਏ ਪ੍ਰੀਖਣ (1,971 ਕਿਲੋਟਨ) ਨਾਲੋਂ ਕਿਤੇ ਜ਼ਿਆਦਾ ਹੈ। ਰੱਖਿਆ ਮਾਹਰਾਂ ਦਾ ਮੰਨਣਾ ਹੈ ਕਿ ਇਸ ਵਧਦੀ ਤਾਕਤ ਦਾ ਮੁੱਖ ਉਦੇਸ਼ ਇੱਕੋ ਮਿਜ਼ਾਈਲ 'ਤੇ ਕਈ ਹਥਿਆਰ ਤਾਇਨਾਤ ਕਰਨਾ ਹੈ, ਤਾਂ ਜੋ ਅਮਰੀਕੀ ਰੱਖਿਆ ਪ੍ਰਣਾਲੀਆਂ ਨੂੰ (ਬਾਕੀ ਸਫ਼ਾ 27 'ਤੇ)

# ਜਰਮਨ ਵਿੱਚ ਪੰਜਾਬੀਆਂ ਲਈ 'ਸੁਨਹਿਰੀ ਮੌਕਾ': 90,000 ਵੀਜ਼ਿਆਂ ਦਾ ਖੁੱਲ੍ਹਿਆ ਪਿਟਾਰਾ

## ਜਰਮਨ ਸਰਕਾਰ ਭਾਰਤੀ ਹੁਨਰਮੰਦ ਕਾਮਿਆਂ ਨੂੰ ਸੱਦਣ ਲੱਗੀ

ਜਰਮਨੀ ਇਸ ਵੇਲੇ ਗੰਭੀਰ ਹੁਨਰਮੰਦ ਕਾਮਿਆਂ ਦੀ ਘਾਟ ਨਾਲ ਲੜ ਰਿਹਾ ਹੈ। ਪੁਰਾਣੀ ਪੀੜ੍ਹੀ ਦੇ ਰਿਟਾਇਰ ਹੋਣ ਅਤੇ ਘੱਟ ਜਨਮ ਦਰ ਕਾਰਨ ਉਸ ਦੀ ਆਰਥਿਕਤਾ ਨੂੰ ਹਰ ਸਾਲ ਲਗਭਗ 2,88,000 ਵਿਦੇਸ਼ੀ ਕਾਮਿਆਂ ਦੀ ਲੋੜ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਜਰਮਨੀ ਨੇ ਭਾਰਤ ਵੱਲ ਰੁਖ ਕੀਤਾ ਹੈ। ਜਰਮਨ ਨੇ ਭਾਰਤੀ ਨੌਜਵਾਨਾਂ ਲਈ ਵੋਕੇਸ਼ਨਲ ਟ੍ਰੇਨਿੰਗ ਅਤੇ ਸਕਿਲਡ ਵਰਕ ਵੀਜ਼ਾ ਦੇ ਰਾਹ ਖੋਲ੍ਹ ਦਿੱਤੇ ਗਏ ਹਨ। 2022 ਵਿੱਚ ਭਾਰਤ ਅਤੇ ਜਰਮਨੀ ਵਿਚਾਲੇ ਮਾਈਗ੍ਰੇਸ਼ਨ ਐਂਡ ਮੋਬਿਲਟੀ ਪਾਰਟਨਰਸ਼ਿਪ ਸਮਝੌਤਾ ਹੋਣ ਤੋਂ ਬਾਅਦ ਭਾਰਤੀਆਂ ਲਈ ਵੀਜ਼ਾ ਪ੍ਰਕਿਰਿਆ ਆਸਾਨ ਹੋ ਗਈ। 2024 ਵਿੱਚ ਜਰਮਨੀ ਨੇ ਭਾਰਤੀਆਂ ਲਈ ਸਕਿਲਡ ਵਰਕ ਵੀਜ਼ਾ ਕੋਟਾ 20,000 ਤੋਂ ਵਧਾ ਕੇ 90,000 ਕਰ ਦਿੱਤਾ। ਇਸ ਨਾਲ 2015 ਵਿੱਚ 23,320 ਭਾਰਤੀ ਕਾਮਿਆਂ ਦੀ ਗਿਣਤੀ 2024 ਤੱਕ 1,36,670 ਤੱਕ ਪਹੁੰਚ ਗਈ ਸੀ। ਇਨ੍ਹਾਂ ਵਿੱਚ ਬਹੁਤੇ ਪੰਜਾਬੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਰੈਸਟੋਰੈਂਟਾਂ, ਟ੍ਰਾਂਸਪੋਰਟ ਅਤੇ ਹੁਨਰਮੰਦ ਟ੍ਰੇਡਾਂ ਵਿੱਚ ਮੌਕੇ ਮਿਲ ਰਹੇ ਹਨ।

ਜਰਮਨੀ ਵਿੱਚ ਸਿਰਫ਼ ਇੰਜੀਨੀਅਰ ਜਾਂ ਡਾਕਟਰਾਂ ਦੀ ਹੀ ਲੋੜ ਨਹੀਂ ਹੈ, ਸਗੋਂ ਉਨ੍ਹਾਂ ਕਿੱਤਿਆਂ ਵਿੱਚ ਵੱਡੀ ਘਾਟ ਹੈ ਜਿਨ੍ਹਾਂ ਨੂੰ ਭਾਰਤ ਵਿੱਚ ਅਕਸਰ ਛੋਟਾ ਸਮਝਿਆ ਜਾਂਦਾ ਹੈ। ਕਸਾਈ, ਬੇਕਰ, ਮਿਸਤਰੀ ਅਤੇ ਮੈਕੈਨਿਕਸ ਦੀ ਮੰਗ ਸਿਖਰਾਂ 'ਤੇ ਹੈ। ਉਦਾਹਰਣ ਵਜੋਂ, ਜਰਮਨੀ ਵਿੱਚ ਕਸਾਈ ਦੇ ਕਾਰੋਬਾਰ 19,000 ਤੋਂ ਘਟ ਕੇ 11,000 ਰਹਿ ਗਏ ਹਨ। ਅਦਿਤੀ ਬੈਨਰਜੀ ਅਤੇ ਵਾਨ ਉਂਗਰਨ-ਸਟਰਨਬਰਗ ਵਰਗੇ ਲੋਕ 'ਮੈਜਿਕ ਬਿਲੀਅਨ' ਵਰਗੀਆਂ ਏਜੰਸੀਆਂ ਰਾਹੀਂ ਭਾਰਤੀ ਨੌਜਵਾਨਾਂ ਨੂੰ ਸਿੱਧੀ ਟ੍ਰੇਨਿੰਗ ਅਤੇ ਰੁਜ਼ਗਾਰ ਨਾਲ ਜੋੜ ਰਹੇ ਹਨ।

ਜਰਮਨੀ ਵਿੱਚ ਪੰਜਾਬੀਆਂ ਦੀ ਗਿਣਤੀ ਭਾਵੇਂ ਕੈਨੇਡਾ ਜਾਂ ਯੂਕੇ ਦੇ ਮੁਕਾਬਲੇ ਘੱਟ (15,000-25,000) ਹੈ, ਪਰ ਉਨ੍ਹਾਂ ਦੀ ਸਮਾਜਿਕ ਪਕੜ ਮਜ਼ਬੂਤ ਹੋ ਰਹੀ ਹੈ। ਜਰਮਨੀ ਵਿੱਚ ਲਗਭਗ 35 ਗੁਰਦੁਆਰੇ ਹਨ, ਜੋ ਨਾ ਸਿਰਫ਼ ਅਧਿਆਤਮਿਕਤਾ ਸਗੋਂ ਨਵੇਂ ਆਉਣ ਵਾਲੇ ਨੌਜਵਾਨਾਂ ਲਈ ਸਮਾਜਿਕ ਸੁਰੱਖਿਆ ਨੈੱਟਵਰਕ ਵਜੋਂ ਕੰਮ ਕਰਦੇ ਹਨ। ਰੈਸਟੋਰੈਂਟ ਇੰਡਸਟਰੀ ਤੋਂ ਬਾਅਦ ਹੁਣ ਪੰਜਾਬੀ ਨੌਜਵਾਨ ਲੌਜਿਸਟਿਕਸ (ਟਰੱਕ ਡਰਾਈਵਿੰਗ), ਮੈਕੈਨਿਕਲ ਇੰਜੀਨੀਅਰਿੰਗ ਅਤੇ ਨਗਰ ਪਾਲਿਕਾਵਾਂ ਵਿੱਚ ਸੇਵਾਵਾਂ ਦੇ ਰਹੇ ਹਨ।

ਪੰਜਾਬੀ ਨੌਜਵਾਨਾਂ ਲਈ ਇਹ ਸੁਨਹਿਰੀ ਮੌਕਾ ਹੈ। ਭਾਰਤ ਵਿੱਚ ਬੇਰੁਜ਼ਗਾਰੀ ਅਤੇ ਘੱਟ ਤਨਖਾਹਾਂ ਕਾਰਨ ਯੂਰਪ ਵੱਲ ਰੁਖ ਵਧ ਰਿਹਾ ਹੈ। ਜਰਮਨੀ ਦਾ ਇਹ ਮਾਡਲ ਪੰਜਾਬੀ ਨੌਜਵਾਨਾਂ ਲਈ ਡਿਗਰੀ ਬਨਾਮ ਹੁਨਰ ਦੀ ਜੰਗ ਵਿੱਚ ਇੱਕ ਨਵਾਂ ਰਾਹ ਦਿਖਾਉਂਦਾਹੈ। ਜੇਕਰ ਨੌਜਵਾਨ ਜਰਮਨ ਭਾਸ਼ਾ ਸਿੱਖਣ ਅਤੇ ਵੋਕੇਸ਼ਨਲ ਟ੍ਰੇਨਿੰਗ (ਕੰਮ ਸਿੱਖਣ) ਲਈ ਤਿਆਰ ਹਨ, ਤਾਂ ਜਰਮਨੀ ਉਨ੍ਹਾਂ ਨੂੰ ਨਾ ਸਿਰਫ਼ ਵਧੀਆ ਤਨਖ਼ਾਹ, ਸਗੋਂ ਇੱਕ ਸੁਰੱਖਿਅਤ ਸਮਾਜਿਕ ਜੀਵਨ ਵੀ ਪ੍ਰਦਾਨ ਕਰ ਰਿਹਾ ਹੈ। ਮਾਹਿਰਾਂ ਦੀ ਸਲਾਹ ਹੈ ਕਿ ਏਜੰਟਾਂ ਦੇ ਮਗਰ ਲੱਗ ਕੇ ਗ਼ੈਰ-ਕਾਨੂੰਨੀ ਰਸਤੇ ਅਪਣਾਉਣ ਦੀ ਬਜਾਏ, ਇੰਡੀਆ ਵਰਕਸ ਵਰਗੀਆਂ ਅਧਿਕਾਰਤ ਸੰਸਥਾਵਾਂ ਰਾਹੀਂ ਸਕਿਲਡ ਵੀਜ਼ਾ ਲਈ ਅਪਲਾਈ ਕਰਨਾ ਭਵਿੱਖ ਲਈ ਸਭ ਤੋਂ ਵਧੀਆ ਕਦਮ ਹੈ।

## ਬਰਸੀ 'ਤੇ ਵਿਸ਼ੇਸ਼

# ਦਰਵੇਸ਼ ਸਿਆਸਤਦਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ

**ਕਰਨੈਲ ਸਿੰਘ ਪੰਜੋਲੀ**

ਇਮਾਨਦਾਰੀ, ਪੰਥ ਪ੍ਰਸਤੀ, ਲੋਕ ਸੇਵਾ ਅਤੇ ਸਖ਼ਤ ਮਿਹਨਤ ਦੇ ਸਹਾਰੇ ਰਾਜਿਆਂ, ਰਜਵਾੜਿਆਂ, ਜਗੀਰਦਾਰਾਂ ਅਤੇ ਸਰਮਾਏਦਾਰਾਂ ਨਾਲ ਆਖ਼ਰੀ ਸਾਹਾਂ ਤੱਕ ਲੜੇ ਜਥੇਦਾਰ ਗੁਰਚਰਨ ਸਿੰਘ ਟੌਹੜਾ। ਨਾਭੇ ਰਿਆਸਤ ਦਾ ਪਿੰਡ ਟੌਹੜਾ ਭਾਵੇਂ ਜਨ ਸੰਖਿਆ ਪੱਖੋਂ ਭਾਵੇਂ ਬਹੁਤ ਛੋਟਾ ਸੀ ਪਰੰਤੂ ਪੰਥ ਪ੍ਰਸਤੀ ਪੱਖੋਂ ਬਹੁਤ ਮਹਾਨ ਸੀ ਅਤੇ ਹੈ । ਇਸ ਪਿੰਡ ਦੇ ਪੰਜ ਘਰਾਣੇ ਨਾਭੇ ਰਿਆਸਤ ਵਿੱਚੋਂ ਜਲਾਵਤਨ ਕਰ ਦਿੱਤੇ ਗਏ ਸਨ। ਇਸ ਪਿੰਡ ਦੇ ਲੋਕਾਂ ਨੇ ਲੋਕ ਲਹਿਰਾਂ ਅਤੇ ਅਕਾਲੀ ਮੋਰਚਿਆਂ ਵਿੱਚ ਗੌਰਵਮਈ ਰੋਲ ਨਿਭਾਇਆ । ਇਸੇ ਪਿੰਡ ਦੇ ਜੰਮਪਲ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪੰਥਕ ਖੇਤਰ ਵਿੱਚ ਮਾਣ-ਮੱਤੀ ਸੇਵਾ ਕੀਤੀ ਹੈ । ਬਾਬੇ ਨਾਨਕ ਦੇ ਕਿਰਤ ਦੇ ਸਿਧਾਂਤ ਦਾ ਪੱਲਾ ਫੜਕੇ ਗੁਰਮਤਿ ਦੇ ਗਾਡੀ ਰਾਹ ਉੱਤੇ ਤੁਰਦਿਆਂ ਇਸ ਗਰੀਬ ਗੁਰਸਿੱਖ ਅਤੇ ਪੰਥ ਪ੍ਰਸਤ ਆਗੂ ਨੇ ਆਪਣੀ ਇਮਾਨਦਾਰੀ, ਪੰਥਕ ਸੇਵਾ ਅਤੇ ਸਖ਼ਤ ਮਿਹਨਤ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਰਾਹੀਂ ਸੰਸਾਰ ਵਿੱਚ ਜੋ ਸਨਮਾਨ ਖੱਟਿਆ ਹੈ ਉਹ ਸਾਡੇ ਤੁਹਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਅਤੇ ਕਿਰਤੀ ਲੋਕਾਂ ਲਈ ਰਾਹ ਦਸੇਰਾ ਵੀ ਹੈ । ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਲਾਲੋਆਂ ਦੇ ਕਾਫ਼ਲੇ ਦੀ ਅਗਵਾਈ ਕਰਦਿਆਂ ਧਰਤੀ ਤੋਂ ਉੱਠ ਕੇ ਅਕਾਸ਼ ਨੂੰ ਛੂਹਣ ਤੱਕ ਦੀ ਮੰਜ਼ਲ ਨੂੰ ਪ੍ਰਾਪਤ ਕੀਤਾ । ਗੁਰਮੁਖ ਵਾਂਗੂੰ ਹਰ ਰੋਜ਼ ਬਾਣੀ ਪੜ੍ਹਨੀ, ਕੀਰਤਨ ਕਰਨਾ ਅਤੇ ਦਸਾਂ ਨੌਂਹਾਂ ਦੀ ਕਿਰਤ ਕਮਾਈ ਕਰਕੇ ਲੋਕ ਸੇਵਾ ਅਤੇ ਪੰਥਕ ਸੇਵਾ ਕਰਨ ਲਈ ਰੋਜ਼ ਮਰਾ ਦਾ ਸਫ਼ਰ ਪੂਰਾ ਕਰਨਾ, ਕਠਿਨ ਤਪੱਸਿਆ ਸੀ ਪਰੰਤੂ ਉਨ੍ਹਾਂ ਇਹ ਸੇਵਾ ਨਿਤਨੇਮ ਵਾਂਗ ਨਿਭਾਈ ਅਤੇ ਇਸ ਉੱਤੇ ਅਮਲ ਵੀ ਕੀਤਾ । ਇਹ ਵੀ ਸੱਚ ਹੈ ਕਿ ਕਿਰਤੀਆਂ ਕਾਮਿਆ ਅਤੇ ਗੁਰਮੁਖਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਜਿੰਨਾ ਚਿਰ ਟਕਸਾਲੀ ਅਕਾਲੀਆਂ ਪਾਸ ਰਹੀ ਉਤਨਾ ਚਿਰ ਇਸ ਜਥੇਬੰਦੀ ਨੇ ਸਿਧਾਂਤਾਂ ਦੀ ਪਹਿਰੇਦਾਰੀ ਕਰਦਿਆਂ , ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਦਿੱਲੀ ਦੇ ਹਰ ਉਸ ਸ਼ਾਸਕ ਨਾਲ ਟੱਕਰ ਲਈ ਜਿਸ ਨੇ ਵੀ ਪੰਥ ਅਤੇ ਪੰਜਾਬ ਦੀ ਪੱਗ ਨੂੰ ਹੱਥ ਪਾਇਆ। ਇਹ ਵੀ ਸੱਚ ਹੈ ਕਿ ਜਦੋਂ ਰਾਜੇ ,ਰਜਵਾੜਿਆਂ, ਜਗੀਰਦਾਰਾਂ ਅਤੇ ਸਰਮਾਏਦਾਰਾਂ ਨੇ ਇਸ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਉੱਤੇ ਸਰਮਾਏ ਦੇ ਜ਼ੋਰ ਨਾਲ ਕਬਜ਼ਾ ਕਰ ਲਿਆ ਤਾਂ ਇਸ ਦਾ ਪਤਨ ਵੀ ਇਤਨਾ ਗਹਿਰਾ ਹੋ ਗਿਆ ਜਿੱਥੋਂ ਕੱਢਣਾ ਅਸੰਭਵ ਲੱਗਦਾ ਹੈ। ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪੰਥਕ ਸਿਆਸਤ ਤੋਂ ਬਾਹਰ ਧੱਕਣ ਲਈ ਜਿੰਨਾ ਜ਼ੋਰ ਸਮੇਂ ਦੀਆਂ ਸਰਕਾਰਾਂ ਨੇ ਲਾਇਆ ਉਸ ਤੋਂ ਕਿਤੇ ਵੱਧ ਸ਼੍ਰੋਮਣੀ ਅਕਾਲੀ ਦਲ ਉੱਤੇ ਸਰਮਾਏ ਦੇ ਜ਼ੋਰ ਨਾਲ ਕਾਬਜਧਾਰੀ ਜਗੀਰਦਾਰਾਂ ਨੇ ਵੀ ਕੀਤਾ। ਬਦਕਿਸਮਤੀ ਇਹ ਵੀ ਰਹੀ ਕਿ ਪੰਥ ਵਿਚਲੀਆਂ ਜੁਝਾਰੂ ਜਥੇਬੰਦੀਆਂ ਵੀ ਜਗੀਰਦਾਰਾਂ ਅਤੇ ਸਰਕਾਰੀ ਏਜੰਸੀਆਂ ਦੇ ਗੁਮਰਾਹਕੁੰਨ ਪ੍ਰਚਾਰ ਵਿੱਚ ਫਸ ਕੇ ਟੌਹੜਾ ਸਾਹਿਬ ਉੱਤੇ ਹਮਲਾਵਰ ਹੋ ਗਈਆਂ। ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਜਿੰਨਾ ਚਿਰ ਸਰੀਰ ਰੂਪ ਵਿੱਚ ਸੰਸਾਰ ਵਿੱਚ ਰਹੇ ਧਰੂੰ ਤਾਰੇ ਵਾਂਗੂੰ ਚਮਕਦੇ ਰਹੇ। ਜਦੋਂ ਦੁਨੀਆ ਤੋਂ ਰੁਖ਼ਸਤ ਹੋਏ ਤਾਂ ਇੰਝ ਲੱਗਦਾ ਹੈ ਜਿਵੇਂ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਪੰਥਕ ਰੂਹ ਹੀ ਕੱਢ ਕੇ ਲੈ ਗਏ ਹੋਣ। ਮੈਨੂੰ ਮਾਣ ਹੈ ਕਿ ਮੈਂ ਪੂਰਾ ਜੀਵਨ ਇਸ ਮਹਾਨ ਪੰਥ ਸੇਵਕ ਆਗੂ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਰਾਹੀਂ ਪੰਥ ਦੀ ਮਾਣ-ਮੱਤੀ ਸੇਵਾ ਕੀਤੀ ਹੈ ।





## ਘੱਲੂਘਾਰਾ ਜੂਨ '84 ਦੌਰਾਨ ਜ਼ਬਤ ਕੀਮਤੀ ਵਸਤਾਂ ਦਾ ਮਾਮਲਾ

# ਹਾਈਕੋਰਟ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਨੋਟਿਸ


## ਕੀ ਸ਼੍ਰੋਮਣੀ ਕਮੇਟੀ ਨੇ ਸਾਂਭਿਆ ਨਹੀਂ ਸਿੱਖ ਵਿਰਸਾ, ਅਦਾਲਤ ਵਿੱਚ ਉੱਠੇ ਕਮੇਟੀ ਦੇ ਰਵੱਈਏ 'ਤੇ ਸਵਾਲ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਾਲ 1984 ਵਿੱਚ ਹੋਏ ਸਿੱਖ ਘੱਲੂਘਾਰਾ ਜੂਨ 84 ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਜ਼ਬਤ ਕੀਤੀਆਂ ਗਈਆਂ ਇਤਿਹਾਸਕ ਤੇ ਧਾਰਮਿਕ ਵਸਤਾਂ ਦੇ ਮਾਮਲੇ ਵਿੱਚ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ। ਅਦਾਲਤ ਨੇ ਇਸ ਸਬੰਧੀ ਕੇਂਦਰ ਸਰਕਾਰ, ਪੰਜਾਬ ਸਰਕਾਰ, ਭਾਰਤੀ ਫ਼ੌਜ ਅਤੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ।

ਕੀ ਹੈ ਪੂਰਾ ਮਾਮਲਾ ?

ਪਟੀਸ਼ਨਰ ਸਤਿੰਦਰ ਸਿੰਘ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸਿੱਖ ਘਲੂਘਾਰਾ ਜੂਨ 84 ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ, ਤੋਸ਼ਾਖਾਨਾ, ਸੈਂਟਰਲ ਸਿੱਖ ਮਿਊਜ਼ੀਅਮ ਅਤੇ ਗੁਰੂ ਰਾਮਦਾਸ ਲਾਇਬ੍ਰੇਰੀ ਤੋਂ ਜੋ ਵੀ ਹੱਥ-ਲਿਖਤਾਂ, ਧਾਰਮਿਕ ਗ੍ਰੰਥ ਅਤੇ ਹੋਰ ਦੁਰਲੱਭ ਚੀਜ਼ਾਂ ਜ਼ਬਤ ਕੀਤੀਆਂ ਗਈਆਂ ਸਨ, ਉਨ੍ਹਾਂ ਦੀ ਜਾਣਕਾਰੀ ਜਨਤਕ ਕੀਤੀ ਜਾਵੇ। ਪਟੀਸ਼ਨਰ ਦੇ ਵਕੀਲ ਨੇ ਅਪੀਲ ਕੀਤੀ ਹੈ ਕਿ ਸਰਕਾਰ ਅਤੇ ਸਬੰਧਤ ਏਜੰਸੀਆਂ ਨੂੰ ਉਨ੍ਹਾਂ ਸਾਰੀਆਂ ਵਸਤਾਂ ਦੀ ਇੱਕ ਵਿਸਤ੍ਰਿਤ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਜਾਣ ਜੋ ਜ਼ਬਤ ਕੀਤੀਆਂ ਗਈਆਂ ਸਨ। ਇਹ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਇਤਿਹਾਸਕ ਵਸਤਾਂ ਨੂੰ ਆਮ ਸੰਗਤ ਦੇ ਦਰਸ਼ਨਾਂ ਅਤੇ ਖੋਜਾਰਥੀਆਂ ਦੇ ਅਧਿਐਨ ਲਈ ਜਨਤਕ ਕੀਤਾ ਜਾਣਾ ਚਾਹੀਦਾ ਹੈ। ਪਟੀਸ਼ਨਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਜੋ ਚੀਜ਼ਾਂ ਵਾਪਸ ਨਹੀਂ ਮਿਲੀਆਂ, ਉਨ੍ਹਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਰਵੱਈਆ ਬਹੁਤ ਢਿੱਲਾ ਰਿਹਾ ਹੈ। ਪਟੀਸ਼ਨ ਵਿੱਚ ਚਿੰਤਾ ਜਤਾਈ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਨਾਲ ਲਿਖੇ ਪਾਵਨ ਸਰੂਪ, ਦਸਮ ਗ੍ਰੰਥ ਅਤੇ ਇਤਿਹਾਸਕ ਹੁਕਮਨਾਮੇ ਵਰਗੀਆਂ ਬੇਸ਼ਕੀਮਤੀ ਚੀਜ਼ਾਂ ਗੁੰਮ ਹੋ ਚੁੱਕੀਆਂ ਹਨ, ਪਰ ਅਜੇ ਤੱਕ ਇਸ ਸਬੰਧੀ ਕੋਈ ਐਫ.ਆਈ.ਆਰ. ਦਰਜ ਨਹੀਂ ਕਰਵਾਈ ਗਈ।

ਹਾਈਕੋਰਟ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੇਂਦਰ, ਪੰਜਾਬ ਸਰਕਾਰ, ਸੀ.ਬੀ.ਆਈ. ਅਤੇ ਫ਼ੌਜ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹੁਣ ਇਨ੍ਹਾਂ ਸਾਰੀਆਂ ਧਿਰਾਂ ਨੂੰ ਅਦਾਲਤ ਵਿੱਚ ਆਪਣਾ ਪੱਖ ਪੇਸ਼ ਕਰਨਾ ਹੋਵੇਗਾ ਕਿ ਅਸਲ ਵਿੱਚ




ਕਿਹੜੀਆਂ ਚੀਜ਼ਾਂ ਜ਼ਬਤ ਹੋਈਆਂ ਸਨ ਅਤੇ ਇਸ ਵੇਲੇ ਉਹ ਕਿੱਥੇ ਹਨ। ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪਿਛਲੇ ਲੰਮੇ ਸਮੇਂ ਤੋਂ ਇਹ ਦਾਅਵਾ ਕਰਦੀ ਆ ਰਹੀ ਹੈ ਕਿ: ਕੇਂਦਰ ਸਰਕਾਰ ਅਤੇ ਫੌਜ ਨੇ ਲਾਇਬ੍ਰੇਰੀ ਦਾ ਸਾਰਾ ਸਾਮਾਨ ਵਾਪਸ ਨਹੀਂ ਕੀਤਾ। ਕਈ ਵਾਰ ਚਿੱਠੀ-ਪੱਤਰ ਕਰਨ ਦੇ ਬਾਵਜੂਦ ਸਰਕਾਰ ਇਹ ਕਹਿ ਕੇ ਪੱਲਾ ਝਾੜ ਲੈਂਦੀ ਰਹੀ ਹੈ ਕਿ ਸਾਮਾਨ ਵਾਪਸ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ 1984 ਵਿੱਚ ਹੋਏ ਨੁਕਸਾਨ ਲਈ ਅਦਾਲਤ ਵਿੱਚ ਕਰੋੜਾਂ ਰੁਪਏ ਦੇ ਹਰਜਾਨੇ ਦਾ ਕੇਸ ਵੀ ਪਹਿਲਾਂ ਹੀ ਦਾਇਰ ਕੀਤਾ ਹੋਇਆ ਹੈ, ਜੋ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਸ਼੍ਰੋਮਣੀ ਕਮੇਟੀ ਅਕਸਰ ਇਹ ਕਹਿੰਦੀ ਹੈ ਕਿ ਕੇਂਦਰੀ ਏਜੰਸੀਆਂ ਸਿੱਖ ਸੰਸਥਾ ਨੂੰ ਬਦਨਾਮ ਕਰਨ ਲਈ ਅਜਿਹਾ ਭੰਬਲਭੂਸਾ ਪੈਦਾ ਕਰਦੀਆਂ ਹਨ ਕਿ ਸਾਮਾਨ ਵਾਪਸ ਕਰ ਦਿੱਤਾ ਗਿਆ ਹੈ, ਜਦਕਿ ਅਸਲ ਵਿੱਚ ਬਹੁਤ ਸਾਰਾ ਕੀਮਤੀ ਸਰਮਾਇਆ ਅਜੇ ਵੀ ਵਾਪਸ ਨਹੀਂ ਮਿਲਿਆ।

ਸ਼੍ਰੋਮਣੀ ਅਨੁਸਾਰ ਹੇਠ ਲਿਖੀਆਂ ਮੁੱਖ ਚੀਜ਼ਾਂ ਅਜੇ ਵੀ ਲਾਪਤਾ ਹਨ ਜਾਂ ਸਰਕਾਰ/ਸੀਬੀਆਈ ਕੋਲ ਹਨ:

1. ਦੁਰਲੱਭ ਹੱਥ-ਲਿਖਤ ਸਰੂਪ

ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਗੁਰੂ ਸਾਹਿਬਾਨ ਦੇ ਸਮੇਂ ਦੇ ਕਈ ਹੱਥ-ਲਿਖਤ ਪਾਵਨ ਸਰੂਪ ਸਨ। ਸ਼੍ਰੋਮਣੀ ਕਮੇਟੀ ਮੁਤਾਬਕ ਲਗਭਗ 512 ਪਾਵਨ ਸਰੂਪ ਫੌਜ ਵੱਲੋਂ ਚੁੱਕੇ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤ ਘੱਟ ਵਾਪਸ ਮਿਲੇ ਹਨ।

ਗੁਰੂ ਸਾਹਿਬਾਨ ਦੇ ਹੱਥਾਂ ਨਾਲ ਲਿਖੀਆਂ ਕੁਝ ਦੁਰਲੱਭ ਪੋਥੀਆਂ ਅਤੇ ਬੀੜਾਂ ਅਜੇ ਵੀ ਗੁੰਮ ਹਨ।

(ਬਾਕੀ ਸਫ਼ਾ 27 'ਤੇ)

# ਇਤਿਹਾਸਿਕ ਸ਼ਹਿਰਾਂ ਨੂੰ ਵਿਸ਼ਵ ਪੱਧਰੀ ਅਧਿਆਤਮਿਕ ਅਤੇ ਸੱਭਿਆਚਾਰਕ ਕੇਂਦਰਾਂ ਵਿੱਚ ਬਦਲਿਆ ਜਾਵੇ : ਮਾਹਿਰ

ਚੰਡੀਗੜ੍ਹ/ਏ.ਟੀ.ਨਿਊਜ਼: ਸਾਬਕਾ ਮੁੱਖ ਨਗਰ ਯੋਜਨਾਕਾਰਾਂ ਦੇ ਇੱਕ ਮੁੱਖ ਸਮੂਹ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸ੍ਰੀ ਆਨੰਦਪੁਰ ਸਾਹਿਬ, ਦਮਦਮਾ ਸਾਹਿਬ (ਤਲਵੰਡੀ ਸਾਬੋ) ਅਤੇ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਗਲਿਆਰਾ ਖੇਤਰ ਨੂੰ ਵਿਸ਼ਵ ਪੱਧਰੀ ਅਧਿਆਤਮਿਕ ਅਤੇ ਸੱਭਿਆਚਾਰਕ ਕੇਂਦਰਾਂ ਵਿੱਚ ਬਦਲਣ ਲਈ ਇੱਕ ਵਿਆਪਕ ਖੇਤਰੀ ਵਿਕਾਸ ਯੋਜਨਾ ਤਿਆਰ ਕਰੇ। ਗੁਰੂ ਰਾਮਦਾਸ ਸਕੂਲ ਆਫ਼ ਪਲਾਨਿੰਗ ਦੇ ਸਾਬਕਾ ਮੁਖੀ ਮਨਜੀਤ ਸਿੰਘ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨਾਲ ਜੁੜੇ ਇਹ ਤਿੰਨ ਪਵਿੱਤਰ ਸਥਾਨ ਇੱਕ ਅਜਿਹੀ ਦੂਰਅੰਦੇਸ਼ੀ ਯੋਜਨਾ ਦੀ ਮੰਗ ਕਰਦੇ ਹਨ ਜੋ ਸਿਰਫ਼ ਮਾਸ, ਸ਼ਰਾਬ ਅਤੇ ਤੰਬਾਕੂ 'ਤੇ ਪਾਬੰਦੀ ਲਗਾਉਣ ਵਰਗੇ ਨਿਯਮਾਂ ਤੱਕ ਸੀਮਤ ਨਾ ਹੋਵੇ, ਸਗੋਂ ਇਹਨਾਂ ਸ਼ਹਿਰਾਂ ਦੀ ਪੂਰੀ ਨੁਹਾਰ ਬਦਲੀ ਜਾਵੇ।



ਸਾਬਕਾ ਸੀ.ਟੀ.ਪੀ. ਔਜਲਾ ਨੇ ਆਨੰਦਪੁਰ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਵਿਸ਼ਵ ਪੱਧਰੀ ਯੂਨੀਵਰਸਿਟੀ ਸਬੰਧੀ ਕਾਨੂੰਨ ਨੂੰ ਮਨਜ਼ੂਰੀ ਦੇਣ ਦੇ ਫੈਸਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਨਾਜ਼ੁਕ ਵਾਤਾਵਰਨ ਵਾਲੇ ਖੇਤਰ ਦੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਐਲਾਨਾਂ ਨੂੰ ਠੋਸ ਤਕਨੀਕੀ ਅਤੇ ਪ੍ਰਸ਼ਾਸਨਿਕ ਉਪਾਵਾਂ ਦਾ ਸਮਰਥਨ ਮਿਲਣਾ ਚਾਹੀਦਾ ਹੈ।

ਮਾਹਿਰਾਂ ਨੇ ਪੰਜਾਬ ਰਿਜਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੇ ਤਹਿਤ ਇੱਕ ਅਜਿਹੀ ਯੋਜਨਾ ਬਣਾਉਣ ਦੀ ਸਿਫਾਰਸ਼ ਕੀਤੀ ਹੈ ਜਿਸ ਵਿੱਚ ਸ਼ਹਿਰੀ ਸੁਧਾਰ, ਬੁਨਿਆਦੀ ਢਾਂਚੇ ਦਾ ਵਿਕਾਸ, ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਅਤੇ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਸ਼ਾਮਲ ਹੋਵੇ।

ਸਾਬਕਾ ਸੀ.ਟੀ.ਪੀ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਖੇਤਰ ਦੇ ਸੁੰਦਰੀਕਰਨ ਤੋਂ ਬਾਅਦ ਹੁਣ ਜ਼ਮੀਨੀ ਪੱਧਰ 'ਤੇ ਕਾਫੀ ਬਦਲਾਅ ਆਇਆ ਹੈ। ਇਸੇ ਤਰ੍ਹਾਂ 1999 ਵਿੱਚ ਖ਼ਾਲਸਾ ਸਾਜਨਾ ਦਿਵਸ ਦੀ 300ਵੀਂ ਵਰ੍ਹੇਗੰਢ ਮੌਕੇ (ਬਾਕੀ ਸਫ਼ਾ 26 'ਤੇ)

# ਵਿਦੇਸ਼ਾਂ ਤੋਂ ਵਾਪਸ ਆਉਣ ਲੱਗੇ ਐਨ.ਆਰ.ਆਈ. ਪੰਜਾਬੀ

## ਪੰਜਾਬ 'ਚ ਆ ਕੇ ਕਰਨ ਲੱਗੇ ਖੇਤੀਬਾੜੀ ਅਤੇ ਜੱਦੀ ਪੁਸ਼ਤੀ ਕਿੱਤੇ



## ਟਰਾਂਸਪੋਰਟ, ਹੋਟਲ, ਮੈਰਿਜ਼ ਪੈਲੇਸ, ਦੁਕਾਨ ਅਤੇ ਵਪਾਰ ਦਾ ਕਿੱਤਾ ਵੀ ਅਪਨਾਇਆ ਕਈ ਐਨ.ਆਰ.ਆਈ. ਪੰਜਾਬੀਆਂ ਨੇ

**ਜਗਮੋਹਨ ਸਿੰਘ ਲੱਕੀ**

**ਕੁਝ ਸਾਲ ਪਹਿਲਾਂ ਜਦੋਂ ਕੋਈ ਐਨ.ਆਰ.ਆਈ.ਪੰਜਾਬੀ ਵਿਦੇਸ਼ ਤੋਂ ਆਉਂਦਾ ਸੀ ਤਾਂ ਉਸ ਨੂੰ ਲੈਣ ਲਈ ਪੰਜਾਬ ਤੋਂ ਗੱਡੀ ਭਰ ਕੇ ਪੂਰਾ ਪਰਿਵਾਰ ਦਿੱਲੀ ਦੇ ਏਅਰਪੋਰਟ 'ਤੇ ਜਾਂਦਾ ਹੁੰਦਾ ਸੀ ਅਤੇ ਦਿੱਲੀ ਦੇ ਏਅਰਪੋਰਟ 'ਤੇ ਪੰਜਾਬੀਆਂ ਦੇ ਮੋਹ- ਪਿਆਰ ਅਤੇ ਮੁਹੱਬਤ ਦੀਆਂ ਤੰਦਾਂ ਇੱਕ ਦੂਜੇ ਨੂੰ ਮਿਲ ਕੇ ਹੋਰ ਮਜ਼ਬੂਤ ਹੁੰਦੀਆਂ ਸਨ। ਇਹ ਠੀਕ ਹੈ ਕਿ ਕੁਝ ਬੱਚਿਆਂ ਨੂੰ ਏਅਰਪੋਰਟ ਵੇਖਣ ਦਾ ਵੀ ਚਾਅ ਹੁੰਦਾ ਸੀ ਪਰ ਹੁਣ ਸਮਾਂ ਬਦਲ ਗਿਆ ਹੈ। ਜਿੱਥੇ ਕਈ ਐਨ.ਆਰ.ਆਈ.ਪੰਜਾਬੀ ਇਹ ਸਮਝਦੇ ਹਨ ਕਿ ਪੰਜਾਬ ਵਿੱਚ ਰਹਿੰਦੇ ਉਹਨਾਂ ਦੇ ਰਿਸ਼ਤੇਦਾਰ ਉਹਨਾਂ ਤੋਂ ਵਿਦੇਸ਼ੀ ਕੱਪੜੇ, ਮੋਬਾਇਲ, ਖੁਸ਼ਬੂ ਵਾਲੇ ਸੈਂਟ ਅਤੇ ਵਿਦੇਸ਼ੀ ਸ਼ਰਾਬ ਲੈਣ ਲਈ ਉਹਨਾਂ ਨੂੰ ਚੂੰਬੜੇ ਰਹਿੰਦੇ ਹਨ। ਉਥੇ ਪੰਜਾਬੀ ਵੀ ਅਜਿਹੇ ਐਨ.ਆਰ.ਆਈ.ਪੰਜਾਬੀਆਂ ਦੀ ਸੋਚ ਨੂੰ ਸਮਝ ਗਏ ਹਨ ਅਤੇ ਜਿਸ ਕਾਰਨ ਪੰਜਾਬੀਆਂ ਵਿੱਚ ਆਪਣੇ ਐਨ.ਆਰ.ਆਈ. ਰਿਸ਼ਤੇਦਾਰਾਂ ਨੂੰ ਹੁਣ ਦਿੱਲੀ ਦੇ ਏਅਰਪੋਰਟ ਤੋਂ ਲੈ ਕੇ ਆਉਣ ਦਾ ਰੁਝਾਨ ਘੱਟ ਗਿਆ ਹੈ। ਜੇ ਐਨ.ਆਰ.ਆਈ. ਸਮਝਦੇ ਹਨ ਕਿ ਪੰਜਾਬ ਦੇ ਰਿਸ਼ਤੇਦਾਰ ਉਹਨਾਂ ਨੂੰ ਵਰਤਦੇ ਹਨ ਤਾਂ ਪੰਜਾਬੀ ਵੀ ਇਹ ਸਮਝਣ ਲੱਗੇ ਹਨ ਕਿ ਐਨ.ਆਰ.ਆਈ.ਪੰਜਾਬੀ ਵੀ ਉਹਨਾਂ ਨੂੰ ਵਰਤ ਰਹੇ ਹਨ।**



ਪੰਜਾਬ ਵਿੱਚ ਇਸ ਸਮੇਂ ਦੂਜੇ ਦੇਸ਼ਾਂ ਵੱਲ ਹੋ ਰਹੇ 'ਪਰਵਾਸ' ਦੇ ਨਾਲ ਹੋਰਨਾਂ ਦੇਸ਼ਾਂ ਤੋਂ ਪੰਜਾਬ ਵੱਲ 'ਆਵਾਸ' ਭਾਵ 'ਮੋੜਵਾਂ ਪਰਵਾਸ' ਵੀ ਹੋਣ ਲੱਗਿਆ ਹੈ। ਵੱਖ- ਵੱਖ ਦੇਸ਼ਾਂ ਵਿੱਚ ਰਹਿ ਰਹੇ ਵੱਡੀ ਗਿਣਤੀ ਪੰਜਾਬੀਆਂ ਨੇ ਹੁਣ ਵਾਪਸ ਪੰਜਾਬ ਵੱਲ ਮੁਹਾਰਾਂ ਮੋੜ ਲਈਆਂ ਹਨ ਅਤੇ ਉਹ ਵਿਦੇਸ਼ੀ ਮੁਲਕਾਂ ਦੀ ਬੇਗਾਨੀ ਧਰਤੀ ਨੂੰ ਛੱਡ ਕੇ ਮੁੜ ਆਪਣੀ ਧਰਤੀ ਪੰਜਾਬ 'ਤੇ ਆ ਕੇ ਆਪਣੇ ਲੋਕਾਂ 'ਚ ਰਹਿਣ ਲੱਗ ਪਏ ਹਨ ਅਤੇ ਇੱਥੇ ਹੀ ਕੋਈ ਨਾ ਕੋਈ ਕੰਮ ਧੰਦਾ ਕਰਨ ਲੱਗ ਪਏ ਹਨ। ਪੰਜਾਬ ਵਿੱਚ ਲਗਾਤਾਰ ਪਰਵਾਸ ਦੇ ਦੌਰ ਮਗਰੋਂ ਬਹੁਤ ਸਾਰੇ ਲੋਕ ਵਿਦੇਸ਼ਾਂ ਤੋਂ ਵਤਨ ਵਾਪਸੀ ਕਰਕੇ ਨਵਾਂ ਰਾਹ ਚੁਣ ਰਹੇ ਹਨ।

ਪੰਜਾਬ ਦੇ ਖੇਤਾਂ ਵਿੱਚ ਇਸ ਸਮੇਂ ਕਣਕ ਦੀ ਫਸਲ ਪੱਕਣ ਕਿਨਾਰੇ ਹੈ। ਅਗਲੇ ਮਹੀਨੇ ਕਣਕ ਦੀ ਫਸਲ ਨੂੰ ਦਾਤੀ ਪੈ ਜਾਣੀ ਹੈ ਭਾਵ ਇਹ ਫਸਲ ਕਟਾਈ ਤੋਂ ਬਾਅਦ ਵਿਕਣ ਲਈ ਮੰਡੀਆਂ ਵਿੱਚ ਆ ਜਾਵੇਗੀ। ਹਰ ਸਾਲ ਵੱਡੀ ਗਿਣਤੀ ਲੋਕ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ। ਜਿਹੜੇ ਲੋਕ ਵਿਦੇਸ਼ ਗਏ ਹੋਏ ਹਨ, ਉਹ ਆਪਣੀ ਜ਼ਮੀਨ ਅਕਸਰ ਠੇਕੇ 'ਤੇ ਦੇ ਦਿੰਦੇ ਹਨ ਪਰ ਹੁਣ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲਿਆਂ ਨੂੰ ਜ਼ਮੀਨ ਨਹੀਂ ਮਿਲ ਰਹੀ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜਿਹੜੇ ਐਨ.ਆਰ.ਆਈ. ਪੰਜਾਬੀਆਂ ਦੀ ਜ਼ਮੀਨ ਉਹ ਠੇਕੇ 'ਤੇ ਲੈਂਦੇ ਸਨ, ਉਹ ਐਨ.ਆਰ.ਆਈ. ਪੰਜਾਬੀ ਪੰਜਾਬ ਆ ਕੇ ਖੁਦ ਆਪਣੀ ਜ਼ਮੀਨ ਵਿੱਚ ਖੇਤੀਬਾੜੀ ਕਰਨ ਲੱਗੇ ਹਨ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਵਿੱਚ ਖੇਤੀਬਾੜੀ ਦੀਆਂ ਬਹੁਤ ਸੰਭਾਵਨਾਵਾਂ ਹਨ। ਪੰਜਾਬ ਵਿੱਚ ਭਾਵੇਂ ਕਣਕ ਅਤੇ ਝੋਨਾ ਮੁੱਖ ਫ਼ਸਲਾਂ ਬੀਜੀਆਂ ਜਾਂਦੀਆਂ ਹਨ ਪਰ ਵਿਦੇਸ਼ਾਂ ਤੋਂ ਪੰਜਾਬ ਪਰਤੇ ਪੰਜਾਬੀ ਕਣਕ ਤੇ ਝੋਨੇ ਦੇ ਨਾਲ-ਨਾਲ ਅਮਰੂਦ, ਕੀਨੂੰ, ਅੰਬ ਅਤੇ ਹੋਰ ਫ਼ਲਾਂ ਦੇ ਬਾਗ ਲਗਾਉਣ ਨੂੰ ਵੀ ਤਰਜੀਹ ਦੇ ਰਹੇ ਹਨ। ਪੰਜਾਬ ਵਿੱਚ ਨਵੇਂ ਫ਼ਲ ਜਿਵੇਂ ਕਿ ਬਲੂਬੈਰੀ, ਰਸਬੈਰੀ , ਚੈਰੀ, ਐਵਾਕਾਡੋ ਅਤੇ ਡਰੈਗਨ ਫ਼ਰੂਟ ਆਦਿ ਦੇ ਹੋਣ ਬਾਰੇ ਤਜਰਬੇ ਕੀਤੇ ਜਾ ਰਹੇ ਹਨ। ਬਹੁਤ ਸਾਰੇ ਅਜਿਹੇ ਫ਼ਲ ਹਨ ਜੋ ਨੌਰਥ ਅਮਰੀਕਾ ਵਿੱਚ ਹੁੰਦੇ ਹਨ ਅਤੇ ਪੰਜਾਬ ਵਿੱਚ ਵੀ ਹੋ ਸਕਦੇ ਹਨ, ਜਿਨ੍ਹਾਂ ਦੀ ਖੇਤੀ ਵਿਚੋਂ ਵੱਡੇ ਪੱਧਰ 'ਤੇ ਮੁਨਾਫ਼ਾ ਹੋ ਸਕਦਾ ਹੈ। ਅੱਜਕੱਲ੍ਹ ਦੇ ਨੌਜਵਾਨਾਂ ਨੂੰ ਤਕਨਾਲੋਜੀ ਦੀ ਵਧੇਰੇ ਸਮਝ ਹੈ। ਅੱਜ ਦੇ ਸਮੇਂ ਵਿੱਚ ਬਿਮਾਰੀਆਂ, ਕੀੜਿਆਂ ਦੇ ਹਮਲੇ, ਮੌਸਮ ਆਦਿ ਬਾਰੇ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਕਿਸਾਨ ਇੰਟਰਨੈੱਟ ਦੀ ਮਦਦ ਨਾਲ ਪੰਜਾਬ ਵਿੱਚ ਵੱਖ- ਵੱਖ ਮੰਡੀਆਂ ਦੇ ਭਾਅ ਪਤਾ ਕਰਨ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਆਪਣੀ ਜਿਣਸ ਵੇਚ ਸਕਦੇ ਹਨ।



ਇਸ ਤੋਂ ਇਲਾਵਾ ਵਿਦੇਸ਼ਾਂ ਤੋਂ ਪਰਤੇ ਪੰਜਾਬੀ ਟਰਾਂਸਪੋਰਟ, ਹੋਟਲ, ਮੈਰਿਜ਼ ਪੈਲੇਸ, ਰੈਸਟੋਰੈਂਟ, ਵੱਡੇ ਅਤੇ ਆਲੀਸ਼ਾਨ ਢਾਬੇ, ਵੱਖ- ਵੱਖ ਕਿਸਮ ਦੇ ਸਮਾਨ ਵੇਚਣ ਵਾਲੀਆਂ ਦੁਕਾਨਾਂ ਅਤੇ ਵਪਾਰ ਦਾ ਕਿੱਤਾ ਵੀ ਅਪਨਾਅ ਰਹੇ ਹਨ। ਵਿਦੇਸ਼ਾਂ ਵਿੱਚ ਕਈ ਸਾਲ ਸਖ਼ਤ ਮਿਹਨਤ ਕਰਨ ਨਾਲ ਉਹਨਾਂ ਵਿੱਚ ਮਿਹਨਤੀ ਗੁਣ ਆ ਗਏ ਹਨ ਅਤੇ ਕਈ ਤਰ੍ਹਾਂ ਦੇ ਕਿੱਤਿਆਂ ਵਿੱਚ ਉਹਨਾਂ ਨੂੰ ਮੁਹਾਰਤ ਹਾਸਲ ਹੋ ਗਈ ਹੈ, ਇਹੋ ਮੁਹਾਰਤ ਉਹਨਾਂ ਦੇ ਪੰਜਾਬ ਵਿੱਚ ਕੰਮ ਆ ਰਹੀ ਹੈ।

ਹਰ ਤਰ੍ਹਾਂ ਦਾ ਨਵਾਂ ਕੰਮ ਕਰਨ ਲਈ ਚੰਗੇ ਪੈਸੇ ਦੀ ਲੋੜ ਹੁੰਦੀ ਹੈ। ਐਨ.ਆਰ.ਆਈ.ਪੰਜਾਬੀਆਂ ਕੋਲ ਪੈਸੇ ਦੀ ਘਾਟ ਨਹੀਂ ਹੁੰਦੀ ਪਰ ਉਹ ਆਪਣਾ ਪੈਸਾ ਚੰਗੇ ਪਾਸੇ ਲਗਾਉਣਾ ਚਾਹੁੰਦੇ ਹਨ। ਕਈ ਐਨ.ਆਰ. ਆਈ. ਪੰਜਾਬੀਆਂ ਨੇ ਪੰਜਾਬ ਵਿੱਚ ਜ਼ਮੀਨਾਂ ਵੀ ਖਰੀਦੀਆਂ ਹਨ ਅਤੇ ਵੱਡੇ ਸ਼ਹਿਰਾਂ ਵਿੱਚ ਪ੍ਰਾਪਰਟੀ ਵਿੱਚ ਇਨਵੈਸਟ ਕੀਤਾ ਹੈ। ਪ੍ਰਾਪਰਟੀ ਨੂੰ ਵੀ ਅੱਜਕੱਲ੍ਹ ਚੰਗੇ ਮੁਨਾਫ਼ੇ ਵਾਲਾ ਕਿੱਤਾ ਸਮਝਿਆ ਜਾਂਦਾ ਹੈ।

ਵਿਦੇਸ਼ਾਂ ਤੋਂ ਵੱਡੀ ਗਿਣਤੀ ਪੰਜਾਬੀਆਂ ਦੇ ਪੰਜਾਬ ਆ ਕੇ ਮੁੜ ਵਸਣ ਅਤੇ ਇੱਥੇ ਹੀ ਕੋਈ ਕੰਮ ਕਰਨ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਤਾਂ ਵਿਦੇਸ਼ਾਂ ਵਿੱਚ ਪਰਵਾਸੀ ਲੋਕਾਂ ਲਈ ਹੁਣ ਮਾਹੌਲ ਅਸਾਵਾਂ ਹੋਣਾ ਹੈ। ਵੱਖ- ਵੱਖ ਮੁਲਕਾਂ ਵਿੱਚ ਪਰਵਾਸੀ ਲੋਕਾਂ ਵਿਰੁੱਧ ਉਥੋਂ ਦੇ ਮੂਲ ਵਸਨੀਕਾਂ ਵੱਲੋਂ ਪ੍ਰਦਰਸ਼ਨ ਹੋਣ ਲੱਗ ਪਏ ਹਨ ਅਤੇ ਪਰਵਾਸੀ ਲੋਕਾਂ ਨੂੰ ਵਾਪਸ ਉਹਨਾਂ ਦੇ ਮੁਲਕਾਂ ਵਿੱਚ ਭੇਜਣ ਦੀ ਮੰਗ ਹੋਣ ਲੱਗ ਪਈ ਹੈ। ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਇਸ ਸਮੇਂ ਬੇਰੁਜ਼ਗਾਰੀ, ਮਹਿੰਗਾਈ, ਰਿਹਾਇਸ਼ ਦੀ ਕਮੀ ਅਤੇ ਹੋਰ ਕਈ ਵੱਡੀਆਂ ਸਮੱਸਿਆਵਾਂ ਖੜੀਆਂ ਹੋ ਗਈਆਂ ਹਨ, ਜਿਸ ਕਾਰਨ ਵਿਦੇਸ਼ਾਂ ਵਿੱਚ ਪੰਜਾਬੀਆਂ ਨੂੰ ਕੰਮ ਮਿਲਣਾ ਮੁਸ਼ਕਿਲ ਹੋ ਗਿਆ ਹੈ। ਵਿਦੇਸ਼ਾਂ ਵਿੱਚ ਜੇ ਕਮਾਈ ਡਾਲਰਾਂ ਵਿੱਚ ਹੁੰਦੀ ਹੈ ਤਾਂ ਖਰਚੇ ਵੀ ਡਾਲਰਾਂ ਵਿੱਚ ਹੁੰਦੇ ਹਨ। ਵਿਹਲੇ ਰਹਿ ਕੇ ਵਿਦੇਸ਼ਾਂ ਵਿੱਚ ਗੁਜ਼ਾਰਾ ਨਹੀਂ ਹੋ ਸਕਦਾ। ਇਸ ਕਰਕੇ ਆਪਣੀ ਜਮ੍ਹਾਂ ਪੂੰਜੀ ਨਾਲ ਲੈ ਕੇ ਵੱਡੀ ਗਿਣਤੀ ਐਨ.ਆਰ.ਆਈ.ਪੰਜਾਬੀ ਮੁੜ ਪੰਜਾਬ ਆ ਰਹੇ ਹਨ। ਜਿਹੜੇ ਐਨ.ਆਰ.ਆਈ. ਪੰਜਾਬੀ ਵਿਦੇਸ਼ਾਂ ਦੀ ਚਕਾਚੌਂਧ ਅਤੇ ਡਾਲਰਾਂ ਦੀ ਚਮਕ ਨੂੰ ਛੱਡ ਕੇ ਪੰਜਾਬ ਵਾਪਸ ਆ ਰਹੇ ਹਨ ਉਹਨਾਂ ਨੂੰ 'ਜੀ ਆਇਆ ਨੂੰ' ਕਹਿਣਾ ਚਾਹੀਦਾ ਹੈ।






# ਝਾਰਖੰਡ ਵਿੱਚ ਸਿੱਖਾਂ ਦੀਆਂ ਜੜ੍ਹਾਂ ਕਿਵੇਂ ਲੱਗੀਆਂ ?

## ਕੀ ਹੈ ਉਨ੍ਹਾਂ ਦੀ ਆਰਥਿਕ ਸਥਿਤੀ ਤੇ ਧਾਰਮਿਕ ਹੋਂਦ ?






ਝਾਰਖੰਡ, ਜਿਸ ਨੂੰ 'ਜੰਗਲਾਂ ਦੀ ਧਰਤੀ' ਕਿਹਾ ਜਾਂਦਾ ਹੈ, ਮੁੱਖ ਤੌਰ 'ਤੇ ਆਦਿਵਾਸੀ ਅਤੇ ਹਿੰਦੂ ਬਹੁਗਿਣਤੀ ਵਾਲਾ ਰਾਜ ਹੈ ਪਰ ਇੱਥੇ ਸਿੱਖ ਧਰਮ ਦੀਆਂ ਜੜ੍ਹਾਂ ਕਈ ਸਦੀਆਂ ਪੁਰਾਣੀਆਂ ਹਨ। ਸਿੱਖੀ ਦੀਆਂ ਜੜ੍ਹਾਂ ਉਦੋਂ ਲੱਗੀਆਂ ਜਦੋਂ ਗੁਰੂ ਸਾਹਿਬਾਨ ਨੇ ਇਸ ਖੇਤਰ ਦੀ ਯਾਤਰਾ ਕੀਤੀ। ਸਥਾਨਕ ਲੋਕਾਂ ਨੇ ਉਸ ਸਮੇਂ ਸਿੱਖੀ ਧਾਰਨ ਕੀਤੀ, ਜਿਨ੍ਹਾਂ ਨੂੰ ਅੱਜ ਅਸੀਂ ਅਗਰਹਰੀ ਸਿੱਖ ਵਜੋਂ ਜਾਣਦੇ ਹਾਂ। ਝਾਰਖੰਡ ਦੀ ਧਰਤੀ ਨੂੰ ਤਿੰਨ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਦੌਰਾਨ ਰਾਂਚੀ ਅਤੇ ਰਾਜਗਿਰੀ ਦੇ ਇਲਾਕਿਆਂ ਵਿੱਚੋਂ ਲੰਘੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 17ਵੀਂ ਸਦੀ ਵਿੱਚ ਅਸਾਮ ਦੀ ਯਾਤਰਾ 'ਤੇ ਜਾਂਦੇ ਸਮੇਂ ਝਾਰਖੰਡ (ਉਸ ਸਮੇਂ ਦਾ ਜੰਗਲ ਦੇਸ਼) ਦੇ ਇਲਾਕਿਆਂ ਵਿੱਚ ਪ੍ਰਚਾਰ ਕੀਤਾ। ਇੱਥੋਂ ਦੇ ਕਈ ਕਬੀਲਿਆਂ ਅਤੇ ਵਪਾਰੀ ਵਰਗ (ਅਗਰਹਰੀ) ਉੱਤੇ ਉਨ੍ਹਾਂ ਦਾ ਗਹਿਰਾ ਪ੍ਰਭਾਵ ਪਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਟਨਾ ਸਾਹਿਬ ਵਿਖੇ ਪ੍ਰਕਾਸ਼ ਹੋਣ ਕਾਰਨ ਅਤੇ ਬਾਅਦ ਵਿੱਚ ਯਾਤਰਾਵਾਂ ਦੌਰਾਨ ਇਸ ਖੇਤਰ ਨਾਲ ਉਨ੍ਹਾਂ ਦਾ ਗਹਿਰਾ ਸਬੰਧ ਰਿਹਾ ਹੈ। ਇਹ ਸਿੱਖ ਸਿੱਖੀ ਦੀਆਂ ਪਰੰਪਰਾਵਾਂ ਨੂੰ ਮੰਨਦੇ ਹਨ।

ਝਾਰਖੰਡ 2000 ਵਿੱਚ ਬਿਹਾਰ ਤੋਂ ਵੱਖ ਹੋ ਕੇ ਬਣਿਆ ਸੀ ਅਤੇ ਬਿਹਾਰ ਵਿੱਚ ਸਿੱਖਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਉਦਯੋਗਿਕ ਵਿਕਾਸ ਕਾਰਨ ਜਮਸ਼ੇਦਪੁਰ (ਟਾਟਾ ਨਗਰ), ਰਾਂਚੀ, ਬੋਕਾਰੋ ਵਰਗੇ ਸ਼ਹਿਰਾਂ ਵਿੱਚ ਸਿੱਖਾਂ ਦੀ ਆਬਾਦੀ ਵੱਧ ਹੈ। ਜਦੋਂ 1907 ਵਿੱਚ ਜਮਸ਼ੇਦਪੁਰ ਵਿੱਚ 'ਟਾਟਾ ਸਟੀਲ' ਦੀ ਸਥਾਪਨਾ ਹੋਈ ਸੀ ਤਾਂ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਸਿੱਖ ਇੰਜੀਨੀਅਰ, ਤਕਨੀਸ਼ੀਅਨ ਅਤੇ ਮਜ਼ਦੂਰ ਇੱਥੇ ਆ ਕੇ ਵੱਸ ਗਏ ਸਨ। 1947 ਤੋਂ ਬਾਅਦ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਉੱਜੜ ਕੇ ਆਏ ਕਈ ਸਿੱਖ ਪਰਿਵਾਰਾਂ ਨੂੰ ਰਾਂਚੀ ਅਤੇ ਧਨਬਾਦ ਵਰਗੇ ਸ਼ਹਿਰਾਂ ਵਿੱਚ ਵਸਾਇਆ ਗਿਆ ਸੀ।

**ਝਾਰਖੰਡ ਵਿੱਚ ਗੁਰਦੁਆਰਿਆਂ ਦੀ ਮੌਜੂਦਗੀ**

ਝਾਰਖੰਡ ਵਿੱਚ ਸਿੱਖ ਭਾਈਚਾਰੇ ਦੀ ਮੌਜੂਦਗੀ ਨੂੰ ਗੁਰਦੁਆਰੇ ਦਰਸਾਉਂਦੇ ਹਨ। ਅਨੁਮਾਨ ਅਨੁਸਾਰ 100 ਤੋਂ ਵੱਧ ਗੁਰਦੁਆਰੇ ਹਨ। ਸਭ ਤੋਂ ਪੁਰਾਣਾ ਅਤੇ ਮਸ਼ਹੂਰ ਗੁਰਦੁਆਰਾ ਰਾਂਚੀ ਵਿੱਚ ਸਥਿਤ ਸ੍ਰੀ ਗੁਰੂ ਨਾਨਕ ਸਤਸੰਗ ਸਭਾ ਹੈ। ਹੋਰ ਪ੍ਰਸਿੱਧ ਗੁਰਦੁਆਰੇ ਵਿੱਚ ਹਟੀਆ ਗੁਰਦੁਆਰਾ, ਕਦਰੂ ਗੁਰਦੁਆਰਾ ਅਤੇ ਗੁਰੂ ਦੁਆਰਾ ਸਾਹਿਬ ਸ਼ਾਮਲ ਹਨ। ਜਮਸ਼ੇਦਪੁਰ ਵਿੱਚ 34 ਗੁਰਦੁਆਰਿਆਂ ਦੀ ਮੁੱਖ ਸੰਸਥਾ ਸੈਂਟਰਲ ਸਿੱਖ ਗੁਰਦੁਆਰਾ ਕਮੇਟੀ ਹੈ। ਇਹ ਗੁਰਦੁਆਰੇ ਨਾ ਸਿਰਫ਼ ਸਿੱਖ ਸੰਗਤ ਲਈ ਸਥਾਨ ਹਨ ਬਲਕਿ ਰੋਜ਼ਾਨਾ ਲੰਗਰ, ਕੀਰਤਨ ਅਤੇ ਨਗਰ ਕੀਰਤਨ ਵਰਗੀਆਂ ਸੇਵਾਵਾਂ ਨਾਲ ਸਮਾਜ ਨੂੰ ਜੋੜਦੇ ਹਨ। ਝਾਰਖੰਡ ਵਿੱਚ ਸਿੱਖ ਸਿਧਾਂਤਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਸੈਂਟਰਲ ਸਿੱਖ ਗੁਰਦੁਆਰਾ ਕਮੇਟੀ (ਜਮਸ਼ੇਦਪੁਰ) ਵਰਗੀਆਂ ਸੰਸਥਾਵਾਂ ਰਾਜ ਸਰਕਾਰ ਨਾਲ ਸਿੱਧਾ ਤਾਲਮੇਲ ਰੱਖਦੀਆਂ ਹਨ ਅਤੇ ਘੱਟ ਗਿਣਤੀਆਂ ਦੇ ਹੱਕਾਂ ਲਈ ਦਬਾਅ ਸਮੂਹ ਵਜੋਂ ਕੰਮ ਕਰਦੀਆਂ ਹਨ।

ਸਿੱਖ ਆਗੂ ਅਕਸਰ ਰਾਂਚੀ ਅਤੇ ਜਮਸ਼ੇਦਪੁਰ ਵਰਗੇ ਸ਼ਹਿਰੀ ਹਲਕਿਆਂ ਵਿੱਚ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ। ਕਈ ਸਿੱਖ ਆਗੂ ਨਗਰ ਨਿਗਮਾਂ ਅਤੇ ਸਥਾਨਕ ਇਕਾਈਆਂ ਵਿੱਚ ਅਹਿਮ ਅਹੁਦਿਆਂ 'ਤੇ ਰਹੇ ਹਨ। ਝਾਰਖੰਡ ਦੀ ਰਾਜਨੀਤੀ ਵਿੱਚ ਸਭ ਤੋਂ ਵੱਡਾ ਸਿੱਖ ਨਾਮ ਇੰਦਰ ਸਿੰਘ ਨਾਮਧਾਰੀ ਹੈ। ਉਹ ਝਾਰਖੰਡ ਵਿਧਾਨ ਸਭਾ ਦੇ ਪਹਿਲੇ ਸਪੀਕਰ ਬਣੇ ਸਨ ਅਤੇ ਕਈ ਵਾਰ ਮੰਤਰੀ ਤੇ ਸਾਂਸਦ ਵੀ ਰਹੇ ਸਨ। ਉਨ੍ਹਾਂ ਦੀ ਸ਼ਖਸੀਅਤ ਨੇ ਰਾਜ ਵਿੱਚ ਸਿੱਖਾਂ ਦਾ ਰਾਜਨੀਤਿਕ ਕੱਦ ਬਹੁਤ ਉੱਚਾ ਕੀਤਾ ਸੀ। ਜ਼ਿਆਦਾਤਰ ਸਿੱਖ ਆਗੂ ਹੁਣ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਵਿੱਚ ਮੈਂਬਰਾਂ ਵਜੋਂ ਸਰਗਰਮ ਹਨ।

ਜਮਸ਼ੇਦਪੁਰ ਪੂਰਬੀ ਅਤੇ ਪੱਛਮੀ ਅਜਿਹੀਆਂ ਸੀਟਾਂ ਹਨ ਜਿੱਥੇ ਸਿੱਖ ਵੋਟਾਂ ਹਾਰ-ਜਿੱਤ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ, ਇਸ ਲਈ ਸਿਆਸੀ ਪਾਰਟੀਆਂ ਸਿੱਖ ਚਿਹਰਿਆਂ ਨੂੰ ਸਥਾਨਕ ਕਮੇਟੀਆਂ ਅਤੇ ਨਿਗਮਾਂ ਵਿੱਚ ਅਹਿਮ ਜ਼ਿੰਮੇਵਾਰੀਆਂ ਦਿੰਦੀਆਂ ਰਹਿੰਦੀਆਂ ਹਨ।

**ਸਿੱਖਾਂ ਦਾ ਕਾਰੋਬਾਰ ਅਤੇ ਆਰਥਿਕ ਸਥਿਤੀ**

ਝਾਰਖੰਡ ਵਿੱਚ ਸਿੱਖ ਭਾਈਚਾਰਾ ਘੱਟ ਗਿਣਤੀ ਵਿੱਚ ਹੈ ਪਰ ਪ੍ਰਭਾਵਸ਼ਾਲੀ ਹੈ। 2011 ਦੀ ਜਨਗਣਨਾ ਅਨੁਸਾਰ ਰਾਜ ਵਿੱਚ ਕੁੱਲ 71,422 ਸਿੱਖ ਸਨ, ਜੋ ਕਿ ਕੁੱਲ ਆਬਾਦੀ ਦਾ 0.22% ਹੈ। ਟਾਟਾ ਨਗਰ ਵਿੱਚ ਲਗਭਗ 5% ਸਿੱਖ ਹਨ। ਸਿੱਖ ਮੁੱਖ ਤੌਰ 'ਤੇ ਵਪਾਰ, ਟਰਾਂਸਪੋਰਟ, ਉਦਯੋਗ ਅਤੇ ਵਪਾਰਕ ਕੰਮਾਂ ਵਿੱਚ ਸਰਗਰਮ ਹਨ। ਜਮਸ਼ੇਦਪੁਰ ਵਿੱਚ ਟਰਾਂਸਪੋਰਟ ਕੰਪਨੀਆਂ ਅਤੇ ਵਪਾਰ ਵਿੱਚ ਸਿੱਖਾਂ ਦਾ ਦਬਦਬਾ ਹੈ। ਅਗਰਹਰੀ ਸਿੱਖ ਪੁਰਾਣੇ ਸਮੇਂ ਤੋਂ ਵਪਾਰ ਅਤੇ ਖੇਤੀ ਨਾਲ ਜੁੜੇ ਹਨ। ਉਦਯੋਗਿਕ ਸ਼ਹਿਰਾਂ ਵਿੱਚ ਨੌਕਰੀਆਂ ਅਤੇ ਵਪਾਰ ਕਾਰਨ ਉਨ੍ਹਾਂ ਦੀ ਆਰਥਿਕ ਸਥਿਤੀ ਚੰਗੀ ਹੈ। ਬਹੁਤ ਸਾਰੇ ਸਿੱਖ ਪੀੜ੍ਹੀਆਂ ਤੋਂ ਇੱਥੇ ਵੱਸੇ ਹੋਏ ਹਨ ਅਤੇ ਰਾਜ ਵਿੱਚ ਧਾਰਮਿਕ ਭੇਦਭਾਵ ਤੋਂ ਬਿਨਾਂ ਸੁਖਾਲੀ ਜ਼ਿੰਦਗੀ ਜੀ ਰਹੇ ਹਨ।

**ਸੰਕਟਾਂ ਵਿੱਚ ਸਿੱਖਾਂ ਦੀ ਸੇਵਾ ਅਤੇ ਭੂਮਿਕਾ**

ਸਿੱਖ ਭਾਈਚਾਰਾ 'ਸਰਬੱਤ ਦਾ ਭਲਾ' ਦੇ ਸਿਧਾਂਤ ਅਨੁਸਾਰ ਹਮੇਸ਼ਾ ਸੇਵਾ ਵਿੱਚ ਅੱਗੇ ਰਹਿੰਦਾ ਹੈ। ਕੋਵਿਡ-19 ਦੀ ਦੂਜੀ ਲਹਿਰ (2021) ਦੌਰਾਨ ਝਾਰਖੰਡ ਵਿੱਚ ਸਿੱਖਾਂ ਨੇ ਅੱਗੇ ਆ ਕੇ ਆਕਸੀਜਨ ਲੰਗਰ ਅਤੇ ਮੈਡੀਕਲ ਸਹਾਇਤਾ ਦਿੱਤੀ। ਜਮਸ਼ੇਦਪੁਰ ਦੀ ਸੈਂਟਰਲ ਸਿੱਖ ਗੁਰਦੁਆਰਾ ਕਮੇਟੀ ਨੇ 3 ਮਈ 2021 ਨੂੰ ਆਕਸੀਜਨ ਲੰਗਰ ਸੇਵਾ ਸ਼ੁਰੂ ਕੀਤੀ ਸੀ। (ਬਾਕੀ ਸਫ਼ਾ 27 'ਤੇ)

# ਬਾਬੂ ਕਾਂਸ਼ੀ ਰਾਮ ਦੇ ਸਿਆਸੀ ਤੇ ਸਮਾਜਿਕ ਫ਼ਾਰਮੂਲੇ ਦੀ ਪੰਜਾਬ ਨੂੰ ਕਿਉਂ ਲੋੜ ?

## ਬਸਪਾ ਪੰਜਾਬ 'ਚ ਪੰਥਕ ਗਠਜੋੜ ਵਾਲੀ ਰਾਜਨੀਤੀ ਅਪਨਾਵੇ

## ਪੰਥਕ ਰਾਜਨੀਤੀ ਵਿੱਚ ਕਿਹੜੀਆਂ ਧਿਰਾਂ ਸ਼ਾਮਲ ਹੋਣ ?

## ਕੀ ਇਸ ਗਠਜੋੜ ਨਾਲ ਖੇਤਰੀ, ਦਲਿਤ ਤੇ ਪੰਥਕ ਰਾਜਨੀਤੀ ਬਚ ਸਕੇਗੀ ?



ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਵੋਟ ਬੈਂਕ 32-34 ਫ਼ੀਸਦੀ ਦਲਿਤ ਆਬਾਦੀ ਦੇ ਬਾਵਜੂਦ ਸਿਰਫ਼ 1-4 ਫ਼ੀਸਦੀ ਤੱਕ ਸੀਮਤ ਹੋ ਗਿਆ ਹੈ। 2012 ਵਿਧਾਨ ਸਭਾ ਚੋਣਾਂ ਵਿੱਚ 4.29 ਫ਼ੀਸਦੀ ਵੋਟਾਂ ਤੇ ਕੋਈ ਸੀਟ ਨਹੀਂ ਸੀ, 2017 ਵਿੱਚ 1.5 ਫ਼ੀਸਦੀ, 2022 ਵਿੱਚ ਅਕਾਲੀ ਗਠਜੋੜ ਨਾਲ 1.77 ਫ਼ੀਸਦੀ ਤੇ ਇੱਕ ਸੀਟ (ਨਵਾਂਸ਼ਹਿਰ ਤੋਂ ਨਛੱਤਰ ਪਾਲ), ਅਤੇ 2024 ਲੋਕ ਸਭਾ ਚੋਣਾਂ ਵਿੱਚ ਲਗਭਗ 2.49 ਫ਼ੀਸਦੀ ਵੋਟਾਂ ਤੇ ਸਿਫ਼ਰ ਸੀਟਾਂ ਬਸਪਾ ਨੂੰ ਹਾਸਲ ਹੋਈਆਂ। ਇਸ ਨਿਘਰੀ ਹਾਲਤ ਵਿੱਚ ਬਸਪਾ ਲਈ ਇੱਕੋ ਇੱਕ ਰਾਹ ਹੈ - ਬਾਬੂ ਕਾਂਸ਼ੀ ਰਾਮ ਦੀ ਵਿਰਾਸਤ ਵੱਲ ਮੁੜਨਾ ਅਤੇ ਪੰਥਕ ਗਠਜੋੜ ਵਾਲੀ ਰਾਜਨੀਤੀ ਅਪਣਾਉਣਾ।

ਬਸਪਾ ਦੇ ਸਿਰਜਣਹਾਰ ਕਾਂਸ਼ੀ ਰਾਮ, ਜਿਨ੍ਹਾਂ ਨੂੰ ਬਹੁਜਨ ਨਾਇਕ, ਕਿਹਾ ਜਾਂਦਾ ਹੈ, ਦਾ ਜਨਮ 15 ਮਾਰਚ 1934 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਪਿਰਥੀਪੁਰ ਬੰਗਾ (ਖਵਾਸਪੁਰ ਨੇੜੇ) ਵਿੱਚ ਇੱਕ ਰਾਮਦਾਸੀਆ ਸਿੱਖ ਚਮਾਰ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੀ ਬਚਪਨ ਅਤੇ ਜਵਾਨੀ ਸਿੱਖ ਧਰਮ ਦੀ ਬਰਾਬਰੀ ਵਾਲੀ ਵਿਚਾਰਧਾਰਾ ਵਿੱਚ ਬੀਤੀ, ਜਿਸ ਨੇ ਉਨ੍ਹਾਂ ਨੂੰ ਜਾਤ-ਪਾਤ ਦੇ ਵਿਰੋਧ ਨਾਲ ਜੋੜਿਆ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਵਿੱਚ ਰਾਜਨੀਤੀ ਨਾਲ ਕੋਈ ਵਾਸਤਾ ਨਹੀਂ ਰੱਖਿਆ ਸੀ। ਉਹ ਇੱਕ ਸਰਕਾਰੀ ਨੌਕਰੀ ਕਰਦੇ ਸਨ, ਪਰ 1960-70 ਦੇ ਦਹਾਕੇ ਵਿੱਚ ਮਹਾਰਾਸ਼ਟਰ ਵਿੱਚ ਡਾਕਟਰ ਬੀ.ਆਰ. ਅੰਬੇਡਕਰ ਅਤੇ ਜੋਤੀਬਾ ਫੂਲੇ ਦੀ ਵਿਚਾਰਧਾਰਾ ਨਾਲ ਜੁੜ ਕੇ ਉਨ੍ਹਾਂ ਨੇ ਬਦਲਾਅ ਦੀ ਮੁਹਿੰਮ ਸ਼ੁਰੂ ਕੀਤੀ।

1971 ਵਿੱਚ ਉਨ੍ਹਾਂ ਨੇ ਆਲ ਇੰਡੀਆ ਬੈਕਵਰਡ ਐਂਡ ਮਾਈਨਾਰਿਟੀ ਕਮਿਊਨਿਟੀਜ਼ ਐਮਪਲਾਈਜ਼ ਫ਼ੈਡਰੇਸ਼ਨ (ਬਾਮਸੇਫ਼) ਦੀ ਸਥਾਪਨਾ ਕੀਤੀ ਸੀ, ਜੋ ਕਿ ਦਬੇ ਕੁਚਲੇ ਸਮਾਜ ਨਾਲ ਸਬੰਧਿਤ ਸਰਕਾਰੀ ਨੌਕਰਾਂ ਵਿਚਾਲੇ ਬਹੁਜਨ ਚੇਤਨਾ ਜਗਾਉਣ ਵਾਲਾ ਪਲੇਟਫ਼ਾਰਮ ਬਣਿਆ ਸੀ। ਇਸ ਤੋਂ ਬਾਅਦ 1981 ਵਿੱਚ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀਐੱਸ-4) ਅਤੇ ਆਖਿਰਕਾਰ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਮੁੱਢਲਾ ਨਾਅਰਾ ਸੀ - ਸੱਤਾ ਤੋਂ ਬਿਨਾਂ ਦਬੇ ਕੁਚਲੇ ਸਮਾਜ ਦਾ ਕੁਝ ਨਹੀਂ ਬਦਲਣਾ। ਉਨ੍ਹਾਂ ਨੇ ਰਾਜਨੀਤੀ ਨੂੰ ਸਮਾਜਿਕ ਪਰਿਵਰਤਨ ਦਾ ਲਗਾਤਾਰ ਅੰਦੋਲਨ ਬਣਾਇਆ।

ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਸਾਈਕਲ 'ਤੇ ਸਵਾਰ ਹੋ ਕੇ ਕੈਡਰ ਤਿਆਰ ਕੀਤਾ। ਇਹ ਸਾਈਕਲ ਵਾਲੀ ਰਣਨੀਤੀ ਅੱਜ ਦੀ ਡਿਜੀਟਲ ਰਾਜਨੀਤੀ ਤੋਂ ਬਿਲਕੁਲ ਵਿਪਰੀਤ ਸੀ - ਇਹ ਬਹੁਜਨਾਂ ਲਈ ਜ਼ਮੀਨੀ ਪੱਧਰ ਉਪਰ ਵਿਚਾਰਧਾਰਕ ਸਿੱਖਿਆ ਅਤੇ ਸੰਘਰਸ਼ ਸੀ।

ਭਾਰਤੀ ਰਾਜਨੀਤੀ ਵਿੱਚ ਉਨ੍ਹਾਂ ਨੇ ਬਹੁਜਨ ਸਮਾਜ (ਦਲਿਤ, ਬੀਸੀ, ਐੱਸਸੀ, ਐੱਸਟੀ ਅਤੇ ਘੱਟ ਗਿਣਤੀ) ਨੂੰ ਇੱਕ ਰਾਜਨੀਤਕ ਤਾਕਤ ਵਜੋਂ ਉਭਾਰਿਆ। ਉੱਤਰ ਪ੍ਰਦੇਸ਼ ਵਿੱਚ ਉਨ੍ਹਾਂ ਨੇ ਚਮਾਰ ਭਾਈਚਾਰੇ ਤੋਂ ਲੈ ਕੇ ਗੈਰ-ਜਾਟਵ ਦਲਿਤਾਂ ਤੱਕ ਨੂੰ ਜੋੜਿਆ ਅਤੇ ਮਾਇਆਵਤੀ ਵਰਗੇ ਲੀਡਰਾਂ ਨੂੰ ਉਭਾਰਿਆ। ਉਨ੍ਹਾਂ ਨੇ ਬਹੁਜਨ ਰਾਜ ਦਾ ਏਜੰਡਾ ਦਿੱਤਾ - ਜਿਸ ਵਿੱਚ ਸਾਰੇ ਸ਼ੋਸ਼ਿਤ ਤਬਕੇ ਤੇ ਘੱਟ ਗਿਣਤੀ ਕੌਮਾਂ ਨੂੰ ਸ਼ਾਮਲ ਕੀਤਾ।

ਪੰਜਾਬ ਦੇ ਪਿੰਡਾਂ ਵਿੱਚ ਸਾਈਕਲ 'ਤੇ ਘੁੰਮਦੇ ਹੋਏ ਉਨ੍ਹਾਂ ਨੇ ਹਜ਼ਾਰਾਂ ਬਹੁਜਨ ਵਰਕਰ ਤਿਆਰ ਕੀਤੇ ਜੋ ਵਿਚਾਰਧਾਰਾ ਨੂੰ ਜੀਉਂਦਾ ਰੱਖਦੇ ਸਨ। ਇਸ ਕਾਰਨ 1992 ਵਿੱਚ ਪੰਜਾਬ ਵਿੱਚ ਬਸਪਾ ਨੇ 9 ਸੀਟਾਂ ਜਿੱਤੀਆਂ ਅਤੇ ਲਗਭਗ 16 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਇਹ ਬਹੁਜਨ ਰਾਜਨੀਤੀ ਦਾ ਉਭਾਰ ਸੀ।

1996 ਵਿੱਚ ਅਕਾਲੀ ਦਲ ਨਾਲ ਬਸਪਾ ਦਾ ਗਠਜੋੜ ਕਰਕੇ ਉਹ ਖੁਦ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਜਿੱਤੇ ਅਤੇ ਬਸਪਾ ਨੇ ਪੰਜਾਬ ਵਿੱਚ ਵੀ ਚਾਰ ਸੀਟਾਂ ਜਿੱਤੀਆਂ। ਪਰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਪੰਜਾਬੀ ਰਾਜਨੀਤੀ ਵਿੱਚ ਸੀ। ਉਨ੍ਹਾਂ ਨੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਬਹੁਜਨ ਅੰਦੋਲਨ ਨਾਲ ਜੋੜਿਆ। ਗੁਰੂ ਗ੍ਰੰਥ ਸਾਹਿਬ ਵਿਚਲਾ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਉਨ੍ਹਾਂ ਲਈ ਬਹੁਜਨ ਰਾਜਨੀਤੀ ਦੀ ਰੂਹ ਸੀ। ਉਨ੍ਹਾਂ ਨੇ ਅਕਾਲੀ ਦਲ ਨਾਲ ਗਠਜੋੜ ਦੀ ਹਮਾਇਤ ਕੀਤੀ ਤਾਂ ਜੋ ਪੰਜਾਬ ਦੀ 32 ਫ਼ੀਸਦੀ ਤੋਂ ਵੱਧ ਦਲਿਤ ਆਬਾਦੀ ਨੂੰ ਸੱਤਾ ਵਿੱਚ ਹਿੱਸਾ ਮਿਲੇ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖ ਧਰਮ ਬਹੁਜਨਾਂ ਦੇ ਹਿਤ ਵਿੱਚ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਰਹਿਬਰ ਨੇ ਜਾਤ-ਪਾਤ ਤੇ ਬਾਹਮਣਵਾਦ ਦਾ ਵਿਰੋਧ ਕੀਤਾ ਹੈ ਤੇ ਨਵੇਂ ਸਮਾਜ ਤੇ ਰਾਜਨੀਤੀ ਦਾ ਸੁਨੇਹਾ ਦਿੱਤਾ ਹੈ। ਇਸ ਲਈ ਉਨ੍ਹਾਂ ਨੇ ਪੰਜਾਬ ਵਿੱਚ ਦਲਿਤ-ਪੰਥਕ ਗਠਜੋੜ ਨੂੰ ਰਾਜਨੀਤਕ ਹਕੀਕਤ ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਮੌਤ (9 ਅਕਤੂਬਰ 2006) ਤੋਂ ਬਾਅਦ ਬਸਪਾ ਇਸ ਵਿਰਾਸਤ ਨੂੰ ਭੁੱਲ ਗਈ। (ਬਾਕੀ ਸਫ਼ਾ 27 'ਤੇ)

## ਬਸਪਾ ਦੀ ਮਜ਼ਬੂਤੀ ਹੀ ਬਹੁਜਨਾਂ ਦੀ ਤਰੱਕੀ ਦਾ ਰਾਹ: ਮਾਇਆਵਤੀ



ਲਖਨਊ/ਏ.ਟੀ.ਨਿਊਜ਼ : ਬਹੁਜਨ ਸਮਾਜ ਪਾਰਟੀ (ਬਸਪਾ) ਦੀ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਬੀਤੇ ਦਿਨੀਂ ਲਖਨਊ ਵਿਖੇ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਮੀਟਿੰਗ ਕੀਤੀ ਸੀ। ਇਸ ਦੌਰਾਨ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦਲਿਤਾਂ, ਪਿਛੜੇ ਵਰਗਾਂ , ਆਦਿਵਾਸੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਬਸਪਾ ਸਿਆਸੀ ਤੌਰ 'ਤੇ ਮਜ਼ਬੂਤ ਹੋਵੇਗੀ। ਬੀਤੇ ਦਿਨੀਂ ਮਾਇਆਵਤੀ ਨੇ ਬਿਹਾਰ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਸੂਬਾ ਕਮੇਟੀਆਂ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਸੀ। ਬਸਪਾ ਸੁਪਰੀਮੋ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਸੰਵਿਧਾਨ ਵਿੱਚ ਦਿੱਤੇ ਗਏ ਅਧਿਕਾਰਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਬਹੁਜਨਾਂ ਦੇ ਹੱਥ ਵਿੱਚ ਸੱਤਾ ਦਾ ਹੋਣਾ ਲਾਜ਼ਮੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਬਸਪਾ ਮਜ਼ਬੂਤ ਹੋਈ ਹੈ, ਸਮਾਜ ਦੇ ਦੱਬੇ-ਕੁਚਲੇ ਵਰਗਾਂ ਦੇ ਹਿੱਤਾਂ ਦੀ ਰਾਖੀ ਹੋਈ ਹੈ। ਇਸ ਮੀਟਿੰਗ ਨੂੰ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ। ਮਾਇਆਵਤੀ ਨੇ ਪਾਰਟੀ ਵਰਕਰਾਂ ਨੂੰ ਹਦਾਇਤ ਕੀਤੀ ਕਿ ਉਹ ਬਾਬਾ ਸਾਹਿਬ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਅਤੇ ਪਾਰਟੀ ਦੇ ਜਨਾਧਾਰ ਨੂੰ ਹੋਰ ਵਿਸ਼ਾਲ ਕਰਨ।

## ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਦੀਆਂ ਜੇਲ੍ਹਾਂ, ਜਿੱਥੇ ਮਨੁੱਖੀ ਅਧਿਕਾਰ ਦਮ ਤੋੜ ਰਹੇ ਹਨ

## ਕਾਨੂੰਨ ਦੀ ਹਿਰਾਸਤ 'ਚ ਮੌਤਾਂ, ਸੁਰੱਖਿਆ ਦੇ ਦਾਅਵਿਆਂ ਦੀ ਨਿਕਲੀ ਫੂਕ

## ਮੁਆਵਜ਼ਾ ਤਾਂ ਮਿਲਿਆ, ਪਰ ਇਨਸਾਫ਼ ਕਿੱਥੇ ?

ਪੰਜਾਬ ਦੀਆਂ ਜੇਲ੍ਹਾਂ ਲੰਬੇ ਸਮੇਂ ਤੋਂ ਵਿਵਾਦਾਂ ਅਤੇ ਸਵਾਲਾਂ ਵਿੱਚ ਘਿਰੀਆਂ ਰਹੀਆਂ ਹਨ। ਸਰਕਾਰਾਂ ਵੱਲੋਂ ਵਾਰ-ਵਾਰ ਦਾਅਵੇ ਕੀਤੇ ਜਾਂਦੇ ਹਨ ਕਿ ਜੇਲ੍ਹਾਂ ਵਿੱਚ ਸੁਰੱਖਿਆ, ਨਿਗਰਾਨੀ ਅਤੇ ਬੰਦੀਆਂ ਦੇ ਅਧਿਕਾਰਾਂ ਦੀ ਪੂਰੀ ਕਾਇਦੇ ਨਾਲ ਰੱਖਿਆ ਕੀਤੀ ਜਾਂਦੀ ਹੈ, ਪਰ ਹਕੀਕਤ ਇਸ ਤੋਂ ਬਿਲਕੁਲ ਉਲਟ ਨਜ਼ਰ ਆਉਂਦੀ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੀਆਂ ਰਿਪੋਰਟਾਂ ਅਤੇ ਹਾਲ ਹੀ ਵਿੱਚ ਸਾਹਮਣੇ ਆਈਆਂ ਜਾਣਕਾਰੀਆਂ ਨੇ ਜੇਲ੍ਹ ਪ੍ਰਬੰਧਨ ਦੀਆਂ ਕਮੀਆਂ ਨੂੰ ਬੇਨਕਾਬ ਕਰ ਦਿੱਤਾ ਹੈ। ਇਹ ਰਿਪੋਰਟਾਂ ਨਾ ਸਿਰਫ਼ ਹਿਰਾਸਤੀ ਮੌਤਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ ਬਲਕਿ ਜੇਲ੍ਹ ਵਿੱਚ ਕੈਦੀਆਂ ਦੀ ਭਾਰੀ ਗਿਣਤੀ, ਨਿਗਰਾਨੀ ਦੀ ਘਾਟ ਅਤੇ ਪ੍ਰਸ਼ਾਸਨਿਕ ਲਾਪਰਵਾਹੀ ਨੂੰ ਵੀ ਉਜਾਗਰ ਕਰਦੀਆਂ ਹਨ।



ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਰਿਪੋਰਟ ਅਤੇ ਹਾਲ ਹੀ ਵਿੱਚ ਆਈਆਂ ਜਾਣਕਾਰੀਆਂ ਮੁਤਾਬਕ ਜੇਲ੍ਹਾਂ ਵਿੱਚ ਹਿਰਾਸਤੀ ਮੌਤਾਂ ਦੇ ਮਾਮਲੇ ਵਧ ਰਹੇ ਹਨ।

ਕਮਿਸ਼ਨ ਨੇ ਕਈ ਮਾਮਲਿਆਂ ਵਿੱਚ ਨਿਗਰਾਨੀ ਦੀ ਘਾਟ ਅਤੇ ਪ੍ਰਸ਼ਾਸਨਿਕ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਦਾਹਰਨ ਵਜੋਂ, ਉੱਚ ਸੁਰੱਖਿਆ ਵਾਲੀਆਂ ਜੇਲ੍ਹਾਂ ਵਿੱਚ ਵੀ ਨਿਗਰਾਨੀ ਫੇਲ੍ਹ ਹੋਣ ਕਾਰਨ ਕਈ ਹਿਰਾਸਤੀ ਮੌਤਾਂ ਹੋਈਆਂ ਹਨ, ਜਿਨ੍ਹਾਂ ਵਿੱਚ ਸਰਕਾਰ ਨੂੰ ਮੁਆਵਜ਼ਾ ਦੇਣਾ ਪਿਆ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਅਜਿਹੇ ਮਾਮਲਿਆਂ ਵਿੱਚ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿਵਾਇਆ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਸਖ਼ਤ ਨੋਟਿਸ ਜਾਰੀ ਕੀਤੇ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਲ੍ਹਾਂ ਵਿੱਚ ਬੰਦੀਆਂ ਨਾਲ ਅਪਰਾਧ ਵਧ ਰਹੇ ਹਨ, ਜਿਸ ਦਾ ਮੁੱਖ ਕਾਰਨ ਬੰਦੀਆਂ ਦੀ ਭੀੜ ਅਤੇ ਸਟਾਫ ਦੀ ਘਾਟ ਹੈ। ਕਮਿਸ਼ਨ ਨੇ ਜੇਲ੍ਹ ਪ੍ਰਸ਼ਾਸਨ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣ ਦੀ ਮੰਗ ਕੀਤੀ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।2022 ਤੋਂ 2026 ਤੱਕ ਦੇ ਅੰਕੜਿਆਂ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਦੀਆਂ ਮੌਤਾਂ ਦੀ ਗਿਣਤੀ ਚਿੰਤਾਜਨਕ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ ਅਤੇ ਹੋਰ ਸਰੋਤਾਂ ਮੁਤਾਬਕ 2023 ਵਿੱਚ ਹੀ ਪੰਜਾਬ ਵਿੱਚ 20 ਗੈਰ-ਕੁਦਰਤੀ ਮੌਤਾਂ ਦਰਜ ਹੋਈਆਂ, ਜਿਨ੍ਹਾਂ ਵਿੱਚ 13 ਖੁਦਕੁਸ਼ੀਆਂ, 3 ਹੱਤਿਆਵਾਂ ਅਤੇ 4 ਦੁਰਘਟਨਾਵਾਂ ਸ਼ਾਮਲ ਸਨ। ਇਹ ਅੰਕੜਾ ਦੇਸ਼ ਵਿੱਚ ਸਭ ਤੋਂ ਵੱਧ ਸੀ।2020 ਤੋਂ 2023 ਤੱਕ ਦੇ ਅੰਕੜੇ ਵੇਖੀਏ ਤਾਂ ਪੰਜਾਬ ਵਿੱਚ ਅਜਿਹੀਆਂ ਮੌਤਾਂ ਵਿੱਚ ਵਾਧਾ ਵੇਖਣ ਨੂੰ ਮਿਲਦਾ ਹੈ - 2020 ਵਿੱਚ 5, 2021 ਵਿੱਚ 7, 2022 ਵਿੱਚ 6 ਅਤੇ 2023 ਵਿੱਚ 20।2024 ਅਤੇ 2025 ਵਿੱਚ ਵੀ ਅਜਿਹੀਆਂ ਘਟਨਾਵਾਂ ਜਾਰੀ ਰਹੀਆਂ, ਜਿਨ੍ਹਾਂ ਵਿੱਚ ਖੁਦਕੁਸ਼ੀਆਂ ਅਤੇ ਹਿਰਾਸਤੀ ਮੌਤਾਂ ਦੇ ਮਾਮਲੇ ਸਾਹਮਣੇ ਆਏ ਹਨ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਈ ਮੌਤਾਂ 'ਤੇ ਮੁਆਵਜ਼ਾ ਦਿੱਤਾ ਅਤੇ ਜਾਂਚ ਦੇ ਆਦੇਸ਼ ਦਿੱਤੇ ਹਨ। ਅੰਦਾਜ਼ਨ 2022 ਤੋਂ 2026 ਤੱਕ ਦੇ ਪੀਰੀਅਡ ਵਿੱਚ ਕੁੱਲ ਮਿਲਾ ਕੇ 50 ਤੋਂ ਵੱਧ ਗ਼ੈਰ-ਕੁਦਰਤੀ ਮੌਤਾਂ ਹੋਈਆਂ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਕਾਰਨ ਓਵਰਕਰਾਊਡਿੰਗ, ਮਾਨਸਿਕ ਤਣਾਅ, ਨਿਗਰਾਨੀ ਦੀ ਘਾਟ ਅਤੇ ਮੈਡੀਕਲ ਸਹੂਲਤਾਂ ਦੀ ਕਮੀ ਰਹੀ ਹੈ। ਇਹ ਅੰਕੜੇ ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ ਦੀਆਂ ਰਿਪੋਰਟਾਂ ਅਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਕੇਸਾਂ ਤੋਂ ਲਏ ਗਏ ਹਨ।

ਪੰਜਾਬ ਦੀਆਂ ਜੇਲ੍ਹਾਂ ਵਿੱਚ ਓਵਰਕਰਾਊਡਿੰਗ ਸਭ ਤੋਂ ਵੱਡੀ ਸਮੱਸਿਆ ਹੈ। ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਮੁਤਾਬਕ 2022-23 ਵਿੱਚ ਜੇਲ੍ਹਾਂ ਦੀ ਸਮਰੱਥਾ 25,824 ਸੀ ਪਰ ਕੈਦੀਆਂ ਦੀ ਗਿਣਤੀ 28,000 ਤੋਂ ਵੱਧ ਸੀ, ਜਿਸ ਵਿੱਚ 4,145 ਵਾਧੂ ਕੈਦੀ ਸਨ। ਹਾਲ ਹੀ ਵਿੱਚ ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ 36,000 ਤੋਂ 38,000 ਕੈਦੀ ਬੰਦ ਹਨ, ਜਦਕਿ ਸਮਰੱਥਾ ਇਸ ਤੋਂ ਘੱਟ ਹੈ। ਲੁਧਿਆਣਾ ਅਤੇ ਬਠਿੰਡਾ ਵਰਗੀਆਂ ਜੇਲ੍ਹਾਂ ਵਿੱਚ ਭੀੜ ਸਭ ਤੋਂ ਜ਼ਿਆਦਾ ਹੈ। ਇਸ ਭੀੜ ਕਾਰਨ ਬੰਦੀਆਂ ਨੂੰ ਬੁਨਿਆਦੀ ਸਹੂਲਤਾਂ ਜਿਵੇਂ ਸਾਫ਼ ਪਾਣੀ, ਸੈਨੀਟੇਸ਼ਨ, ਮੈਡੀਕਲ ਕੇਅਰ ਅਤੇ ਨਿਗਰਾਨੀ ਨਹੀਂ ਮਿਲ ਪਾਉਂਦੀ। ਕੈਗ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਭੀੜ ਕਾਰਨ 45,000 ਤੋਂ ਵੱਧ ਕੈਦੀਆਂ ਨੂੰ ਬਾਹਰਲੇ ਹਸਪਤਾਲਾਂ ਵਿੱਚ ਇਲਾਜ ਲਈ ਭੇਜਣਾ ਪਿਆ ਸੀ, ਜਿਸ ਨਾਲ 22 ਕੈਦੀ ਫਰਾਰ ਵੀ ਹੋ ਗਏ।

ਜੇਲ੍ਹਾਂ ਵਿੱਚ 83 ਫ਼ੀਸਦੀ ਤੋਂ ਵੱਧ ਅੰਡਰਟਰਾਇਲ ਕੈਦੀ ਹਨ, ਜਦਕਿ ਸਿਰਫ਼ 17-18 ਫੀਸਦ ਸਜ਼ਾ ਕੱਟ ਰਹੇ ਹਨ। ਅੰਡਰਟਰਾਇਲ ਕੈਦੀਆਂ ਦੇ ਕੇਸ ਲੰਬੇ ਸਮੇਂ ਤੱਕ ਚੱਲਦੇ ਹਨ, ਜਿਸ ਕਾਰਨ ਜੇਲ੍ਹਾਂ 'ਤੇ ਵਾਧੂ ਬੋਝ ਪੈਂਦਾ ਹੈ। ਅਦਾਲਤਾਂ ਵਿੱਚ ਦੇਰੀ, ਪੁਲਿਸ ਵੱਲੋਂ ਸਮੇਂ ਸਿਰ ਪੇਸ਼ ਨਾ ਕਰਨਾ ਅਤੇ ਜ਼ਮਾਨਤ ਵਿੱਚ ਦੇਰੀ ਇਸ ਸਮੱਸਿਆ ਨੂੰ ਵਧਾਉਂਦੀ ਹੈ। ਇਸ ਤੋਂ ਇਲਾਵਾ ਅੱਧੇ ਤੋਂ ਵੱਧ ਕੈਦੀ ਐਨਡੀਪੀਐਸ ਐਕਟ ਦੇ ਕੇਸਾਂ ਵਿੱਚ ਬੰਦ ਹਨ, ਜੋ ਖਤਰਨਾਕ ਅਤੇ ਗੈਂਗਸਟਰ ਬੈਕਗ੍ਰਾਊਂਡ ਵਾਲੇ ਹੁੰਦੇ ਹਨ। ਇਸ ਕਾਰਨ ਜੇਲ੍ਹਾਂ ਅੰਦਰ ਹਿੰਸਾ, ਹੱਤਿਆ ਅਤੇ ਜਾਨਲੇਵਾ ਹਮਲੇ ਵਧੇ ਹਨ।

ਜੇਲ੍ਹਾਂ ਅੰਦਰ ਮਾਨਸਿਕ ਤਣਾਅ ਅਤੇ ਖੁਦਕੁਸ਼ੀਆਂ ਵੀ ਵੱਡੀ ਸਮੱਸਿਆ ਹਨ। ਕੈਦੀ ਵੱਖਰੇ ਤਰੀਕੇ ਦੇ ਤਣਾਅ ਸਹਿੰਦੇ ਹਨ ਅਤੇ ਨਿਗਰਾਨੀ ਦੀ ਘਾਟ ਕਾਰਨ ਖੌਫ਼ਨਾਕ ਕਦਮ ਚੁੱਕਦੇ ਹਨ। ਉਦਾਹਰਨ ਵਜੋਂ ਫਰੀਦਕੋਟ ਜੇਲ੍ਹ ਵਿੱਚ ਕਈ ਮਾਮਲੇ ਸਾਹਮਣੇ ਆਏ ਜਿੱਥੇ ਖੁਦਕੁਸ਼ੀਆਂ ਹੋਈਆਂ। ਔਰਤ ਕੈਦੀਆਂ ਅਤੇ ਬੱਚਿਆਂ ਨਾਲ ਜੁੜੀਆਂ ਚੁਣੌਤੀਆਂ ਵੱਖਰੀਆਂ ਹਨ, ਜਿਵੇਂ ਬੱਚਿਆਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਘਾਟ।

ਜੇਲ੍ਹਾਂ ਨੂੰ ਸੁਧਾਰ ਘਰ ਕਿਹਾ ਜਾਂਦਾ ਹੈ ਪਰ ਅਸਲ ਵਿੱਚ ਇਹ ਅਪਰਾਧੀਆਂ ਨੂੰ ਹੋਰ ਖਤਰਨਾਕ ਬਣਾ ਰਹੀਆਂ ਹਨ। ਨਿਗਰਾਨੀ ਦੀ ਘਾਟ ਅਤੇ ਭੀੜ ਕਾਰਨ ਕੈਦੀ ਸੁਧਰਨ ਦੀ ਬਜਾਏ ਵਧੇਰੇ ਵਿਗੜ ਜਾਂਦੇ ਹਨ। ਕੈਗ ਅਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਜੇਲ੍ਹਾਂ ਵਿੱਚ ਵਧ ਰਹੀ ਭੀੜ ਜ਼ਿੰਦਗੀ ਲਈ ਖਤਰਾ ਬਣ ਰਹੀ ਹੈ। ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਪਾਰਦਰਸ਼ੀ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ - ਜਿਵੇਂ ਨਵੀਆਂ ਜੇਲ੍ਹਾਂ ਬਣਾਉਣਾ, ਸਟਾਫ ਵਧਾਉਣਾ, ਮੈਡੀਕਲ ਸਹੂਲਤਾਂ ਸੁਧਾਰਨਾ ਅਤੇ ਅੰਡਰਟਰਾਇਲ ਕੇਸਾਂ ਨੂੰ ਤੇਜ਼ ਕਰਨਾ। ਪੰਜਾਬ ਦੀਆਂ ਜੇਲ੍ਹਾਂ ਦੇ ਹਾਲਾਤ ਨੂੰ ਬਦਲਣ ਲਈ ਤੁਰੰਤ ਕਦਮ ਚੁੱਕਣੇ ਜ਼ਰੂਰੀ ਹਨ। ਜੇਲ੍ਹਾਂ ਨੂੰ ਸਜ਼ਾ ਦੀ ਜਗ੍ਹਾ ਸੁਧਾਰ ਦਾ ਕੇਂਦਰ ਬਣਾਉਣਾ ਚਾਹੀਦਾ ਹੈ। ਨਹੀਂ ਤਾਂ ਇਹ ਸਿਸਟਮ ਨਾ ਸਿਰਫ਼ ਬੰਦੀਆਂ ਦੇ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਬਲਕਿ ਸਮਾਜ ਲਈ ਵੀ ਖਤਰਾ ਬਣ ਰਿਹਾ ਹੈ।

# ਕੀ ਟਰੰਪ ਦੀ ਗੱਲਬਾਤ ਇਰਾਨ ਵਿਰੁੱਧ 'ਆਖ਼ਰੀ ਹਮਲੇ' ਦੀ ਰਣਨੀਤਕ ਤਿਆਰੀ ਹੈ ?

## ਰੂਸ ਦੀ ਸਰਕਾਰੀ ਅਖ਼ਬਾਰ ਆਰ.ਟੀ. ਇੰਟਰਨੈਸ਼ਨਲ ਦੀ ਰਿਪੋਰਟ ਦਾ ਵਿਸ਼ਲੇਸ਼ਣ

ਹੁਣੇ ਜਿਹੇ ਰੂਸ ਦੀ ਸਰਕਾਰੀ ਅਖ਼ਬਾਰ ਆਰ.ਟੀ. ਇੰਟਰਨੈਸ਼ਨਲ ਵਿੱਚ ਫਰਹਾਦ ਇਬਰਾਹੀਮੋਵ ਦੀ ਇੱਕ ਰਿਪੋਰਟ ਛਪੀ ਹੈ। ਫਰਹਾਦ ਇਬਰਾਹੀਮੋਵ ਦਾ ਕਹਿਣਾ ਹੈ ਕਿ ਇਸ ਹਫਤੇ ਇਸ ਜੰਗ ਨੇ ਪੱਛਮੀ ਏਸ਼ੀਆ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਇੱਕ ਪਾਸੇ ਪਰਮਾਣੂ ਜੰਗ ਦੇ ਬੱਦਲ ਮੰਡਰਾ ਰਹੇ ਹਨ ਅਤੇ ਦੂਜੇ ਪਾਸੇ ਕੂਟਨੀਤਕ ਗੱਲਬਾਤ ਦੀਆਂ ਕੰਧਾਂ ਉਸਾਰੀਆਂ ਜਾ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਨਾਲ 'ਸੰਪਰਕ' ਹੋਣ ਦੇ ਦਾਅਵਿਆਂ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ, ਕਿਉਂਕਿ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਇਰਾਨ ਦੇ ਊਰਜਾ ਢਾਂਚੇ ਨੂੰ ਤਬਾਹ ਕਰਨ ਦਾ 48 ਘੰਟਿਆਂ ਦਾ ਅਲਟੀਮੇਟਮ ਦਿੱਤਾ ਸੀ।

ਫਰਹਾਦ ਦਾ ਮੰਨਣਾ ਹੈ ਕਿ ਟਰੰਪ ਦੀ ਰਣਨੀਤੀ ਵਿੱਚ ਇਹ ਅਚਾਨਕ ਆਈ ਤਬਦੀਲੀ ਕੋਈ ਮਨੁੱਖੀ ਹਮਦਰਦੀ ਨਹੀਂ, ਸਗੋਂ ਇੱਕ ਗਣਿਤਿਕ ਚਾਲ ਹੈ। ਇਸ ਦੇ ਤਿੰਨ ਮੁੱਖ ਪਹਿਲੂ ਹਨ:

ਪੈਂਟਾਗਨ ਅਤੇ ਡਿਪਾਰਟਮੈਂਟ ਆਫ਼ ਵਾਰ ਨੂੰ ਅਹਿਸਾਸ ਹੋ ਗਿਆ ਹੈ ਕਿ ਇਰਾਨ 'ਤੇ ਸਿੱਧਾ ਹਮਲਾ ਅਮਰੀਕੀ ਹਿੱਤਾਂ ਅਤੇ ਖਾੜੀ ਦੇਸ਼ਾਂ (ਸਾਊਦੀ ਅਰਬ, ਯੂ.ਏ.ਈ.) ਦੇ ਤੇਲ ਖੂਹਾਂ ਲਈ ਘਾਤਕ ਹੋ ਸਕਦਾ ਹੈ। ਗੱਲਬਾਤ ਦਾ ਰਾਗ ਅਲਾਪ ਕੇ ਅਮਰੀਕਾ ਆਪਣੀਆਂ ਫ਼ੌਜਾਂ ਨੂੰ ਮੁੜ ਜਥੇਬੰਦ ਕਰਨ ਲਈ ਸਮਾਂ ਲੈ ਰਿਹਾ ਹੈ।



ਅਮਰੀਕਾ ਵੱਲੋਂ ਇਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਗਾਲੀਬਾਫ ਵਰਗੇ ਆਗੂਆਂ ਦਾ ਨਾਂਅ ਗੁਪਤ ਗੱਲਬਾਤ ਲਈ ਉਛਾਲਣਾ, ਇਰਾਨੀ ਲੀਡਰਸ਼ਿਪ, ਆਈਆਰਜੀਸੀ ਅਤੇ ਧਾਰਮਿਕ ਸੰਸਥਾਵਾਂ ਵਿਚਕਾਰ ਬੇਭਰੋਸਗੀ ਪੈਦਾ ਕਰਨ ਦੀ ਇੱਕ ਮਨੋਵਿਗਿਆਨਕ ਜੰਗ ਹੈ।

ਹੋਰਮੂਜ਼ ਜਲਡਮਰੂ ਦੀ ਨਾਕਾਬੰਦੀ ਕਾਰਨ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਰਹੀਆਂ ਹਨ। ਟਰੰਪ ਜਾਣਦੇ ਹਨ ਕਿ ਜੇਕਰ ਤੇਲ ਦੀ ਸਪਲਾਈ ਲੰਬੇ ਸਮੇਂ ਤੱਕ ਰੁਕੀ ਰਹੀ, ਤਾਂ ਅਮਰੀਕੀ ਆਰਥਿਕਤਾ ਨੂੰ ਭਾਰੀ ਨੁਕਸਾਨ ਹੋਵੇਗਾ।ਫਰਹਾਦ ਇਬਰਾਹੀਮੋਵ ਅਨੁਸਾਰ ਇਰਾਨ ਹਾਲੇ ਤੱਕ ਅਮਰੀਕਾ ਅੱਗੇ ਝੁਕਿਆ ਨਹੀਂ ਹੈ। ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿੱਚ ਅਮਰੀਕਾ ਅਤੇ ਇਜ਼ਰਾਈਲ ਨੂੰ 'ਬਦਮਾਸ਼' ਕਰਾਰ ਦਿੱਤਾ ਹੈ। ਪਿਛਲੇ ਦਿਨੀਂ ਮਿਨਾਬ ਵਿੱਚ ਇੱਕ ਸਕੂਲ 'ਤੇ ਹੋਏ ਹਮਲੇ ਵਿੱਚ 170 ਤੋਂ ਵੱਧ ਬੱਚਿਆਂ ਦੀ ਮੌਤ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਰਾਨ ਇਸ ਨੂੰ ਅਮਰੀਕਾ ਵੱਲੋਂ ਕੀਤਾ ਗਿਆ 'ਜੰਗੀ ਅਪਰਾਧ' ਮੰਨਦਾ ਹੈ। ਅਮਰੀਕੀ-ਇਜ਼ਰਾਇਲੀ ਹਮਲਿਆਂ ਵਿੱਚ ਇਰਾਨ ਅੰਦਰ 1,937 ਅਤੇ ਲਿਬਨਾਨ ਵਿੱਚ 1,116 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਰਾਨ ਨਾਲ ਖੁਫ਼ੀਆ ਜਾਣਕਾਰੀ ਸਾਂਝੀ ਨਹੀਂ ਕਰ ਰਹੇ, ਪਰ ਅਮਰੀਕੀ ਬੇਸਾਂ ਦੀ ਸਥਿਤੀ ਜਨਤਕ ਹੈ, ਜਿਸ ਦਾ ਮਤਲਬ ਹੈ ਕਿ ਇਰਾਨ ਜਵਾਬੀ ਕਾਰਵਾਈ ਲਈ ਸੁਤੰਤਰ ਹੈ।ਫਰਹਾਦ ਇਬਰਾਹੀਮੋਵ ਅਨੁਸਾਰ ਜਿੱਥੇ ਟਰੰਪ ਗੱਲਬਾਤ ਦੀ ਗੱਲ ਕਰ ਰਹੇ ਹਨ, ਉੱਥੇ ਹੀ ਪੈਂਟਾਗਨ ਇਰਾਨ 'ਤੇ 'ਆਖਰੀ ਹਮਲੇ' ਦੀ ਯੋਜਨਾ ਬਣਾ ਰਿਹਾ ਹੈ। ਇਸ ਯੋਜਨਾ ਵਿੱਚ ਸ਼ਾਮਲ ਹਨ: ਤੇਲ ਮਾਰਗ ਨੂੰ ਖੋਲ੍ਹਣ ਲਈ ਇਰਾਨੀ ਟਾਪੂਆਂ 'ਤੇ ਫ਼ੌਜੀ ਕਬਜ਼ਾ

**ਇਰਾਨ ਦੇ ਯੂਰੇਨੀਅਮ ਭੰਡਾਰਾਂ ਨੂੰ ਜ਼ਬਤ ਕਰਨ ਲਈ ਜ਼ਮੀਨੀ ਹਮਲੇ**

ਇਜ਼ਰਾਇਲੀ ਹਵਾਈ ਹਮਲੇ: ਤਹਿਰਾਨ, ਯਜ਼ਦ ਅਤੇ ਇਸਫਾਹਾਨ ਵਰਗੇ ਸ਼ਹਿਰਾਂ ਵਿੱਚ ਮਿਜ਼ਾਈਲ ਉਤਪਾਦਨ ਕੇਂਦਰਾਂ ਨੂੰ ਨਿਸ਼ਾਨਾ ਬਣਾਉਣਾ

ਇਸ ਜੰਗ ਦੇ ਦੌਰਾਨ ਟਰੰਪ ਆਪਣੀ ਘਰੇਲੂ ਸਿਆਸੀ ਸਥਿਤੀ ਵੀ ਮਜ਼ਬੂਤ ਕਰ ਰਹੇ ਹਨ।

ਫਰਹਾਦ ਇਬਰਾਹੀਮੋਵ ਅਨੁਸਾਰ ਈਰਾਨ ਜਾਣਦਾ ਹੈ ਕਿ ਜਿੰਨੀ ਦੇਰ ਜੰਗ ਲੰਬੀ ਖਿੱਚੀ ਜਾਵੇਗੀ, ਅਮਰੀਕਾ ਲਈ ਇਸ ਦੀ ਕੀਮਤ ਉਨੀ ਹੀ ਵਧਦੀ ਜਾਵੇਗੀ। ਓਮਾਨ ਅਤੇ ਪਾਕਿਸਤਾਨ ਵਰਗੇ ਵਿਚੋਲੇ ਦੇਸ਼ਾਂ ਰਾਹੀਂ ਸ਼ਾਇਦ ਭਵਿੱਖ ਵਿੱਚ ਕੋਈ ਮੀਟਿੰਗ ਹੋਵੇ, ਪਰ ਫਿਲਹਾਲ ਈਰਾਨ ਦਾ ਰੁਖ਼ ਨਾ ਗੱਲਬਾਤ ਵਾਲਾ ਹੈ, ਨਾ ਆਤਮ-ਸਮਰਪਣ ਵਾਲਾ ਹੈ।

ਇਸ ਰਿਪੋਰਟ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਮਨੁੱਖ ਸੰਸਾਰ ਵਿੱਚ ਕਿਸੇ ਕੋਨੇ ਉਪਰ ਬੈਠੇ ਹਾਂ, ਸੰਕਟ ਵਿੱਚ ਘਿਰੇ ਹਾਂ। ਕਲਸੀ ਸਿਆਸਤਦਾਨਾਂ ਤੇ ਕਾਰਪੋਰੇਟ ਦਾ ਗਠਜੋੜ ਮਨਮਤਿ ਲਈ ਸੰਕਟ ਬਣਿਆ ਹੋਇਆ ਹੈ। ਦੁਨੀਆ ਲਈ ਅਗਲੇ ਕੁਝ ਹਫ਼ਤੇ ਬਹੁਤ ਨਾਜ਼ੁਕ ਹਨ, ਕਿਉਂਕਿ ਇੱਕ ਗਲਤ ਕਦਮ ਪੂਰੀ ਦੁਨੀਆ ਨੂੰ ਤੀਜੀ ਵਿਸ਼ਵ ਜੰਗ ਦੀ ਅੱਗ ਵਿੱਚ ਝੋਕ ਸਕਦਾ ਹੈ। ਇਹ ਜੰਗ ਸਾਧਾਰਨ ਨਹੀਂ ਹੋਵੇਗੀ, ਪ੍ਰਮਾਣੂ ਜੰਗ ਵਿੱਚ ਵੀ ਬਦਲ ਸਕਦੀ ਹੈ।ਇਸ ਦਾ ਸੇਕ ਹਰੇਕ ਮਨੁੱਖ ਨੂੰ ਲਗੇਗਾ।

## ਲੋਕਤੰਤਰ ’ਤੇ ਭਾਰੀ ‘ਬਾਬਾ ਤੰਤਰ’

# ਸੰਵਿਧਾਨ ਦੀਆਂ ਧੱਜੀਆਂ ਉਡਾਉਂਦਾ ਸਿਆਸੀ ‘ਬਾਬਾ’ ਗਠਜੋੜ

### ਸਿਆਸਤ ਦੀ ਸਰਪ੍ਰਸਤੀ ਹੇਠ ਪਖੰਡੀ ਬਾਬੇ ਕਿਉਂ ਵਧ ਰਹੇ ਹਨ ?

### ਬਲਾਤਕਾਰੀਆਂ ਬਾਬਿਆਂ ਨੂੰ ਪੈਰੋਲ ਦੀ ਖੈਰਾਤ ਕਿਉਂ ?



ਭਾਰਤ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਅਖੌਤੀ ‘ਧਰਮ ਗੁਰੂਆਂ’ ਅਤੇ ‘ਬਾਬਿਆਂ’ ਦੀ ਇੱਕ ਅਜਿਹੀ ਫ਼ੌਜ ਖੜ੍ਹੀ ਹੋ ਗਈ ਹੈ, ਜੋ ਸ਼ਰਧਾ ਦੀ ਆੜ ਵਿੱਚ ਅਪਰਾਧ, ਜਿਨਸੀ ਸ਼ੋਸ਼ਣ ਅਤੇ ਅੰਧ-ਵਿਸ਼ਵਾਸ ਦਾ ਸਾਮਰਾਜ ਚਲਾ ਰਹੀ ਹੈ। ਸਾਧ ਰਾਮ ਰਹੀਮ ਅਤੇ ਬਾਪੂ ਆਸਾਰਾਮ ਵਰਗੇ ਬਲਾਤਕਾਰੀ ਦੋਸ਼ੀਆਂ ਦੇ ਜੇਲ੍ਹ ਜਾਣ ਦੇ ਬਾਵਜੂਦ, ਨਵੇਂ-ਨਵੇਂ ‘ਬਾਬਿਆਂ’ ਦਾ ਪੈਦਾ ਹੋਣਾ ਅਤੇ ਸਿਆਸੀ ਗਲਿਆਰਿਆਂ ਵਿੱਚ ਉਨ੍ਹਾਂ ਦੀ ਪਹੁੰਚ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਈ ਹੈ। ਸਿਆਸੀ ਪਾਰਟੀਆਂ ਇਨ੍ਹਾਂ ਬਾਬਿਆਂ ਨੂੰ ਆਪਣੇ ‘ਵੋਟ ਬੈਂਕ’ ਵਜੋਂ ਵਰਤਦੀਆਂ ਹਨ। ਇਨ੍ਹਾਂ ਬਾਬਿਆਂ ਕੋਲ ਲੱਖਾਂ ਦੀ ਗਿਣਤੀ ਵਿੱਚ ਅੰਨ੍ਹੇ ਸ਼ਰਧਾਲੂ ਹੁੰਦੇ ਹਨ, ਜੋ ਆਪਣੇ ਗੁਰੂ ਦੇ ਇੱਕ ਇਸ਼ਾਰੇ ’ਤੇ ਕਿਸੇ ਵੀ ਪਾਰਟੀ ਨੂੰ ਜਿਤਾਉਣ ਦੀ ਤਾਕਤ ਰੱਖਦੇ ਹਨ। ਬਦਲੇ ਵਿੱਚ, ਸਿਆਸਤਦਾਨ ਇਨ੍ਹਾਂ ਗੁਨਾਹਗਾਰ ਅਪਰਾਧੀ ਬਾਬਿਆਂ ਨੂੰ ਪੁਲਿਸ ਅਤੇ ਕਾਨੂੰਨ ਤੋਂ ‘ਢਾਲ’ ਬਣ ਕੇ ਬਚਾਉਂਦੇ ਹਨ। ਸੱਤਾਧਾਰੀ ਪਾਰਟੀ ਅਤੇ ਪ੍ਰਮੁੱਖ ਸਿਆਸੀ ਆਗੂਆਂ ਵੱਲੋਂ ਵੱਖ-ਵੱਖ ਸਮੇਂ ’ਤੇ ਕਈ ਵਿਵਾਦਤ ਅਤੇ ਪ੍ਰਭਾਵਸ਼ਾਲੀ ਬਾਬਿਆਂ ਨੂੰ ਮਾਨਤਾ ਜਾਂ ਸਰਪ੍ਰਸਤੀ ਦਿੱਤੀ ਗਈ ਹੈ।

ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਗੇਸ਼ਵਰ ਧਾਮ ਸਰਕਾਰ (ਧੀਰੇਂਦਰ ਕ੍ਰਿਸ਼ਨ ਸ਼ਾਸਤਰੀ) ਨੂੰ ਆਪਣੇ ‘ਛੋਟੇ ਭਰਾ’ ਵਜੋਂ ਸੰਬੋਧਿਤ ਕੀਤਾ ਸੀ। ਇਹ ਬਾਬਾ ਲੋਕਾਂ ਦਾ ਅਤੀਤ ਦੱਸਣ ਅਤੇ ‘ਪਰਚੀਆਂ’ ਰਾਹੀਂ ਚਮਤਕਾਰ ਕਰਨ ਦਾ ਦਾਅਵਾ ਕਰਦਾ ਹੈ। ਕਈ ਕੇਂਦਰੀ ਮੰਤਰੀ ਅਤੇ ਮੁੱਖ ਮੰਤਰੀ ਉਨ੍ਹਾਂ ਦੇ ਦਰਬਾਰ ਵਿੱਚ ਹਾਜ਼ਰੀ ਭਰਦੇ ਹਨ।

ਯੋਗਾ ਗੁਰੂ ਰਾਮਦੇਵ ਨੂੰ ਯੋਗ ਗੁਰੂ ਤੋਂ ਇੱਕ ਵੱਡੇ ਕਾਰੋਬਾਰੀ ਸਾਮਰਾਜ (ਪਤੰਜਲੀ) ਦੇ ਮਾਲਕ ਵਜੋਂ ਸਥਾਪਿਤ ਹੋਣ ਵਿੱਚ ਮੌਜੂਦਾ ਸਰਕਾਰ ਦਾ ਵੱਡਾ ਸਹਿਯੋਗ ਰਿਹਾ ਹੈ। ਉਸ ਨੇ 2014 ਦੀਆਂ ਚੋਣਾਂ ਵਿੱਚ ਭਾਜਪਾ ਲਈ ਖੁੱਲ੍ਹ ਕੇ ਪ੍ਰਚਾਰ ਕੀਤਾ ਸੀ ਅਤੇ ਸਰਕਾਰ ਦੀਆਂ ਕਈ ਨੀਤੀਆਂ ਦਾ ਸਮਰਥਨ ਕਰਦਾ ਹੈ। ਅਦਾਲਤਾਂ ਅਤੇ ਵਿਗਿਆਨਕ ਸੰਸਥਾਵਾਂ ਨੇ ਉਨ੍ਹਾਂ ਦੇ ਕਈ ਦਾਅਵਿਆਂ ਨੂੰ ‘ਭਰਾਮਕ’ ਅਤੇ ‘ਧੋਖਾਧੜੀ’ ਕਰਾਰ ਦਿੱਤਾ ਹੈ। ਕੋਵਿਡ-19 ਮਹਾਮਾਰੀ ਦੌਰਾਨ ਰਾਮਦੇਵ ਨੇ ‘ਕੋਰੋਨਿਲ’ ਨਾਂਅ ਦੀ ਦਵਾਈ ਲਾਂਚ ਕੀਤੀ ਅਤੇ ਦਾਅਵਾ ਕੀਤਾ ਕਿ ਇਹ ਕੋਰੋਨਾ ਦਾ 100% ਇਲਾਜ ਹੈ। ਵਿਸ਼ਵ ਸਿਹਤ ਸੰਗਠਨ ਨੇ ਅਜਿਹੀ ਕਿਸੇ ਵੀ ਦਵਾਈ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਰਾਮਦੇਵ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਉਹ ਐਲੋਪੈਥੀ ਵਿਗਿਆਨ ਦਾ ਮਜ਼ਾਕ ਨਾ ਉਡਾਉਣ ਅਤੇ ਗਲਤ ਦਾਅਵੇ ਕਰਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਨਾ ਖੇਡਣ। ਸੁਪਰੀਮ ਕੋਰਟ ਵਿੱਚ ਪਤੰਜਲੀ ਵਿਰੁੱਧ ਇੱਕ ਲੰਬੀ ਲੜਾਈ ਚੱਲੀ, ਜਿਸ ਵਿੱਚ ਅਦਾਲਤ ਨੇ ਪਾਇਆ ਕਿ ਰਾਮਦੇਵ ਦੀ ਕੰਪਨੀ ਆਪਣੀਆਂ ਦਵਾਈਆਂ ਬਾਰੇ ਝੂਠੇ ਦਾਅਵੇ ਕਰ ਰਹੀ ਸੀ। ਉਹ ਦਾਅਵਾ ਕਰਦੇ ਸਨ ਕਿ ਉਨ੍ਹਾਂ ਦੇ ਉਤਪਾਦ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਗਠੀਏ ਵਰਗੀਆਂ ਲਾਇਲਾਜ ਬਿਮਾਰੀਆਂ ਨੂੰ ਜੜ੍ਹ ਤੋਂ ਖ਼ਤਮ ਕਰ ਸਕਦੇ ਹਨ। ਅਦਾਲਤ ਨੇ ਇਸ ਨੂੰ ਕਾਨੂੰਨ ਦੀ ਉਲੰਘਣਾ ਮੰਨਿਆ ਅਤੇ ਰਾਮਦੇਵ ਨੂੰ ਬਿਨਾਂ ਸ਼ਰਤ ਮੁਆਫੀ ਮੰਗਣੀ ਪਈ। ਰਾਮਦੇਵ ਨੇ ਇੱਕ ਵਾਇਰਲ ਵੀਡੀਓ ਵਿੱਚ ਐਲੋਪੈਥੀ ਨੂੰ ਮੂਰਖਤਾ ਭਰਿਆ ਵਿਗਿਆਨ ਕਿਹਾ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਲੱਖਾਂ ਲੋਕ ਐਲੋਪੈਥੀ ਦਵਾਈਆਂ ਕਾਰਨ ਮਰੇ ਹਨ। ਇਸ ਬਿਆਨ ਨੇ ਦੇਸ਼ ਭਰ ਦੇ ਡਾਕਟਰਾਂ ਵਿੱਚ ਭਾਰੀ ਰੋਸ ਪੈਦਾ ਕੀਤਾ ਅਤੇ ਉਨ੍ਹਾਂ ’ਤੇ ਮਹਾਂਮਾਰੀ ਦੌਰਾਨ ਲੋਕਾਂ ਨੂੰ ਭੜਕਾਉਣ ਦੇ ਦੋਸ਼ ਲੱਗੇ।

ਪਤੰਜਲੀ ਦੇ ਕਈ ਉਤਪਾਦ ਲੈਬ ਟੈਸਟਾਂ ਵਿੱਚ ਫੇਲ੍ਹ ਹੋ ਚੁੱਕੇ ਹਨ:ਕਈ ਰਿਪੋਰਟਾਂ ਅਨੁਸਾਰ ਪਤੰਜਲੀ ਦੇ ਸ਼ਹਿਦ ਵਿੱਚ ਚੀਨੀ ਦੇ ਘੋਲ ਦੀ ਮਿਲਾਵਟ ਪਾਈ ਗਈ ਸੀ। ਕਈ ਵਾਰ ਪਤੰਜਲੀ ਦੇ ਸਰ੍ਹੋਂ ਦੇ ਤੇਲ ਅਤੇ ਘਿਓ ਦੇ ਨਮੂਨੇ ਵੀ ਸਰਕਾਰੀ ਮਾਪਦੰਡਾਂ ’ਤੇ ਖ਼ਰੇ ਨਹੀਂ ਉਤਰੇ। ਰਾਮਦੇਵ ਨੇ ‘ਪੁਤਰ ਜੀਵਕ’ ਨਾਂਅ ਦੀ ਦਵਾਈ ਵੇਚੀ, ਜਿਸ ਬਾਰੇ ਇਹ ਭਰਮ ਫੈਲਾਇਆ ਗਿਆ ਕਿ ਇਸ ਨਾਲ ‘ਪੁੱਤਰ’ ਦੀ ਪ੍ਰਾਪਤੀ ਹੁੰਦੀ ਹੈ। ਇਹ ਲਿੰਗ ਚੋਣ ਵਿਰੋਧੀ ਕਾਨੂੰਨਾਂ ਦੀ ਸਿੱਧੀ ਉਲੰਘਣਾ ਸੀ।

ਆਲੋਚਕਾਂ ਦਾ ਕਹਿਣਾ ਹੈ ਕਿ ਰਾਮਦੇਵ ਨੇ ਸੱਤਾਧਾਰੀ ਪਾਰਟੀ ਦੇ ਪੱਖ ਵਿੱਚ ਪ੍ਰਚਾਰ ਕਰਕੇ ਆਪਣੇ ਕਾਰੋਬਾਰ ਲਈ ਸਸਤੀਆਂ ਦਰਾਂ ’ਤੇ ਜ਼ਮੀਨਾਂ ਅਤੇ ਕਈ ਤਰ੍ਹਾਂ ਦੀਆਂ ਟੈਕਸ ਛੋਟਾਂ ਹਾਸਲ ਕੀਤੀਆਂ ਹਨ। 2014 ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਜੇਕਰ ਮੋਦੀ ਸਰਕਾਰ ਆਈ ਤਾਂ ਪੈਟਰੋਲ 35 ਰੁਪਏ ਲੀਟਰ ਮਿਲੇਗਾ, ਜੋ ਕਿ ਸਿਰਫ਼ ਇੱਕ ਸਿਆਸੀ ਜੁਮਲਾ ਸਾਬਿਤ ਹੋਇਆ। ਰਾਮ ਪੁਨੀਆਨੀ ਅਤੇ ਹੋਰ ਚਿੰਤਕਾਂ ਅਨੁਸਾਰ, ਰਾਮਦੇਵ ਵਰਗੇ ਲੋਕ ਧਰਮ ਅਤੇ ਰਾਸ਼ਟਰਵਾਦ ਦਾ ਲੇਬਲ ਲਗਾ ਕੇ ਆਪਣਾ ਵਪਾਰ ਚਮਕਾ ਰਹੇ ਹਨ, ਜਦੋਂ ਕਿ ਆਮ ਜਨਤਾ ਉਨ੍ਹਾਂ ਦੇ ਸਵਦੇਸ਼ੀ ਦੇ ਨਾਅਰੇ ਹੇਠ ਲੁੱਟੀ ਜਾ ਰਹੀ ਹੈ।

ਜੱਗੀ ਵਾਸੂਦੇਵ (ਸਦਗੁਰੂ) ਦੇ ਈਸ਼ਾ ਫਾਊਂਡੇਸ਼ਨ ਦੇ ਪ੍ਰੋਗਰਾਮਾਂ ਵਿੱਚ ਪ੍ਰਧਾਨ ਮੰਤਰੀ ਸਮੇਤ ਕਈ ਵੱਡੇ ਮੰਤਰੀ ਸ਼ਾਮਲ ਹੁੰਦੇ ਹਨ। ਉਨ੍ਹਾਂ ਦੇ ਇਨਰ ਇੰਜੀਨੀਅਰਿੰਗ ਵਰਗੇ ਸੰਕਲਪਾਂ ਨੂੰ ਸਰਕਾਰੀ ਪੱਧਰ ’ਤੇ ਵੀ ਕਈ ਵਾਰ ਸਲਾਹਿਆ ਗਿਆ ਹੈ। ਸ਼੍ਰੀ ਸ਼੍ਰੀ ਰਵੀ ਸ਼ੰਕਰ ਦਾ ਸਿਆਸੀ ਦਬਦਬਾ ਕਾਫੀ ਜ਼ਿਆਦਾ ਹੈ। ਉਨ੍ਹਾਂ ਨੇ ਅੰਨਾ ਹਜ਼ਾਰੇ ਦੇ ਅੰਦੋਲਨ (ਜੋ ਭਾਜਪਾ ਦੇ ਉਭਾਰ ਦਾ ਕਾਰਨ ਬਣਿਆ) ਨੂੰ ਸਮਰਥਨ ਦਿੱਤਾ ਸੀ। ਯਮੁਨਾ



ਦੇ ਕੰਢੇ ’ਤੇ ਹੋਏ ਉਨ੍ਹਾਂ ਦੇ ਵੱਡੇ ਪ੍ਰੋਗਰਾਮ ਨੂੰ ਸਰਕਾਰੀ ਮਸ਼ੀਨਰੀ ਨੇ ਪੂਰਾ ਸਹਿਯੋਗ ਦਿੱਤਾ ਸੀ, ਭਾਵੇਂ ਕਿ ਇਸ ਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚਿਆ ਸੀ।

ਰਾਮ ਰਹੀਮ ਅਤੇ ਆਸਾਰਾਮ ਜੇਲ੍ਹ ਜਾਣ ਤੋਂ ਪਹਿਲਾਂ ਇਨ੍ਹਾਂ ਦੋਵਾਂ ਦਾ ਸਿਆਸੀ ਰਸੂਖ ਇੰਨਾ ਸੀ ਕਿ ਹਰ ਪਾਰਟੀ ਦਾ ਨੇਤਾ ਇਨ੍ਹਾਂ ਦੇ ਡੇਰਿਆਂ ’ਤੇ ਮੱਥਾ ਟੇਕਣ ਜਾਂਦਾ ਸੀ। ਡੇਰਾ ਸੱਚਾ ਸੌਦਾ ਦਾ ਹਰਿਆਣਾ ਅਤੇ ਪੰਜਾਬ ਦੀ ਸਿਆਸਤ ਵਿੱਚ ਵੱਡਾ ਪ੍ਰਭਾਵ ਰਿਹਾ ਹੈ। 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਸੱਚਾ ਸੌਦਾ ਨੇ ਖੁੱਲ੍ਹ ਕੇ ਭਾਜਪਾ ਦਾ ਸਮਰਥਨ ਕੀਤਾ ਸੀ, ਜਿਸ ਨਾਲ ਪਹਿਲੀ ਵਾਰ ਹਰਿਆਣਾ ਵਿੱਚ ਭਾਜਪਾ ਦੀ ਬਹੁਮਤ ਵਾਲੀ ਸਰਕਾਰ ਬਣੀ। ਭਾਜਪਾ ਦੇ ਕਈ ਵੱਡੇ ਨੇਤਾ, ਮੁੱਖ ਮੰਤਰੀ ਅਤੇ ਮੰਤਰੀ ਚੋਣਾਂ ਤੋਂ ਪਹਿਲਾਂ ਰਾਮ ਰਹੀਮ ਦਾ ਆਸ਼ੀਰਵਾਦ ਲੈਣ ਜਾਂਦੇ ਰਹੇ ਹਨ। 2019 ਦੀਆਂ ਚੋਣਾਂ ਦੌਰਾਨ ਵੀ ਕਈ ਉਮੀਦਵਾਰਾਂ ਨੇ ਡੇਰੇ ਦੇ ਪ੍ਰਭਾਵ ਦਾ ਫਾਇਦਾ ਉਠਾਇਆ। ਰਾਮ ਰਹੀਮ ਨੇ ਪ੍ਰਧਾਨ ਮੰਤਰੀ ਮੋਦੀ ਦੀ ‘ਸਵੱਛ ਭਾਰਤ’ ਮੁਹਿੰਮ ਵਿੱਚ ਵੱਡੇ ਪੱਧਰ ’ਤੇ ਸ਼ਮੂਲੀਅਤ ਕੀਤੀ ਸੀ, ਜਿਸ ਦੀ ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਸ਼ਲਾਘਾ ਵੀ ਕੀਤੀ ਸੀ।

ਸਜ਼ਾ ਹੋਣ ਤੋਂ ਬਾਅਦ ਵੀ ਰਾਮ ਰਹੀਮ ਨੂੰ ਵਾਰ-ਵਾਰ ਮਿਲਣ ਵਾਲੀ ਪੈਰੋਲ ਨੂੰ ਸੱਤਾ ਦੀ ਨਰਮੀ ਵਜੋਂ ਦੇਖਿਆ ਜਾਂਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਹਰਿਆਣਾ ਵਿੱਚ ਪੰਚਾਇਤ, ਨਗਰ ਨਿਗਮ ਜਾਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਰਾਮ ਰਹੀਮ ਨੂੰ ਪੈਰੋਲ ਮਿਲ ਜਾਂਦੀ ਹੈ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਸਰਕਾਰ ਡੇਰੇ ਦੇ ਵੋਟ ਬੈਂਕ ਨੂੰ ਖੁਸ਼ ਕਰਨ ਲਈ ਅਜਿਹਾ ਕਰਦੀ ਹੈ।

ਬੀਤੇ ਦਿਨੀਂ ਮਹਾਰਾਸ਼ਟਰ ਦੇ ਨਾਸਿਕ ਤੋਂ ਸਾਹਮਣੇ ਆਇਆ ਅਸ਼ੋਕ ਕੁਮਾਰ ਖਰਾਤ ਦਾ ਮਾਮਲਾ ਅੰਧ-ਵਿਸ਼ਵਾਸ ਅਤੇ ਸਿਆਸੀ ਸਰਪ੍ਰਸਤੀ ਦੇ ਗਠਜੋੜ ਦੀ ਇੱਕ ਤਾਜ਼ਾ ਅਤੇ ਹੈਰਾਨ ਕਰਨ ਵਾਲੀ ਮਿਸਾਲ ਹੈ। ਅਸ਼ੋਕ ਕੁਮਾਰ ਖਰਾਤ ਇੱਕ ਅਜਿਹਾ ਵਿਅਕਤੀ ਹੈ ਜਿਸ ਨੇ ਲੋਕਾਂ ਦੀ ਆਸਥਾ ਅਤੇ ਮਾਨਸਿਕ ਕਮਜ਼ੋਰੀ ਦਾ ਫਾਇਦਾ ਉਠਾ ਕੇ ਆਪਣਾ ਇੱਕ ‘ਅਧਿਆਤਮਿਕ ਸਾਮਰਾਜ’ ਖੜ੍ਹਾ ਕੀਤਾ ਸੀ। ਉਸ ਦਾ ਦਾਅਵਾ ਸੀ ਕਿ ਉਹ ਮਰਚੈਂਟ ਨੇਵੀ ਦਾ ਸਾਬਕਾ ਕੈਪਟਨ ਹੈ। ਉਸ ਕੋਲ ਦੈਵੀ ਸ਼ਕਤੀਆਂ ਹਨ। ਉਹ ਇੱਕ ਮਾਹਰ ਜੋਤਸ਼ੀ ਅਤੇ ਅੰਕ ਸ਼ਾਸਤਰੀ ਹੈ। ਖਰਾਤ ਨੇ ਲੋਕਾਂ ਨੂੰ ਲੁੱਟਣ ਲਈ ਕਈ ਅਜੀਬੋ-ਗਰੀਬ ਤਰੀਕੇ ਅਪਣਾਏ ਸਨ। ਉਹ ਇਮਲੀ ਦੇ ਬੀਜਾਂ ਨੂੰ ਪਾਲਿਸ਼ ਕਰਕੇ ਉਨ੍ਹਾਂ ਨੂੰ ਬਹੁਮੁੱਲੇ ਰਤਨ ਦੱਸ ਕੇ ਮਹਿੰਗੇ ਭਾਅ ’ਤੇ ਵੇਚਦਾ ਸੀ। ਉਹ ਦਾਅਵਾ ਕਰਦਾ ਸੀ ਕਿ ਉਸ ਦੀਆਂ ਸ਼ਕਤੀਆਂ ਨਾਲ ਲੋਕਾਂ ਦੀਆਂ ਨਿੱਜੀ ਅਤੇ ਆਰਥਿਕ ਮੁਸ਼ਕਿਲਾਂ ਹੱਲ ਹੋ ਜਾਣਗੀਆਂ।

ਇਹ ਮਾਮਲਾ ਉਦੋਂ ਸਭ ਤੋਂ ਵੱਧ ਚਰਚਾ ਵਿੱਚ ਆਇਆ ਜਦੋਂ ਮਹਾਰਾਸ਼ਟਰ ਰਾਜ ਮਹਿਲਾ ਕਮਿਸ਼ਨ ਦੀ ਪ੍ਰਧਾਨ ਰੂਪਾਲੀ ਚਾਕਣਕਰ ਦੀ ਉਸ ਨਾਲ ਇੱਕ ਵੀਡੀਓ ਵਾਇਰਲ ਹੋਈ। ਵੀਡੀਓ ਵਿੱਚ ਰੂਪਾਲੀ ਚਾਕਣਕਰ ਇਸ ਬਾਬੇ ਦੇ ਪੈਰ ਧੋਂਦੀ ਅਤੇ ਉਸ ਨੂੰ ਧੁੱਪ ਤੋਂ ਬਚਾਉਣ ਲਈ ਛਤਰੀ ਫੜੀ ਨਜ਼ਰ ਆਈ। ਇੱਕ ਸੰਵਿਧਾਨਕ ਅਹੁਦੇ ’ਤੇ ਬੈਠੀ ਮਹਿਲਾ ਵੱਲੋਂ ਇੱਕ ਅਜਿਹੇ ਵਿਅਕਤੀ ਅੱਗੇ ਇਸ ਤਰ੍ਹਾਂ ਝੁਕਣਾ ਤਰਕਸ਼ੀਲ ਲੋਕਾਂ ਅਤੇ ਸਮਾਜਿਕ ਕਾਰਕੁਨਾਂ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ।

ਜਦੋਂ ਉਸ ਵਿਰੁੱਧ ਧੋਖਾਧੜੀ ਦੀਆਂ ਸ਼ਿਕਾਇਤਾਂ ਵਧੀਆਂ, ਤਾਂ ਨਾਸਿਕ ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਜਾਂਚ ਦੌਰਾਨ ਪਤਾ ਲੱਗਾ ਕਿ ਉਸ ਨੇ ਕਈ ਵੱਡੀਆਂ ਹਸਤੀਆਂ ਅਤੇ ਮੰਤਰੀਆਂ ਨੂੰ ਆਪਣੇ ਪ੍ਰਭਾਵ ਵਿੱਚ ਲਿਆ ਹੋਇਆ ਸੀ। ਕਈ ਔਰਤਾਂ ਨੇ ਉਸ ਵੱਲੋਂ ਕੀਤੇ ਜਿਨਸੀ ਸ਼ੋਸ਼ਣ ਵਿਰੁੱਧ ਚੁੱਪ ਧਾਰੀ ਹੋਈ ਸੀ, ਕਿਉਂਕਿ ਉਸ ਦੇ ਸਿਆਸੀ ਸਬੰਧ ਬਹੁਤ ਮਜ਼ਬੂਤ ਸਨ। ਅਸ਼ੋਕ ਕੁਮਾਰ ਖਰਾਤ ਦਾ ਮਾਮਲਾ ਇਹ ਸਿੱਧ ਕਰਦਾ ਹੈ ਕਿ ਜਦੋਂ ਸੱਤਾ ਅਤੇ ਸਿਆਸਤ ਨਾਲ ਜੁੜੇ ਲੋਕ ਅਜਿਹੇ ਪਖੰਡੀਆਂ ਨੂੰ ਮਾਨਤਾ ਦਿੰਦੇ ਹਨ, ਤਾਂ ਆਮ ਜਨਤਾ ਲਈ ਇਨ੍ਹਾਂ ਦੇ ਧੋਖੇ ਤੋਂ ਬਚਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਇਹ ਘਟਨਾ ਮਹਾਰਾਸ਼ਟਰ ਅੰਧ-ਵਿਸ਼ਵਾਸ ਨਿਰਮੂਲਨ ਕਮੇਟੀ (ਜਿਸ ਦੀ ਸਥਾਪਨਾ ਡਾ. ਦਾਭੋਲਕਰ ਨੇ ਕੀਤੀ ਸੀ) ਦੇ ਸੰਘਰਸ਼ ਨੂੰ ਮੁੜ ਚਰਚਾ ਵਿੱਚ ਲੈ ਆਈ ਹੈ। ਇਹ ਦਰਸਾਉਂਦਾ ਹੈ ਕਿ ਸੰਵਿਧਾਨਕ ਅਹੁਦਿਆਂ ’ਤੇ ਬੈਠੇ ਲੋਕ ਵੀ ਇਨ੍ਹਾਂ ਠੱਗਾਂ ਅੱਗੇ ਨਤਮਸਤਕ ਹਨ।

ਇਨ੍ਹਾਂ ਕੋਲ ਮਹਿੰਗੀਆਂ ਗੱਡੀਆਂ, ਆਲੀਸ਼ਾਨ ਆਸ਼ਰਮ ਅਤੇ ਅਰਬਾਂ ਦੀ ਜਾਇਦਾਦ ਹੈ। ਜਦੋਂ ਕਿਸੇ ਕੋਲ ਬਿਨਾਂ ਕਿਸੇ ਜਵਾਬਦੇਹੀ ਦੇ ਇੰਨੀ ਸ਼ਕਤੀ ਆ ਜਾਂਦੀ ਹੈ, ਤਾਂ ਉਹ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਣ ਲੱਗਦਾ ਹੈ।ਇਹ ਬਾਬੇ ਲੋਕਾਂ ਦੀਆਂ ਆਰਥਿਕ ਅਤੇ ਮਾਨਸਿਕ ਕਮਜ਼ੋਰੀਆਂ ਦਾ ਫਾਇਦਾ ਉਠਾਉਂਦੇ ਹਨ। ਦੈਵੀ ਸ਼ਕਤੀ ਦਾ ਡਰ ਦਿਖਾ ਕੇ ਇਹ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਦੇ ਹਨ। ਸਿਆਸੀ ਆਗੂਆਂ ਨਾਲ ਨਜ਼ਦੀਕੀ ਹੋਣ ਕਾਰਨ ਪੀੜਤ ਔਰਤਾਂ ਸ਼ਿਕਾਇਤ ਕਰਨ ਤੋਂ ਡਰਦੀਆਂ ਹਨ।

ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਅੱਜ ਦੇ ਦੌਰ ਵਿੱਚ ਤਰਕ ਦੀ ਥਾਂ ਅੰਧ-ਵਿਸ਼ਵਾਸ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸੱਤਾਧਾਰੀ ਧਿਰ ਭਾਜਪਾ ਵੱਲੋਂ ਪੁਰਾਣੀਆਂ ਮਿਥਿਹਾਸਕ ਕਹਾਣੀਆਂ ਨੂੰ ਵਿਗਿਆਨ ਵਜੋਂ ਪੇਸ਼ ਕਰਨਾ (ਜਿਵੇਂ ਪਲਾਸਟਿਕ ਸਰਜਰੀ ਜਾਂ ਪੁਸ਼ਪਕ ਵਿਮਾਨ ਦੇ ਦਾਅਵੇ) ਸਮਾਜ ਨੂੰ ਪਿਛਾਂਹ ਵੱਲ ਲੈ ਕੇ ਜਾ ਰਿਹਾ ਹੈ। ਸਿੱਖਿਆ ਨੀਤੀ ਵਿੱਚੋਂ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਅਤੇ ਪੀਰੀਅਡਿਕ ਟੇਬਲ ਵਰਗੇ ਵਿਗਿਆਨਕ ਵਿਸ਼ਿਆਂ ਨੂੰ ਹਟਾਉਣਾ ਇਸੇ ਸੋਚ ਦਾ ਹਿੱਸਾ ਹੈ।

ਭਾਰਤੀ ਸੰਵਿਧਾਨ ਦੀ ਧਾਰਾ 51 ਹਰ ਨਾਗਰਿਕ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਮਨੁੱਖਤਾਵਾਦ ਵਿਕਸਿਤ ਕਰਨ ਦਾ ਹੁਕਮ ਦਿੰਦੀ ਹੈ ਪਰ ਅੱਜ ਦੇ ਹਾਲਾਤ ਇਸ ਦੇ ਉਲਟ ਹਨ। ਜਿਨ੍ਹਾਂ ਲੋਕਾਂ ਨੇ ਤਰਕਸ਼ੀਲਤਾ ਦੀ ਗੱਲ ਕੀਤੀ—ਜਿਵੇਂ ਡਾ. ਦਾਭੋਲਕਰ, ਗੋਵਿੰਦ ਪਾਨਸਰੇ ਅਤੇ ਗੌਰੀ ਲੰਕੇਸ਼—ਉਨ੍ਹਾਂ ਨੂੰ ਆਪਣੀ ਜਾਨ ਗੁਆਉਣੀ ਪਈ ਸੀ। ਜੇਕਰ ਸਮਾਜ ਵਿੱਚ ਆਰਥਿਕ ਅਸੁਰੱਖਿਆ ਅਤੇ ਅਸਮਾਨਤਾ ਵਧਦੀ ਰਹੀ, ਤਾਂ ਇਹ ਪਖੰਡੀ ਬਾਬੇ ਆਪਣੀਆਂ ਦੁਕਾਨਾਂ ਚਲਾਉਂਦੇ ਰਹਿਣਗੇ। ਸਿਆਸਤ ਅਤੇ ਅਖੌਤੀ ਅਧਿਆਤਮਿਕਤਾ ਦਾ ਇਹ ਗਠਜੋੜ ਭਾਰਤ ਦੇ ਲੋਕਤੰਤਰ ਅਤੇ ਵਿਗਿਆਨਕ ਭਵਿੱਖ ਲਈ ਇੱਕ ਵੱਡਾ ਖ਼ਤਰਾ ਹੈ। ਬਾਬਿਆਂ ਦੇ ਲੱਖਾਂ ਸ਼ਰਧਾਲੂ ਇੱਕ ਤਿਆਰ-ਬਰ-ਤਿਆਰ ਵੋਟ ਬੈਂਕ ਹੁੰਦੇ ਹਨ। ਇਹਨਾਂ ਆਸ਼ਰਮਾਂ ਕੋਲ ਅਥਾਹ ਦੌਲਤ ਹੁੰਦੀ ਹੈ, ਜੋ ਚੋਣਾਂ ਸਮੇਂ ਕੰਮ ਆਉਂਦੀ ਹੈ। ਬਾਬੇ ਆਪਣੇ ਪ੍ਰਵਚਨਾਂ ਰਾਹੀਂ ਸਰਕਾਰ ਦੀਆਂ ਨੀਤੀਆਂ ਨੂੰ ਧਰਮ ਨਾਲ ਜੋੜ ਕੇ ਲੋਕਾਂ ਦੇ ਮਨਾਂ ਵਿੱਚ ਬਿਠਾ ਦਿੰਦੇ ਹਨ।

ਭਾਰਤ ਵਿੱਚ ਬਾਬਾਵਾਦ ਦਾ ਵਧਣਾ ਕਿਸੇ ਅਧਿਆਤਮਿਕ ਜਾਗ੍ਰਿਤੀ ਦਾ ਨਤੀਜਾ ਨਹੀਂ, ਸਗੋਂ ਸਮਾਜਿਕ ਅਸੁਰੱਖਿਆ ਅਤੇ ਸਿਆਸੀ ਲਾਲਚ ਦਾ ਨਤੀਜਾ ਹੈ। ਜਿੰਨਾ ਚਿਰ ਸਿਆਸਤਦਾਨ ਵੋਟਾਂ ਲਈ ਇਨ੍ਹਾਂ ਪਖੰਡੀਆਂ ਦੇ ਦਰਬਾਰਾਂ ਵਿੱਚ ਨੱਕ ਰਗੜਦੇ ਰਹਿਣਗੇ, ਉਨੀ ਦੇਰ ਇਨਸਾਫ਼ ਅਤੇ ਵਿਗਿਆਨਕ ਸੋਚ ਹਾਰਦੀ ਰਹੇਗੀ।

# ਧਰਮ ਦੀ ਮਰਿਆਦਾ ਬਹਾਲ ਰੱਖਣ ਦੀ ਲੜਾਈ ਲੜ ਰਹੇ ਹਾਂ : ਗਿਆਨੀ ਹਰਪ੍ਰੀਤ ਸਿੰਘ

## ਮਰਿਆਦਾ ਤੋੜਨ ਵਾਲਿਆਂ ਨਾਲ ਕੋਈ ਸਮਝੌਤਾ ਨਾ ਕਰਨ ਦਾ ਦਾਅਵਾ



ਬੋਹਾ (ਮਾਨਸਾ)/ਏ.ਟੀ.ਨਿਊਜ਼: ਅਕਾਲੀ ਦਲ (ਪੁਨਰ ਸੁਰਜੀਤ) ਦੇ ਕੌਮੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਧਰਮ ਦੀ ਮਰਿਆਦਾ ਬਹਾਲ ਰੱਖਣ ਦੀ ਲੜਾਈ ਲੜ ਰਹੇ ਹਨ। ਇਸ ਲਈ ਮਰਿਆਦਾ ਤੋੜਨ ਵਾਲੇ ਲੋਕਾਂ ਨਾਲ ਉਦੋਂ ਤੱਕ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਉਹ ਧਰਮ ਦੇ ਰਾਹ 'ਤੇ ਪਰਤ ਨਹੀਂ ਆਉਂਦੇ ਹਨ। ਉਹ ਪਿਛਲੇ ਦਿਨੀਂ ਮਾਨਸਾ ਜ਼ਿਲ੍ਹੇ ਦੇ ਕਸਬਾ ਬੋਹਾ 'ਚ ਇਕੱਠ ਨੂੰ ਸੰਬੋਧਨ ਕਰ ਰਹੇ ਸਨ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਦੀ ਜਿਸ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਚਾਲੀ ਮੁਕਤਿਆਂ ਦਾ ਬੇਦਾਵਾ ਪਾੜਿਆ ਸੀ, ਉਸੇ ਧਰਤੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਗੌੜੇ ਹੋਏ ਸੁਖਬੀਰ ਸਿੰਘ ਬਾਦਲ ਨੇ ਇਹ ਕਹਿ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਦਾਵਾ ਦਿੱਤਾ ਹੈ ਕਿ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਸਾਹਮਣੇ ਕਬੂਲ ਕੀਤੇ ਗੁਨਾਹ ਅਸਲ ਵਿੱਚ ਕੀਤੇ ਹੀ ਨਹੀਂ ਸਨ।ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨਿੱਤ ਨਵੇਂ ਬੇਦਾਵੇ ਦੇਣ ਦਾ ਰਿਕਾਰਡ ਬਣਾ ਰਿਹਾ ਹੈ। ਉਨ੍ਹਾਂ ਪੰਜਾਬ ਦੀ ਵਿਗੜਦੀ ਅਮਨ ਕਾਨੂੰਨ ਦੀ ਸਥਿਤੀ ਬਾਰੇ ਕਿਹਾ ਕਿ ਪੰਜਾਬ ਵਿੱਚ ਜੰਗਲ ਰਾਜ ਵਰਗੇ ਹਾਲਾਤ ਪੈਦਾ ਹੋ ਗਏ ਹਨ ਤੇ ਸਥਿਤੀ ਦਿਨੋਂ ਦਿਨ ਵਿਗੜਦੀ ਜਾ ਰਹੀ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਪੀਆਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇ ਕੇ, ਰਜਿੰਦਰ ਸਿੰਘ ਰਿਉਂਦ ਕਲਾ, ਭੀਮ ਸਿੰਘ ਕਣਕਵਾਲ, ਹਰਜੀਤ ਸਿੰਘ ਜੰਡੂ ਤੇ ਗੁਰਜੰਟ ਸਿੰਘ ਫਫੜੇ ਭਾਈਕੇ ਨੇ ਵੀ ਸੰਬੋਧਨ ਕੀਤਾ।

# ਪੰਜਾਬ 'ਚ ਧਰਮ ਪਰਿਵਰਤਨ ਨੂੰ ਠੱਲ੍ਹ ਪਾਉਣ ਦੀ ਲੋੜ : ਦਿੱਲੀ ਕਮੇਟੀ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਧਰਮ ਪਰਿਵਰਤਨ ਕਰਕੇ ਇਸਾਈ ਬਣਨ ਮਗਰੋਂ ਅਨੁਸੂਚਿਤ ਜਾਤੀਆਂ (ਐੱਸ ਸੀ) ਵਰਗ ਦੀਆਂ ਸਹੂਲਤਾਂ ਦਾ ਲਾਭ ਮਿਲਣ 'ਤੇ ਲਗਾਈ ਰੋਕ ਦੇ ਫੈਸਲੇ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ ਹੈ। ਕਮੇਟੀ ਦੇ ਆਗੂਆਂ ਨੇ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ ਵਿੱਚ ਧਰਮ ਪਰਿਵਰਤਨ ਨੂੰ ਠੱਲ੍ਹ ਪੈਣ 'ਚ ਮਦਦ ਮਿਲੇਗੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸ਼ਿਖ਼ਰਲੀ ਅਦਾਲਤ ਦਾ ਇਹ ਫੈਸਲਾ ਬਹੁਤ ਹੀ ਸਵਾਗਤਯੋਗ ਹੈ ਕਿ ਐੱਸ ਸੀ ਵਰਗ ਦੀਆਂ ਸਹੂਲਤਾਂ ਸਿਰਫ ਹਿੰਦੂ, ਸਿੱਖ ਤੇ ਬੁੱਧ ਧਰਮਾਂ ਦੇ ਲੋਕਾਂ ਨੂੰ ਮਿਲਣਗੀਆਂ ਅਤੇ ਜੇਕਰ ਕੋਈ ਧਰਮ ਪਰਿਵਰਤਨ ਕਰਕੇ ਇਸਾਈ ਬਣਦਾ ਹੈ ਤਾਂ ਫਿਰ ਉਹ ਇਹ ਸਹੂਲਤਾਂ ਲੈਣ ਦੇ ਯੋਗ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲਾਲਚ ਦੇ ਕੇ ਲੋਕਾਂ ਦਾ ਧਰਮ ਪਰਿਵਰਤਨ ਕਰ ਕੇ ਉਨ੍ਹਾਂ ਨੂੰ ਇਸਾਈ ਬਣਾਇਆ ਜਾ ਰਿਹਾ ਹੈ। ਇਹ ਮੁੱਦਾ ਦਿੱਲੀ ਗੁਰਦੁਆਰਾ ਕਮੇਟੀ ਨੇ ਅਨੇਕਾਂ ਵਾਰ ਪੂਰੇ ਜ਼ੋਰ ਸ਼ੋਰ ਨਾਲ ਚੁੱਕਿਆ ਹੈ ਅਤੇ 2000 ਦੇ ਕਰੀਬ ਲੋਕਾਂ ਦੀ ਸਿੱਖ ਧਰਮ ਵਿੱਚ ਮੁੜ ਵਾਪਸੀ ਵੀ ਕਰਵਾਈ ਹੈ।

ਉਨ੍ਹਾਂ ਕਿਹਾ ਕਿ ਹੁਣ ਜਦੋਂ ਸੁਪਰੀਮ ਕੋਰਟ ਦਾ ਇਹ ਫੈਸਲਾ ਆਇਆ ਹੈ ਤਾਂ ਪੂਰੀ ਆਸ ਹੈ ਕਿ ਇਸ ਨਾਲ ਧਰਮ ਪਰਿਵਰਤਨ ਦੀ ਮੁਹਿੰਮ ਨੂੰ ਖਾਸ ਤੌਰ 'ਤੇ ਪੰਜਾਬ ਵਿਚ ਠੱਲ੍ਹ ਪਵੇਗੀ ਅਤੇ ਲੋਕ ਹੁਣ ਇਹ ਸਮਝ ਲੈਣਗੇ ਕਿ ਲਾਲਚ ਵਿੱਚ ਆ ਕੇ ਜੇਕਰ ਇਸਾਈ ਧਰਮ ਅਪਣਾਇਆ ਤਾਂ ਐੱਸ ਸੀ ਵਰਗ ਨੂੰ ਮਿਲਦੀਆਂ ਸਹੂਲਤਾਂ ਤੋਂ ਉਹ ਵਾਂਝੇ ਰਹਿ ਜਾਣਗੇ।

ਉਨ੍ਹਾਂ ਕਿਹਾ ਕਿ ਐੱਸ ਸੀ ਵਰਗ ਦੇ ਬੱਚਿਆਂ ਨੂੰ ਨੌਕਰੀਆਂ ਅਤੇ ਸਿੱਖਿਆ ਵਿੱਚ ਰਾਖਵਾਂਕਰਨ ਤੇ ਹੋਰ ਸਹੂਲਤਾਂ ਮਿਲਦੀਆਂ ਹਨ ਅਤੇ ਜੇਕਰ ਕੋਈ ਇਸਾਈ ਬਣਦਾ ਹੈ ਤਾਂ ਉਹ ਇਨ੍ਹਾਂ ਸਹੂਲਤਾਂ ਤੋਂ ਸੱਖਣਾ ਹੋ ਜਾਵੇਗਾ।ਉਨ੍ਹਾਂ ਨੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਵੀ ਅਦਾਲਤ ਦੇ ਇਸ ਹੁਕਮ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਅਪੀਲ ਕੀਤੀ ਹੈ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਸਬੰਧੀ ਸਖ਼ਤ ਕਾਨੂੰਨ ਬਣਾਉਣ ਬਾਰੇ ਮੁੱਖ ਮੰਤਰੀ ਦਾ ਬਿਆਨ ਭੰਬਲਭੂਸਾ ਪੈਦਾ ਕਰਨ ਵਾਲਾ: ਸ਼੍ਰੋਮਣੀ ਕਮੇਟੀ




ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਸਰਕਾਰ ਵੱਲੋਂ ਪ੍ਰਸਾਵਿਤ 'ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਪੰਦਰਾਂ ਮੈਂਬਰੀ ਸਬ-ਕਮੇਟੀ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਕੋਲੋਂ ਮੰਗੀ ਗਈ ਜਾਣਕਾਰੀ ਮੁਹੱਈਆ ਨਾ ਕਰਵਾਉਣ 'ਤੇ ਇਤਰਾਜ਼ ਜਤਾਇਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ ਆਫਿਸ ਵਿੱਚ ਹੋਈ ਮੀਟਿੰਗ ਵਿੱਚ ਰਿਟਾਇਰਡ ਜਸਟਿਸ ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਾਬਕਾ ਜ਼ਿਲ੍ਹਾ ਅਟਾਰਨੀ ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਕੇਹਰ ਸਿੰਘ, ਮੈਂਬਰ ਸਿੱਖ ਇਤਿਹਾਸ ਰਿਸਰਚ ਬੋਰਡ ਡਾ. ਪਰਮਵੀਰ ਸਿੰਘ ਤੇ ਬੀਬੀ ਪ੍ਰਭਜੋਤ ਕੌਰ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ ਤੇ ਮੀਤ ਸਕੱਤਰ ਲਖਵੀਰ ਸਿੰਘ (ਕੋਆਰਡੀਨੇਟਰ) ਸ਼ਾਮਲ ਹੋਏ।

ਸਬ-ਕਮੇਟੀ ਦੇ ਚੇਅਰਮੈਨ ਸੇਵਾਮੁਕਤ ਜਸਟਿਸ ਬੇਦੀ ਨੇ ਦੱਸਿਆ ਕਿ ਮੀਟਿੰਗ ਵਿੱਚ ਮੈਂਬਰਾਂ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਸਬੰਧੀ ਸਖ਼ਤ ਕਾਨੂੰਨ ਬਣਾਉਣ ਬਾਰੇ ਮੁੱਖ ਮੰਤਰੀ ਦਾ ਬਿਆਨ ਭੰਬਲਭੂਸਾ ਪੈਦਾ ਕਰਨ ਵਾਲਾ ਹੈ।

ਮੁੱਖ ਮੰਤਰੀ ਨੇ ਜੋ ਬਿਆਨ ਦਿੱਤਾ ਹੈ ਉਹ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008' ਦੇ ਕਾਨੂੰਨ ਨਾਲ ਸਬੰਧਤ ਹੈ ਪਰ ਮੁੱਖ ਮੰਤਰੀ ਵੱਲੋਂ ਆਪਣੇ ਬਿਆਨ ਵਿੱਚ ਜਿਸ ਸਬ-ਕਮੇਟੀ ਦਾ ਹਵਾਲਾ ਦਿੱਤਾ ਗਿਆ ਹੈ ਕਿ ਉਹ 2025 ਦੇ ਪ੍ਰਸਤਾਵਿਤ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025 ਬਾਰੇ ਹੈ, ਜੋ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨਾਲ ਸਬੰਧਿਤ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨਾਲ ਨਾ ਤਾਂ ਹੁਣ ਤੀਕ ਪੰਜਾਬ ਸਰਕਾਰ ਵੱਲੋਂ ਰਾਬਤਾ ਕੀਤਾ ਗਿਆ ਅਤੇ ਨਾ ਹੀ ਸੋਧ ਬਿੱਲ ਦਾ ਖਰੜਾ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਇਸ ਗੱਲ ਤੋਂ ਵੀ ਸਪੱਸ਼ਟ ਹੋ ਰਹੀ ਹੈ ਕਿ ਬੇਅਦਬੀਆਂ ਸਬੰਧੀ ਬਣਾਏ ਜਾਣ ਵਾਲੇ ਕਾਨੂੰਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਲਗਾਤਾਰ ਪੱਤਰਾਂ ਰਾਹੀਂ ਕਈ ਵਾਰ ਮੰਗੀਆਂ ਜਾ ਰਹੀਆਂ ਜਾਣਕਾਰੀਆਂ ਵੀ ਉਨ੍ਹਾਂ ਵੱਲੋਂ ਸਾਂਝੀਆਂ ਨਹੀਂ ਕੀਤੀਆਂ ਜਾ ਰਹੀਆਂ।

# ਸ਼੍ਰੋਮਣੀ ਕਮੇਟੀ ਦਾ ਸਾਲ 2026-27 ਲਈ 1487.41 ਕਰੋੜ ਦਾ ਬਜਟ ਪੇਸ਼



ਅੰਮ੍ਰਿਤਸਰ/ਏ.ਟੀ.ਨਿਊਜ਼: ਇੱਥੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਦੌਰਾਨ ਸਾਲ 2026-27 ਲਈ 1487.41 ਕਰੋੜ ਰੁਪਏ ਦਾ ਅਨੁਮਾਨਤ ਬਜਟ ਪੇਸ਼ ਕੀਤਾ ਗਿਆ, ਜਿਸ ਨੂੰ ਕਮੇਟੀ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨ ਕਰਦਿਆਂ ਪਾਸ ਕੀਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕੀਤਾ। ਇਸ ਵਿੱਤੀ ਵਰ੍ਹੇ ਦੇ ਬਜਟ 'ਚ 7.28 ਫ਼ੀਸਦੀ ਵਾਧਾ ਦਰਜ ਕੀਤਾ ਗਿਆ, ਜੋ ਪਿਛਲੇ ਸਾਲ ਨਾਲੋਂ 100.94 ਕਰੋੜ ਰੁਪਏ ਵੱਧ ਹੈ। ਪਿਛਲੇ ਸਾਲ ਕਰੀਬ 1386 ਕਰੋੜ ਦਾ ਬਜਟ ਪਾਸ ਹੋਇਆ ਸੀ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਮੌਜੂਦ ਸਨ।

ਬਜਟ ਇਜਲਾਸ ਮਗਰੋਂ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਸਾਲ ਧਰਮ ਪ੍ਰਚਾਰ ਕਮੇਟੀ ਦਾ ਬਜਟ 120 ਕਰੋੜ ਰੁਪਏ ਅਤੇ ਸੈਕਸ਼ਨ 85 ਦੇ ਗੁਰਦੁਆਰਿਆਂ ਦਾ ਬਜਟ 1127.34 ਕਰੋੜ ਰੱਖਿਆ ਗਿਆ ਹੈ।ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਅਕਾਲੀ ਮਾਰਕੀਟ ਵਿੱਚ ਬਣਾਈ ਜਾਣ ਵਾਲੀ ਨਵੀਂ ਸਰਾਂ ਦੀ ਉਸਾਰੀ ਲਈ 33 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ 325.20 ਕਰੋੜ ਰੁਪਏ ਵਿੱਦਿਅਕ ਅਦਾਰਿਆਂ ਵਾਸਤੇ ਰੱਖੇ ਗਏ ਹਨ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਅਦਾਰਿਆਂ ਵਿੱਚ ਕੰਮ ਕਰਦੇ ਕਰੀਬ 22 ਹਜ਼ਾਰ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੇ ਹੋਰ ਖ਼ਰਚਿਆਂ ਲਈ 6.08 ਅਰਬ ਰੁਪਏ ਰੱਖੇ ਗਏ ਹਨ। ਪੰਥਕ ਭਲਾਈ ਕਾਰਜਾਂ ਲਈ 7.61 ਕਰੋੜ, ਸਿੱਖ ਬੱਚਿਆਂ ਦੀ ਮੁਫ਼ਤ ਵਿੱਦਿਆ ਲਈ 12.50 ਕਰੋੜ, ਪ੍ਰਸ਼ਾਸਨਿਕ ਪ੍ਰੀਖਿਆ ਦਾ ਮੁੱਢਲਾ ਟੈਸਟ ਪਾਸ ਕਰਨ ਵਾਲੇ ਗੁਰਸਿੱਖ ਵਿਦਿਆਰਥੀਆਂ ਲਈ 5 ਕਰੋੜ, ਸਿੱਖੀ ਪ੍ਰਚਾਰ ਲਈ 13.25 ਕਰੋੜ ਅਤੇ ਸ਼ਤਾਬਦੀ ਸਮਾਗਮਾਂ ਲਈ 7 ਕਰੋੜ ਰੁਪਏ ਰੱਖੇ ਗਏ ਹਨ। ਇਸੇ ਤਰ੍ਹਾਂ ਖੇਡਾਂ ਲਈ 3.11 ਕਰੋੜ, ਕੁਦਰਤੀ ਆਫ਼ਤਾਂ ਲਈ 1.60 ਕਰੋੜ ਰੁਪਏ ਰੱਖੇ ਹਨ।

ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਗੁਰਪ੍ਰੀਤ ਸਿੰਘ ਅਤੇ ਅਜਮੇਰ ਸਿੰਘ ਖੇੜਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਭਗਤ ਰਵਿਦਾਸ ਦੀ 650 ਸਾਲਾ ਸ਼ਤਾਬਦੀ ਮਨਾਉਣ ਦਾ ਫ਼ੈਸਲਾ ਕੀਤਾ ਹੈ।

**ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਮੁਕਾਬਲੇ ਸਿਰਫ਼ 0.9 ਫ਼ੀਸਦੀ: ਧਾਮੀ**

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬਜਟ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਵਾਲਾ ਹੈ।ਬਜਟ ਦਾ ਮੁੱਖ ਸਰੋਤ ਸੰਗਤ ਵੱਲੋਂ ਭੇਟ ਕੀਤੀ ਜਾਂਦੀ ਰਾਸ਼ੀ ਅਤੇ ਦਸਵੰਧ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਬਜਟ ਮੁਕਾਬਲੇ ਸਿਰਫ਼ 0.9 ਫ਼ੀਸਦੀ ਹੀ ਹੈ। ਇਹ ਸਿਰਫ਼ ਇੱਕ ਵੱਡੇ ਸ਼ਹਿਰ ਦੇ ਨਿਗਮ ਦੇ ਬਰਾਬਰ ਹੈ।ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਭੰਬਲਭੂਸਾ ਹੈ ਕਿ ਸ਼੍ਰੋਮਣੀ ਕਮੇਟੀ ਕੋਲ ਪੰਜਾਬ ਸਰਕਾਰ ਨਾਲੋਂ ਵਧੇਰੇ ਬਜਟ ਹੈ।

**ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਮੰਗ ਸਣੇ ਕਈ ਮਤੇ ਪਾਸ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਜਲਾਸ ਦੌਰਾਨ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਕੋਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਹੋਰ ਮਤਿਆਂ ਵਿੱਚ ਸਿੱਖਾਂ ਦੀ ਮੌਲਿਕ ਤੇ ਅੱਡਰੀ ਪਛਾਣ ਨੂੰ ਰਲਗੱਡ ਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਪ੍ਰਤੀ ਚਿੰਤਾ ਦਾ ਪ੍ਰਗਟਾਵਾ, ਧਾਰਮਿਕ ਗ੍ਰੰਥਾਂ ਖ਼ਿਲਾਫ਼ ਅਪਰਾਧਾਂ ਦੀ ਰੋਕਥਾਮ ਬਿੱਲ 2025 ਸਬੰਧੀ ਸਰਕਾਰ ਵੱਲੋਂ ਅਪਣਾਈ ਜਾ ਰਹੀ ਪਹੁੰਚ ਅਤੇ ਮੁੱਖ ਮੰਤਰੀ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਨਾਲ ਪੈਦਾ ਹੋਈ ਦੁਚਿੱਤੀ 'ਤੇ ਚਿੰਤਾ ਦਾ ਪ੍ਰਗਟਾਵਾ, ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ, ਏ ਆਈ ਦੀ ਦੁਰਵਰਤੋਂ ਅਤੇ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਕਕਾਰ ਉਤਾਰਨ ਲਈ ਮਜਬੂਰ ਕਰਨ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸੇ ਤਰ੍ਹਾਂ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008' ਨਾਲ ਕੋਈ ਛੇੜਛਾੜ ਨਾ ਕਰਨ ਬਾਰੇ ਮਤਾ ਪਾਸ ਕੀਤਾ ਗਿਆ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਏ ਸਰਕਾਰ : ਗਿਆਨੀ ਹਰਪ੍ਰੀਤ ਸਿੰਘ

## ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਰੋਸ ਮੁਜ਼ਾਹਰਾ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਪਿਛਲੇ ਦਿਨੀਂ ਇੱਥੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਬਾਹਰ ਧਰਨਾ ਦਿੱਤਾ। ਇਸ ਵਿੱਚ 2015 ਦੇ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ ਗਈ। ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਸਰਕਾਰ ਹੁਣ ਤੱਕ ਬੇਅਦਬੀ ਘਟਨਾਵਾਂ ਵਿੱਚ ਸ਼ਾਮਲ ਦੋਸ਼ੀਆਂ ਨੂੰ ਸਜ਼ਾ ਦੇਣ ਵਿੱਚ ਅਸਫਲ ਰਹੀ ਹੈ ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਮਾਮਲਿਆਂ ਵਿੱਚ ਇਨਸਾਫ਼ ਯਕੀਨੀ ਬਣਾਉਣ ਲਈ ਕੋਈ ਠੋਸ ਯਤਨ ਨਹੀਂ ਕੀਤੇ ਗਏ ਹਨ। ਉਨ੍ਹਾਂ ਨੇ ਕਾਂਗਰਸ ਲੀਡਰਸ਼ਿਪ 'ਤੇ ਵੀ ਨਿਸ਼ਾਨਾ ਸੇਧਿਆ ਤੇ ਕਿਹਾ ਕਿ ਉਨ੍ਹਾਂ ਨੇ ਵੀ ਬੇਅਦਬੀ ਮਾਮਲੇ 'ਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਪੰਜਾਬ ਵਿੱਚੋਂ ਨਸ਼ੇ ਖਤਮ ਕਰਨ ਦੇ ਵਾਅਦੇ ਕੀਤੇ ਸਨ ਜੋ ਕਿ ਪੂਰੇ ਨਹੀਂ ਹੋਏ। ਸ਼੍ਰੋਮਣੀ ਅਕਾਲੀ ਦਲ (ਬਾਦਲ) 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਨੇ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਰਪ੍ਰਸਤੀ ਦਿੱਤੀ ਹੈ। ਵਿਰੋਧ ਪ੍ਰਦਰਸ਼ਨ ਵਿੱਚ ਬੁਲਾਰਿਆਂ ਨੇ ਦੋਸ਼ ਲਗਾਇਆ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਈ ਸਾਲਾਂ ਤੋਂ ਨਹੀਂ ਹੋਈਆਂ। ਇਸ ਕਾਰਨ ਪ੍ਰਬੰਧਕੀ ਖਾਮੀਆਂ ਹਨ। ਉਨ੍ਹਾਂ ਕੁਝ ਆਗੂਆਂ 'ਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਵੇਚਣ ਦਾ ਦੋਸ਼ ਲਗਾਇਆ ਅਤੇ ਤੁਰੰਤ ਸਰਕਾਰੀ ਦਖਲ ਦੀ ਮੰਗ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਅੰਬ ਸਾਹਿਬ ਨਾਲ ਸਬੰਧਿਤ ਜ਼ਮੀਨ ਦੀ ਕਥਿਤ ਵਿਕਰੀ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜ ਦਰਿਆਵਾਂ ਦੀ ਤਹਿਜ਼ੀਬ ਨੂੰ ਕਾਇਮ ਰੱਖਣ ਦੀ ਲੋੜ

ਗੁਰੂ ਸਾਹਿਬਾਨ ਅਤੇ ਪੀਰਾਂ-ਫ਼ਕੀਰਾਂ ਦੀ ਧਰਤੀ ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਚੋਣ ਬਿਗਲ ਵਜਾ ਦਿੱਤਾ ਗਿਆ ਹੈ ਅਤੇ ਪੰਜਾਬ 'ਚ ਸਰਗਰਮ ਸਾਰੀਆਂ ਸਿਆਸੀ ਧਿਰਾਂ ਇਹ ਚੋਣਾਂ ਜਿੱਤਣ ਲਈ ਹੁਣੇ ਤੋਂ ਮੈਦਾਨ ਵਿੱਚ ਨਿੱਤਰ ਆਈਆਂ ਹਨ। ਨੇਤਾਵਾਂ ਦੇ ਵੱਲੋਂ ਹਰ ਇੱਕ ਆਪਣੇ ਆਪ ਨੂੰ ਮੁੱਖ ਮੰਤਰੀ ਦਾ ਚਿਹਰਾ ਕਹਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ, ਪਰ ਕੋਈ ਵੀ ਨੇਤਾ ਪੰਜਾਬ ਦੀ ਜਨਤਾ ਦੀ ਨਬਜ਼ ਟਟੋਲਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਕਿ ਆਖ਼ਰ ਪੰਜਾਬ ਦੀ ਜਨਤਾ ਚਾਹੁੰਦੀ ਕੀ ਹੈ? ਪੰਜਾਬ ਦੇ ਮਸਲਿਆਂ 'ਤੇ ਗੰਭੀਰਤਾ ਨਾਲ ਗੱਲ ਕਰਨੀ ਜਿੰਨੀ ਜ਼ਰੂਰੀ ਹੈ ਉਂਨੀ ਗੰਭੀਰਤਾ ਦੇ ਨਾਲ ਕੋਈ ਵੀ ਸਿਆਸਤਦਾਨ ਚਰਚਾ ਕਰਨ ਦੇ ਨਾ ਤਾਂ ਮੂਡ ਦੇ ਵਿੱਚ ਹੈ ਤੇ ਨਾ ਹੀ ਲੋਕਾਂ ਦੇ ਸਵਾਲਾਂ ਦੇ ਜਵਾਬਾਂ ਦੇ ਲਈ ਉਹ ਕਾਮਯਾਬ ਹੋਵੇਗਾ ਕਿਉਂਕਿ ਜਵਾਬ ਤਾਂ ਦਿੱਤੇ ਜਾਂਦੇ ਨੇ ਜੇ ਲੋਕਾਂ ਦੇ ਮਸਲਿਆਂ ਨੂੰ ਜ਼ਮੀਨੀ ਪੱਧਰ 'ਤੇ ਉੱਤਰ ਕੇ ਵੇਖਿਆ ਜਾਵੇ। ਸਾਨੂੰ ਨਹੀਂ ਲੱਗਦਾ ਕਿ ਕਿਸੇ ਵੀ ਵਿਧਾਇਕ ਨੂੰ ਆਪਣੇ ਹਲਕੇ ਦੇ 10 ਪਿੰਡਾਂ ਤੋਂ ਵੱਧ ਕਿਸੇ ਦਾ ਨਾਂਅ ਵੀ ਚੇਤੇ ਹੋਵੇ। ਕਦੀ ਸਮਾਂ ਸੀ ਕਿ ਜਦੋਂ ਪੰਜਾਬ ਦੇ ਮੁੱਖ ਮੰਤਰੀ ਆਮ ਜੱਟ ਜ਼ਿਮੀਂਦਾਰ ਤੋਂ ਲੈ ਕੇ ਸੀਰੀ ਤੱਕ ਨੂੰ ਵੀ ਮਿਲਣ ਦਾ ਮੌਕਾ ਦਿੰਦੇ ਸਨ ਪਰ ਹੁਣ ਪੰਜਾਬ ਦੀ ਸਿਆਸਤ ਹੂਟਰਾਂ ਵਾਲੀਆਂ ਗੱਡੀਆਂ ਤੱਕ ਸਿਮਟ ਕੇ ਰਹਿ ਗਈ ਹੈ। ਹੁਣ ਸਿਆਸਤਦਾਨ ਸਿਆਸਤ ਕਰਦੇ ਨੇ ਤਾਨਿਆਂ ਮਿਹਣਿਆਂ ਵਾਲੀ, ਦੂਜੇ ਨੂੰ ਨੀਵਾਂ ਦਿਖਾਉਣ ਵਾਲੀ, ਬਿਨਾ ਸੋਚੇ ਸਮਝੇ ਬਕੜਵਾਹ ਕਰਨ ਵਾਲੀ, ਇੱਕ ਦੂਜੇ ਨੂੰ ਨੀਚਾ ਦਿਖਾਉਣ ਵਾਲੀ ਤੇ ਸਭ ਤੋਂ ਵੱਡੀ ਗੱਲ ਦੂਜੇ ਦਾ ਸਨਮਾਨ ਕਰਨਾ ਤਾਂ ਉਹ ਭੁੱਲ ਹੀ ਗਏ ਨੇ। ਰੈਲੀਆਂ ਦੇ ਇਕੱਠ ਦੇ ਵਿੱਚ ਭੀੜ ਵੇਖ ਕੇ ਇਹ ਲੋਕ ਖੁਸ਼ ਹੁੰਦੇ ਨੇ ਕਿ ਪੰਜਾਬ ਦੀ ਜਨਤਾ ਉਹਨਾਂ ਨੂੰ ਸੁਣਨ ਆ ਰਹੀ ਹੈ ਪਰ ਲੋਕ ਉਹਨਾਂ ਦਾ ਭਾਰ ਤੋਲਣ ਆਉਂਦੇ ਨੇ, ਉਹ ਤੁਹਾਡੀ ਨਬਜ਼ ਟਟੋਲਣ ਆਉਂਦੇ ਨੇ। ਅੱਜ ਦੇ ਸਮੇਂ ਦੇ ਵਿਚ ਪੰਜਾਬ ਦੇ ਨੇਤਾਵਾਂ ਦੇ ਨਾਲੋਂ ਪੰਜਾਬ ਦੇ ਆਮ ਲੋਕ ਸੰਜੀਦਾ ਗੱਲ ਕਰਦੇ ਹਨ ਅਤੇ ਸੁਹਿਰਦ ਤਰੀਕੇ ਦੇ ਨਾਲ ਪੰਜਾਬ ਦੇ ਮਸਲਿਆਂ 'ਤੇ ਚਰਚਾ ਕਰਦੇ ਨੇ ਤੇ ਉਹ ਚਾਹੁੰਦੇ ਨੇ ਕਿ ਸਾਡੇ ਸਿਆਸਤਦਾਨ ਸੰਜੀਦਾ ਢੰਗ ਦੇ ਨਾਲ ਪੰਜਾਬ ਬਾਰੇ ਸੋਚਣ ਅਤੇ ਉਸ ਦਾ ਹੱਲ ਕੱਢਣ।

ਦੂਜੇ ਪਾਸੇ ਗਰਮਾਈ ਹੋਈ ਪੰਜਾਬ ਦੀ ਸਿਆਸਤ ਵਿੱਚ ਕੁਝ ਗਲਤ ਰੁਝਾਨ ਵੀ ਵੇਖੇ ਜਾ ਰਹੇ ਹਨ, ਜਿਨ੍ਹਾਂ ਵਿਚੋਂ ਇੱਕ ਰੁਝਾਨ ਸਿਆਸੀ ਆਗੂਆਂ ਵੱਲੋਂ ਇੱਕ ਦੂਜੇ ਦੀ ਨਿਖੇਧੀ ਕਰਦੇ ਸਮੇਂ ਉਹਨਾਂ ਦੇ ਪਰਿਵਾਰਾਂ ਖਾਸ ਕਰਕੇ ਮਾਂਵਾਂ-ਧੀਆਂ -ਭੈਣਾਂ ਦੀ ਨਿਖੇਧੀ ਕਰਨਾ ਵੀ ਸ਼ਾਮਲ ਹੈ। ਇਹ ਸਿਆਸੀ ਆਗੂ ਹੁਣ ਇੱਕ ਦੂਜੇ ਦੇ ਵੱਲੋਂ ਕਰਵਾਏ ਜਾਂਦੇ ਘਰੇਲੂ ਸਮਾਗਮਾਂ 'ਤੇ ਵੀ ਨਿਖੇਧੀਯੋਗ ਅਤੇ ਨਾਂਹਪੱਖੀ ਸਿਆਸਤ ਕਰਨ ਲੱਗ ਪਏ ਹਨ। ਤਾਜ਼ਾ ਮਾਮਲਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੀ ਧੀ ਦੇ ਮਨਾਏ ਗਏ ਜਨਮ ਦਿਨ ਦਾ ਹੈ। ਮੁੱਖ ਮੰਤਰੀ ਮਾਨ ਵੱਲੋਂ ਆਪਣੀ ਧੀ ਦਾ ਜਨਮ ਦਿਨ ਧੂਮ ਧਾਮ ਨਾਲ ਮਨਾਇਆ ਗਿਆ ਹੈ, ਦੂਜੇ ਪਾਸੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਗਾਇਆ ਹੈ ਕਿ ਮੁੱਖ ਮੰਤਰੀ ਮਾਨ ਨੇ ਆਪਣੀ ਧੀ ਦਾ ਜਨਮ ਦਿਨ ਮਨਾਉਣ ਲਈ ਪੰਜਾਬ ਸਰਕਾਰ ਦੇ ਕਰੋੜਾਂ ਰੁਪਏ ਖਰਚ ਕਰ ਦਿੱਤੇ। ਜਿਸ ਦੇ ਜਵਾਬ ਵਿੱਚ ਮੁੱਖ ਮੰਤਰੀ ਮਾਨ ਦਾ ਕਹਿਣਾ ਹੈ ਕਿ ਸੁਖਬੀਰ ਬਾਦਲ ਨੇ ਆਪਣੀ ਮਾਂ ਦੇ ਭੋਗ ਮੌਕੇ ਮੁਕਤਸਰ ਦੇ ਗੁਰਦੁਆਰਾ ਸਾਹਿਬ ਤੋਂ ਲੰਗਰ ਮੰਗਵਾਇਆ ਸੀ ਅਤੇ ਸੁਖਬੀਰ ਬਾਦਲ ਨੇ ਹੜ੍ਹਾਂ ਮੌਕੇ ਗੁਰਧਾਮਾਂ ਦੀਆਂ ਗੋਲਕਾਂ ਦਾ ਪੈਸਾ ਲੋਕਾਂ ਨੂੰ ਵੰਡਿਆ ਸੀ।

ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ, ਇਹਨਾਂ ਦਰਿਆਵਾਂ ਦੀ ਆਪਣੀ ਮਰਿਆਦਾ ਅਤੇ ਤਹਿਜ਼ੀਬ ਹੈ। ਇਹ ਦਰਿਆ ਸਭ ਦਾ ਭਲਾ ਲੋਚਦੇ ਹਨ। ਇਸੇ ਕਾਰਨ ਇਹਨਾਂ ਦਰਿਆਵਾਂ ਦੇ ਆਲ਼ੇ ਦੁਆਲ਼ੇ ਵਸੇ ਪੰਜਾਬ ਦੇ ਲੋਕਾਂ ਖਾਸ ਕਰਕੇ ਆਮ ਲੋਕਾਂ ਦੇ ਆਗੂਆਂ ਤੋਂ ਵੀ ਇਸੇ ਤਹਿਜ਼ੀਬ ਦੀ ਆਸ ਕੀਤੀ ਜਾਂਦੀ ਹੈ ਪ੍ਰੰਤੂ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਵੱਖ- ਵੱਖ ਸਿਆਸੀ ਆਗੂ ਆਪਸ ਵਿੱਚ ਪਿੰਡਾਂ ਦੀਆਂ ਅਨਪੜ੍ਹ ਜ਼ਨਾਨੀਆਂ ਵਾਂਗ ਖਹਿਬੜਦੇ ਨਜ਼ਰ ਆ ਰਹੇ ਹਨ। ਆਪਣੀ ਸਿਆਸੀ ਲੜਾਈ ਵਿੱਚ ਇਹ ਆਗੂ ਇੱਕ ਦੂਜੇ ਦੇ ਪਰਿਵਾਰਾਂ ਨੂੰ ਵੀ ਸ਼ਾਮਲ ਕਰ ਰਹੇ ਹਨ। ਸਿਰਫ਼ ਮੁੱਖ ਮੰਤਰੀ ਮਾਨ ਅਤੇ ਸੁਖਬੀਰ ਬਾਦਲ ਹੀ ਨਹੀਂ ਸਗੋਂ ਸੁਖਪਾਲ ਖਹਿਰਾ ਅਤੇ ਹੋਰ ਵੀ ਕਈ ਸਿਆਸੀ ਆਗੂ ਅਕਸਰ ਪੰਜਾਬ ਦੀਆਂ ਮਾਵਾਂ- ਧੀਆਂ- ਭੈਣਾਂ ਬਾਰੇ ਮੰਦੀ ਸ਼ਬਦਾਵਲੀ ਬੋਲ ਚੁੱਕੇ ਹਨ, ਜਿਸ ਦਾ ਪੰਜਾਬ ਵਾਸੀਆਂ ਵੱਲੋਂ ਬਹੁਤ ਬੁਰਾ ਮਨਾਇਆ ਜਾਂਦਾ ਹੈ।

ਇਹ ਠੀਕ ਹੈ ਕਿ ਮੁੱਖ ਮੰਤਰੀ ਦਾ ਅਹੁਦਾ ਬਹੁਤ ਮਾਣ ਮਰਿਆਦਾ ਵਾਲਾ ਹੁੰਦਾ ਹੈ ਅਤੇ ਵਿਰੋਧੀ ਆਗੂਆਂ ਨੂੰ ਮੁੱਖ ਮੰਤਰੀ ਬਾਰੇ ਬੋਲਣ ਤੋਂ ਪਹਿਲਾਂ ਇਸ ਅਹੁਦੇ ਦੀ ਮਰਿਆਦਾ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ। ਦੂਜੇ ਪਾਸੇ ਮੁੱਖ ਮੰਤਰੀ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਸਿਆਸੀ ਆਗੂ ਦੀ ਗੱਲ ਦਾ ਜਵਾਬ ਵਿਅੰਗਮਈ ਸੁਰ ਵਿੱਚ ਨਾ ਦੇਣ। ਮੁੱਖ ਮੰਤਰੀ ਮਾਨ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਉਹ ਹੁਣ ਕਾਮੇਡੀਅਨ ਨਹੀਂ ਸਗੋਂ ਪੰਜਾਬ ਦੇ ਮੁੱਖ ਮੰਤਰੀ ਹਨ ਅਤੇ ਇਹ ਅਹੁਦਾ ਬਹੁਤ ਹੀ ਮਾਣ ਸਨਮਾਨ ਅਤੇ ਮਰਿਆਦਾ ਵਾਲਾ ਹੁੰਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ ਵਿਚਾਲੇ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਕੀਤੀਆਂ ਜਾਣ ਅਤੇ ਪੰਜ ਦਰਿਆਵਾਂ ਦੀ ਧਰਤੀ ਦੀ ਤਹਿਜ਼ੀਬ ਨੂੰ ਜਿਉਂਦਾ ਰੱਖਿਆ ਜਾਵੇ। ਇਸ ਲਈ ਸਭ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਮਾਨ ਸਮੇਤ ਪੰਜਾਬ ਦੇ ਸਾਰੇ ਸਿਆਸੀ ਆਗੂਆਂ ਨੂੰ ਆਪਣੀ ਬੋਲ ਬਾਣੀ ਵਿੱਚ ਵੱਡਾ ਸੁਧਾਰ ਕਰਨ ਦੀ ਲੋੜ ਹੈ।

# ਕਿਵੇਂ ਰੁਕੇਗੀ ਅਮਰੀਕਾ-ਇਰਾਨ ਜੰਗ?

**ਸੰਜੇ ਗੁਪਤ**

ਅਮਰੀਕਾ ਵੱਲੋਂ ਇਜ਼ਰਾਇਲ ਦੇ ਨਾਲ ਮਿਲ ਕੇ ਇਰਾਨ 'ਤੇ ਹਮਲੇ ਦੇ ਚਾਰ ਹਫ਼ਤੇ ਬੀਤ ਗਏ, ਪਰ ਕਿਸੇ ਨੂੰ ਸਮਝ ਨਹੀਂ ਆ ਰਿਹਾ ਕਿ ਆਖ਼ਰ ਅਮਰੀਕਾ ਦਾ ਮੰਤਵ ਕੀ ਹੈ ਤੇ ਇਹ ਜੰਗ ਕਿਵੇਂ ਤੇ ਕਦ ਰੁਕੇਗੀ?

ਇਰਾਨ ਨੇ ਅਮਰੀਕਾ ਤੇ ਇਜ਼ਰਾਇਲ ਦੇ ਹਮਲੇ ਦੇ ਬਦਲੇ ਲਈ ਹਰਸੰਭਵ ਤਰੀਕੇ ਅਪਣਾਉਣ ਦੀ ਰਣਨੀਤੀ ਅਪਣਾਅ ਲਈ ਹੈ। ਉਹ ਇਜ਼ਰਾਇਲ ਨੂੰ ਨਿਸ਼ਾਨਾ ਬਣਾਉਣ ਦੇ ਨਾਲ ਖਾੜੀ ਦੇਸ਼ਾਂ 'ਚ ਨਾਗਰਿਕ ਟਿਕਾਣਿਆਂ ਤੇ ਊਰਜਾ ਸਰੋਤਾਂ 'ਤੇ ਵੀ ਇਸ ਬਹਾਨੇ ਹਮਲੇ ਕਰ ਰਿਹਾ ਹੈ ਕਿ ਇੱਥੇ ਅਮਰੀਕੀ ਫ਼ੌਜੀ ਅੱਡੇ ਹਨ। ਉਸ ਨੇ ਖਾੜੀ ਦੇਸ਼ਾਂ ਦੇ ਊਰਜਾ ਟਿਕਾਣਿਆਂ 'ਤੇ ਹਮਲੇ ਕਰ ਕੇ ਜੰਗ ਨੂੰ ਇੱਕ ਨਵਾਂ ਵਿਸਥਾਰ ਦੇ ਦਿੱਤਾ ਹੈ। ਉਸ ਨੇ ਤੇਲ ਤੇ ਗੈਸ ਦੀ ਸਪਲਾਈ ਵਾਲੇ ਸਮੁੰਦਰੀ ਮਾਰਗ ਹੋਰਮੁਜ਼ ਨੂੰ ਰੋਕ ਕੇ ਵਿਸ਼ਵ ਦੇ ਸਾਹਮਣੇ ਊਰਜਾ ਸੰਕਟ ਵੀ ਡੂੰਘਾ ਕਰ ਦਿੱਤਾ ਹੈ।

ਅਮਰੀਕਾ ਅਤੇ ਇਜ਼ਰਾਇਲ ਦੇ ਹਮਲਿਆਂ 'ਚ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਦੇ ਨਾਲ ਉਨ੍ਹਾਂ ਦੇ ਕਈ ਸਹਿਯੋਗੀ ਤੇ ਫ਼ੌਜੀ ਅਧਿਕਾਰੀ ਮਾਰੇ ਜਾ ਚੁੱਕੇ ਹਨ, ਪਰ ਇਸ ਤੋਂ ਬਾਅਦ ਵੀ ਉਥੇ ਸੱਤਾ ਤਬਦੀਲੀ ਦੇ ਕੋਈ ਸੰਕੇਤ ਨਹੀਂ। ਸ਼ੁਰੂ 'ਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਇਰਾਨ 'ਤੇ ਹਮਲਿਆਂ ਦਾ ਟੀਚਾ ਉਥੇ ਸੱਤਾ ਤਬਦੀਲੀ ਕਰਨਾ ਤੇ ਉਸ ਦੀ ਪ੍ਰਮਾਣੂ ਹਥਿਆਰ ਬਣਾਉਣ ਦੀ ਸਮਰੱਥਾ ਖ਼ਤਮ ਕਰਨਾ ਹੈ। ਕਿਉਂਕਿ ਜੰਗ ਲੰਬੀ ਖਿੱਚੀ ਜਾ ਰਹੀ ਹੈ ਤੇ ਤੇਲ ਅਤੇ ਗੈਸ ਦੀ ਸਪਲਾਈ 'ਚ ਰੁਕਾਵਟ ਹੋਣ ਨਾਲ ਉਨ੍ਹਾਂ ਦੀਆਂ ਕੀਮਤਾਂ ਵੀ ਲਗਾਤਾਰ ਵਧ ਰਹੀਆਂ ਹਨ, ਇਸ ਲਈ ਭਾਰਤ ਸਮੇਤ ਕਈ ਦੇਸ਼ਾਂ 'ਚ ਮਹਿੰਗਾਈ ਦੇ ਨਾਲ ਬੇਰੁਜ਼ਗਾਰੀ ਵਧਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਮਹਿੰਗੀ ਊਰਜਾ ਦਾ ਅਸਰ ਯੂਰਪ ਤੇ ਅਮਰੀਕਾ 'ਚ ਵੀ ਦਿਖਾਈ ਦੇਣ ਲੱਗਾ ਹੈ। ਟਰੰਪ ਦੀ ਚੁਣੌਤੀ ਇਸ ਲਈ ਹੋਰ ਵਧ ਗਈ ਹੈ, ਕਿਉਂਕਿ ਉਨ੍ਹਾਂ ਦੀ ਬੇਨਤੀ ਅਮਰੀਕਾ ਦੇ ਦੋਸਤ ਦੇਸ਼ ਤੇ ਇੱਥੇ ਤੱਕ ਕਿ ਨਾਟੋ ਦੇਸ਼ ਵੀ ਸਵੀਕਾਰ ਕਰਨ ਲਈ ਤਿਆਰ ਨਹੀਂ ਕਿ ਉਹ ਹੋਰਮੁਜ਼ ਜਲ ਮਾਰਗ ਦੀ ਸੁਰੱਖਿਆ ਲਈ ਆਪਣੀਆਂ ਜਲ ਸੈਨਾਵਾਂ ਭੇਜਣ। ਇਸ



ਨਾਲ ਟਰੰਪ ਅਲੱਗ-ਥਲੱਗ ਪੈਂਦੇ ਦਿਖਾਈ ਦੇ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਤਾਂ ਉਨ੍ਹਾਂ ਨੂੰ ਅਜਿਹੇ ਸ਼ਾਸਨ ਮੁਖੀ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ, ਜਿਸ ਨੇ ਵਿਸ਼ਵ ਨੂੰ ਮੁਸ਼ਕਿਲ 'ਚ ਧੱਕ ਦਿੱਤਾ ਹੈ। ਇਸ ਦੇ ਨਾਲ ਹੀ ਘਰ 'ਚ ਵੀ ਉਨ੍ਹਾਂ ਦਾ ਵਿਰੋਧ ਵਧ ਰਿਹਾ ਹੈ। ਇਰਾਨ ਜਵਾਬੀ ਹਮਲੇ ਕਰਨ ਦੇ ਨਾਲ ਜਿਸ ਤਰ੍ਹਾਂ ਖਾੜੀ ਦੇ ਦੇਸ਼ਾਂ 'ਚ ਊਰਜਾ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਉਸ ਤੋਂ ਸਾਫ਼ ਹੈ ਕਿ ਉਸ ਦਾ ਇਰਾਦਾ ਊਰਜਾ ਸੰਕਟ ਨੂੰ ਵਧਾਉਣਾ ਹੈ।

ਅਮਰੀਕਾ ਇਸ ਸੰਕਟ ਨੂੰ ਘੱਟ ਕਰਨ 'ਚ ਸਮਰੱਥ ਨਹੀਂ ਦਿਖਾਈ ਦੇ ਰਿਹਾ। ਇਸ ਤੋਂ ਬਾਅਦ ਵੀ ਰਾਸ਼ਟਰਪਤੀ ਟਰੰਪ ਦਾ ਹੰਕਾਰ ਵਾਲਾ ਰਵੱਈਆ ਜਾਰੀ ਹੈ। ਉਹ ਅਜਿਹੇ ਸਵਾਲਾਂ ਨਾਲ ਘਿਰ ਰਹੇ ਹਨ ਕਿ ਅਮਰੀਕੀ ਸੰਸਦ ਦੀ ਮਨਜ਼ੂਰੀ ਲਏ ਬਿਨਾਂ ਉਨ੍ਹਾਂ ਨੇ ਇਰਾਨ 'ਤੇ ਕਿਸ ਅਧਿਕਾਰ ਨਾਲ ਹਮਲਾ ਕਰ ਦਿੱਤਾ? ਉਨ੍ਹਾਂ ਦੇ ਇਕ ਉੱਚ ਅਧਿਕਾਰੀ ਨੇ ਇਹ ਕਹਿੰਦੇ ਹੋਏ ਅਸਤੀਫ਼ਾ ਦੇ ਦਿੱਤਾ ਕਿ ਇਰਾਨ ਤੋਂ ਅਮਰੀਕਾ ਨੂੰ ਕੋਈ ਖ਼ਤਰਾ ਨਹੀਂ ਸੀ ਤੇ ਉਹ ਪ੍ਰਮਾਣੂ ਬੰਬ ਬਣਾਉਣ ਦੇ ਨੇੜੇ ਵੀ ਨਹੀਂ ਸੀ। ਇਹ ਪਹਿਲੀ ਵਾਰ ਨਹੀਂ, ਜਦ ਅਮਰੀਕਾ ਨੇ ਕਿਸੇ ਦੇਸ਼ 'ਤੇ ਮਨਮਰਜ਼ੀ ਵਾਲੇ ਤਰੀਕੇ ਨਾਲ ਹਮਲਾ ਕੀਤਾ ਹੋਵੇ ਜਾਂ ਉਥੇ ਜ਼ਬਰਦਸਤੀ ਸੱਤਾ ਤਬਦੀਲੀ ਕਰਵਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਅਮਰੀਕੀ ਰਾਸ਼ਟਰਪਤੀਆਂ ਦੇ ਅਜਿਹੇ ਕਾਰਿਆਂ ਦਾ ਇੱਕ ਲੰਬਾ ਇਤਿਹਾਸ ਹੈ। ਵੀਅਤਨਾਮ ਤੋਂ ਲੈ ਕੇ ਇਰਾਕ, ਅਫ਼ਗਾਨਿਸਤਾਨ, ਲੀਬੀਆ ਆਦਿ 'ਚ ਅਮਰੀਕਾ ਦੇ ਹਮਲੇ ਉਸ ਦੀ ਮਨਮਰਜ਼ੀ ਤੋਂ ਹੀ ਜਾਣੂ ਕਰਵਾਉਂਦੇ ਰਹੇ ਹਨ।

ਦੂਜੇ ਦੇਸ਼ਾਂ 'ਚ ਅਮਰੀਕਾ ਦੇ ਕੁਝ ਹਮਲਿਆਂ ਨੂੰ ਤਾਂ ਇਸ ਲਈ ਜਾਇਜ਼ਤਾ ਮਿਲੀ, ਕਿਉਂਕਿ ਜਾਂ ਤਾਂ ਸੰਯੁਕਤ ਰਾਸ਼ਟਰ ਨੇ ਉਸ ਦੇਸ਼ ਦੀਆਂ ਸਰਗਰਮੀਆਂ ਦੀ ਨਿੰਦਾ ਕਰਦੇ ਹੋਏ ਉਸ ਨੂੰ ਵਿਸ਼ਵ ਸ਼ਾਂਤੀ ਲਈ ਖ਼ਤਰਾ ਦੱਸਿਆ ਜਾਂ ਫਿਰ ਨਾਟੋ ਦੇਸ਼ਾਂ ਜਾਂ ਯੂਰਪੀ ਸੰਘ ਨੇ ਸਬੰਧਤ ਦੇਸ਼ 'ਚ ਦਖ਼ਲ ਦੇਣ ਦੀ ਜ਼ਰੂਰਤ ਦੱਸੀ। ਅਜਿਹੇ ਅਨੇਕਾਂ ਹਮਲਿਆਂ ਦੇ ਪਿੱਛੇ ਅਮਰੀਕਾ ਨੇ ਆਤਮ ਰੱਖਿਆ ਦੇ ਹੱਕ ਦਾ ਬਹਾਨਾ ਬਣਾਇਆ ਜਾਂ ਸਬੰਧਿਤ ਦੇਸ਼ ਵਿੱਚ ਨਸਲਕੁਸ਼ੀ ਜਾਂ ਸਮੂਹਕ ਵਿਨਾਸ਼ ਦੇ ਹਥਿਆਰਾਂ ਦੀ ਮੌਜੂਦਗੀ ਦਾ ਖ਼ਤਰਾ ਦੱਸਿਆ। ਅਮਰੀਕਾ ਨੇ ਕੁਝ ਅਜਿਹੇ ਕਾਨੂੰਨ ਬਣਾ ਰੱਖੇ ਹਨ, ਜੋ ਉਸ ਨੂੰ ਕਿਸੇ ਹੋਰ ਦੇਸ਼ 'ਚ ਆਤਮ ਰੱਖਿਆ ਦੇ ਨਾਂ 'ਤੇ ਫ਼ੌਜੀ ਦਖ਼ਲ ਦਾ ਹੱਕ ਦਿੰਦੇ ਹਨ। ਇੱਕ ਅਜਿਹਾ ਹੀ ਕਾਨੂੰਨ 9/11 ਤੋਂ ਬਾਅਦ ਬਣਿਆ ਸੀ। ਇਸ ਨੂੰ ਫ਼ੌਜੀ ਬਲ ਦੀ ਵਰਤੋਂ ਅਧਿਕਾਰ ਵਜੋਂ ਜਾਣਿਆ ਜਾਂਦਾ ਹੈ। ਟਰੰਪ ਨੇ ਇਸੇ ਕਾਨੂੰਨ ਦਾ ਸਹਾਰਾ ਲੈ ਕੇ ਇਰਾਨ 'ਤੇ ਹਮਲਾ ਕੀਤਾ। ਉਨ੍ਹਾਂ ਨੇ ਇਸ ਹਮਲੇ ਨੂੰ ਸਹੀ ਦੱਸਣ ਲਈ ਰਾਸ਼ਟਰਪਤੀ ਦੀਆਂ ਜੰਗੀ ਤਾਕਤਾਂ ਦਾ ਹਵਾਲਾ ਦਿੱਤਾ। ਇਸ ਨੂੰ ਕਈ ਕਾਨੂੰਨੀ ਮਾਹਿਰ ਗ਼ੈਰਕਾਨੂੰਨੀ ਦੱਸ ਰਹੇ ਹਨ, ਪਰ ਟਰੰਪ ਬੇਪਰਵਾਹ ਹਨ। ਅਮਰੀਕੀ ਰਾਸ਼ਟਰਪਤੀ ਫ਼ੌਜ ਦੇ ਸੁਪਰੀਮ ਕਮਾਂਡਰ ਹੁੰਦੇ ਹਨ, ਪਰ ਜੰਗ ਦਾ ਰਸਮੀ ਐਲਾਨ ਕਰਨ ਦਾ ਹੱਕ ਸੰਸਦ ਕੋਲ ਹੈ।

ਰਾਸ਼ਟਰਪਤੀ ਐਮਰਜੈਂਸੀ ਹਾਲਾਤ 'ਚ ਬਿਨਾਂ ਉਸ ਦੀ ਮਨਜ਼ੂਰੀ ਦੇ ਕਿਸੇ 'ਤੇ ਫ਼ੌਜੀ ਕਾਰਵਾਈ ਕਰ ਸਕਦੇ ਹਨ, ਪਰ ਉਨ੍ਹਾਂ ਨੂੰ 48 ਘੰਟੇ ਅੰਦਰ ਸੰਸਦ ਨੂੰ ਸੂਚਨਾ ਦੇਣੀ ਪੈਂਦੀ ਹੈ ਤੇ ਜੇ ਉਥੇ ਮਨਜ਼ੂਰੀ ਨਾ ਮਿਲੇ ਤਾਂ 60-90 ਦਿਨਾਂ ਦੇ ਅੰਦਰ ਫ਼ੌਜੀ ਕਾਰਵਾਈ ਰੋਕਣੀ ਪੈਂਦੀ ਹੈ। ਮੁਸ਼ਕਿਲ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਕੋਲ ਸੰਸਦ ਦੇ ਫ਼ੈਸਲੇ ਨੂੰ ਵੀਟੋ ਕਰਨ ਦਾ ਵੀ ਅਧਿਕਾਰ ਹੈ। ਸੰਸਦ ਇਸ ਵੀਟੋ ਨੂੰ ਪਲਟ ਤਾਂ ਸਕਦੀ ਹੈ, ਪਰ ਦੋ ਤਿਹਾਈ ਬਹੁਮਤ ਦੇ ਨਾਲ। ਅਮਰੀਕਾ ਵਿਸ਼ਵ ਦੇ ਸਭ ਤੋਂ ਪੁਰਾਣੇ ਲੋਕਤੰਤਰ 'ਚੋਂ ਇੱਕ ਹੈ, ਪਰ ਅਮਰੀਕੀ ਰਾਸ਼ਟਰਪਤੀ ਜ਼ਰੂਰਤ ਤੋਂ ਵੱਧ ਹੱਕਾਂ ਦੀ ਦੁਰਵਰਤੋਂ ਬਹੁਤ ਆਸਾਨੀ ਨਾਲ ਕਰਨ 'ਚ ਸਮਰੱਥ ਹੋ ਜਾਂਦੇ ਹਨ ਤੇ ਜਦ ਉਥੇ ਟਰੰਪ ਵਰਗਾ ਹੰਕਾਰੀ ਰਾਸ਼ਟਰਪਤੀ ਆ ਜਾਂਦਾ ਹੈ ਤਾਂ ਉਹ ਵਿਸ਼ਵ ਵਿਵਸਥਾ ਲਈ ਖ਼ਤਰਾ ਬਣ ਜਾਂਦਾ ਹੈ। ਇਸ ਸਬੰਧੀ ਖ਼ੁਦ ਅਮਰੀਕਾ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਆਖ਼ਰ ਇੰਨਾ ਤਾਕਤਵਰ ਰਾਸ਼ਟਰਪਤੀ ਉਸ ਦੇ ਆਪਣੇ ਹਿਤ 'ਚ ਹੈ ਜਾਂ ਨਹੀਂ?

ਅਮਰੀਕੀ ਰਾਸ਼ਟਰਪਤੀ ਜਦ-ਤਦ ਕਿਸੇ ਵੀ ਦੇਸ਼ 'ਤੇ ਆਰਥਿਕ ਪਾਬੰਦੀ ਲਾ ਦਿੰਦੇ ਹਨ। ਇਸੇ ਤਰ੍ਹਾਂ ਉਹ ਕਿਸੇ ਵੀ ਦੇਸ਼ ਦੀ ਦਰਾਮਦ 'ਤੇ ਪ੍ਰਸ਼ਾਸਨਿਕ ਹੁਕਮਾਂ ਦੇ ਸਹਾਰੇ ਮਨਮਰਜ਼ੀ ਨਾਲ ਟੈਰਿਫ਼ ਲਾ ਦਿੰਦੇ ਹਨ। ਇਹ ਤਾਂ ਗਨੀਮਤ ਰਹੀ ਕਿ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਟੈਰਿਫ਼ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ, ਪਰ ਉਹ ਹੋਰ ਤਰੀਕਿਆਂ ਨਾਲ ਮੁੜ ਵੱਖ-ਵੱਖ ਦੇਸ਼ਾਂ 'ਤੇ ਟੈਰਿਫ ਲਾਉਣ ਦੇ ਬਹਾਨੇ ਲੱਭ ਰਹੇ ਹਨ।

ਅਜਿਹਾ ਕਰ ਕੇ ਉਹ ਆਪਣੀ ਤਾਨਾਸ਼ਾਹੀ ਮਾਨਸਿਕਤਾ ਤੋਂ ਹੀ ਜਾਣੂ ਕਰਵਾ ਰਹੇ ਹਨ ਕਿਉਂਕਿ ਅਮਰੀਕਾ ਫ਼ੌਜੀ ਤੇ ਆਰਥਿਕ ਰੂਪ ਨਾਲ ਸਭ ਤੋਂ ਤਾਕਤਵਰ ਦੇਸ਼ ਹੈ, ਇਸ ਲਈ ਉਹ ਮਨਮਰਜ਼ੀ ਕਰਨ 'ਚ ਸਮਰੱਥ ਰਹਿੰਦਾ ਹੈ। ਦੂਜੇ ਦੇਸ਼ਾਂ 'ਤੇ ਫ਼ੌਜੀ ਦਖ਼ਲ ਜਾਂ ਫਿਰ ਜ਼ਬਰਦਸਤੀ ਸੱਤਾ ਤਬਦੀਲੀ ਦੇ ਮਾਮਲੇ 'ਚ ਉਸ ਦਾ ਰਵੱਈਆ ਤਾਨਾਸ਼ਾਹੀ ਵਾਲਾ ਹੈ। ਟਰੰਪ ਨੇ ਅਜੇ ਪਿਛਲੇ ਦਿਨੀਂ ਜਿਸ ਤਰ੍ਹਾਂ ਵੈਨੇਜ਼ੁਏਲਾ 'ਤੇ ਹਮਲਾ ਕਰ ਕੇ ਉਥੇ ਦੇ ਰਾਸ਼ਟਰਪਤੀ ਨੂੰ ਅਗਵਾ ਕੀਤਾ, ਉਹ ਤਾਨਾਸ਼ਾਹੀ ਕਾਰੇ ਤੋਂ ਇਲਾਵਾ ਹੋਰ ਕੁਝ ਨਹੀਂ। ਇਸ ਤਰ੍ਹਾਂ ਉਨ੍ਹਾਂ ਨੇ ਜਦ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀ ਧਮਕੀ ਦਿੱਤੀ, ਤਾਂ ਉਹ ਵੀ ਉਨ੍ਹਾਂ ਦੇ ਮਨਮਰਜ਼ੀ ਵਾਲੇ ਵਤੀਰੇ ਤੋਂ ਹੀ ਜਾਣੂ ਕਰਵਾਉਂਦਾ ਹੈ। ਪਿਛਲੇ ਦਿਨੀਂ ਕਿਊਬਾ 'ਤੇ ਕਬਜ਼ਾ ਕਰਨ ਦੀ ਉਨ੍ਹਾਂ ਦੀ ਧਮਕੀ ਵੀ ਮਨਮਰਜ਼ੀ ਹੀ ਹੈ।

ਅਮਰੀਕੀ ਰਾਸ਼ਟਰਪਤੀ ਅਜਿਹੀ ਮਨਮਰਜ਼ੀ ਦਿਖਾਉਣ 'ਚ ਇਸ ਲਈ ਸਮਰੱਥ ਹੁੰਦੇ ਹਨ, ਕਿਉਂਕਿ ਸੰਵਿਧਾਨ ਤੋਂ ਉਨ੍ਹਾਂ ਨੂੰ ਜ਼ਰੂਰਤ ਤੋਂ ਵੱਧ ਅਧਿਕਾਰ ਮਿਲੇ ਹੋਏ ਹਨ। ਇਹ ਸਥਿਤੀ ਨਾ ਤਾਂ ਅਮਰੀਕੀ ਲੋਕਤੰਤਰ ਲਈ ਚੰਗੀ ਹੈ ਤੇ ਨਾ ਹੀ ਵਿਸ਼ਵ ਵਿਵਸਥਾ ਲਈ।

# ਇੱਕ ਕੁਸੈਲੀ ਹਕੀਕਤ ਹੁੰਦੀ ਹੈ ਜੰਗ

**ਗੁਰਪ੍ਰੀਤ**

ਜੰਗਾਂ ਦਾ ਨਾਂ ਹੀ ਮਾੜਾ ਹੈ। ਜੰਗਾਂ ਲੱਗਦੀਆਂ ਨੇ ਤੇ ਕਈ ਘਰ ਉੱਜੜ ਜਾਂਦੇ ਨੇ। ਕਿਤੇ-ਕਿਤੇ ਤਾਂ ਪੀੜ੍ਹੀਆਂ ਦਰ ਪੀੜ੍ਹੀਆਂ ਖ਼ਤਮ ਹੋ ਜਾਂਦੀਆਂ ਹਨ। ਭਾਰਤ-ਪਾਕਿਸਤਾਨ ਵਿਚਾਲੇ ਕਈ ਜੰਗਾਂ ਲੱਗੀਆਂ, ਨਿਕਲਿਆ ਕੁਝ ਨਹੀਂ; ਇੱਕ-ਦੂਜੇ ਨੂੰ ਕੋਸਦੇ ਹੀ ਰਹੇ। ਕੁਝ-ਕੁਝ ਸਮੇਂ ਬਾਅਦ ਅੱਗ ਲੱਗਦੀ ਰਹਿੰਦੀ ਹੈ, ਲੋਕ ਮਰਦੇ ਰਹਿੰਦੇ ਨੇ, ਪਰ ਪੁੱਛਦਾ-ਦੱਸਦਾ ਕੋਈ ਨਹੀਂ। ਕਸ਼ਮੀਰ ਵਿੱਚ ਜਦੋਂ ਕੋਈ ਹਮਲਾ ਹੁੰਦਾ ਹੈ ਤਾਂ ਉਸ ਦਾ ਅਸਰ ਸਾਰੇ ਮੁਲਕ 'ਤੇ ਪੈਂਦਾ ਹੈ। ਭਾਰਤ-ਪਾਕਿਸਤਾਨ ਵਿਚਾਲੇ 2025 ਵਿੱਚ ਵੀ ਛੋਟੀ ਜੰਗ ਲੱਗੀ; ਭਾਵੇਂ ਕਿ ਉਸ ਵਿੱਚ ਨੁਕਸਾਨ ਕੋਈ ਬਹੁਤਾ ਨਹੀਂ ਹੋਇਆ, ਪਰ ਦੋਵਾਂ ਵਿਚਾਲੇ ਲੱਗੀ ਜੰਗ ਨੇ ਇੱਕ ਵਾਰ ਲੋਕਾਂ ਦੇ ਸਾਹ ਜ਼ਰੂਰ ਸੁਕਾ ਦਿੱਤੇ ਸਨ।

ਕਦੇ ਕਿਸੇ ਨੇ ਸੋਚਿਆ ਹੈ ਕਿ ਇਨ੍ਹਾਂ ਜੰਗਾਂ ਦਾ ਕਿੰਨਾ ਨੁਕਸਾਨ ਹੁੰਦਾ ਹੈ? ਯੂਕ੍ਰੇਨ ਉੱਤੇ ਰੂਸ ਦੇ ਹਮਲੇ ਲਗਾਤਾਰ ਜਾਰੀ ਹਨ। ਯੂਕ੍ਰੇਨ ਵੀ ਕਦੇ-ਕਦਾਈਂ ਰੂਸ ਉੱਤੇ ਹਮਲਾ ਕਰਦਾ ਰਹਿੰਦਾ ਹੈ। ਇਜ਼ਰਾਇਲ-ਫਲਸਤੀਨ ਦੇ ਵਿਚਾਲੇ ਕਰੀਬ ਢਾਈ-ਤਿੰਨ ਸਾਲਾਂ ਤੋਂ ਜੰਗ ਲਗਾਤਾਰ ਜਾਰੀ ਹੈ। ਕੋਈ ਹਵਾ ਫਲਸਤੀਨ ਨੂੰ ਦੇ ਰਿਹਾ ਹੈ ਤੇ ਕੋਈ ਇਜ਼ਰਾਇਲ ਨੂੰ। ਇਜ਼ਰਾਇਲ ਦਾ ਪ੍ਰਧਾਨ ਮੰਤਰੀ ਸਮੇਂ-ਸਮੇਂ 'ਤੇ ਵੱਖੋ-ਵੱਖ ਐਲਾਨ ਕਰ ਚੁੱਕਿਆ ਹੈ ਅਤੇ ਉਹਦਾ ਇੱਕੋ-ਇੱਕ ਟੀਚਾ ਹੈ ਕਿ ਗਾਜ਼ਾ ਨੂੰ ਖ਼ਤਮ ਕਰ ਦੇਣਾ, ਨਕਸ਼ੇ ਤੋਂ ਮਿਟਾ ਦੇਣਾ, ਭੂਮੀ ਖ਼ਤਮ ਕਰ ਦੇਣੀ ਹੈ। ਮਤਲਬ ਸਾਫ਼ ਹੈ ਕਿ ਨਸਲਕੁਸ਼ੀ ਕਰਨੀ ਹੈ ਜੋ ਕਿ ਹੋ ਵੀ ਰਹੀ ਹੈ। ਗਾਜ਼ਾ ਉੱਪਰ ਲਗਾਤਾਰ ਹੋ ਰਹੀ ਬੰਬਾਰੀ ਭਾਵੇਂ ਸਾਨੂੰ ਇੱਥੇ ਭਾਰਤ 'ਚ ਬੈਠੇ ਲੋਕਾਂ ਨੂੰ ਨਹੀਂ ਦਿਸਦੀ, ਪਰ ਵੀਡੀਓ ਅਤੇ ਫੋਟੋਆਂ ਰਾਹੀਂ ਜੋ ਕੁਝ ਅਸੀਂ ਵੇਖਦੇ ਹਾਂ, ਉਸ ਨੂੰ ਦੇਖ ਕੇ ਮਨ ਬੇਹੱਦ ਦੁਖੀ ਹੁੰਦਾ ਹੈ। ਹਜ਼ਾਰਾਂ ਲੋਕ ਇਸ ਜੰਗ ਵਿੱਚ ਮਰ ਚੁੱਕੇ ਹਨ, ਬੱਚੇ ਸਭ ਤੋਂ ਵੱਧ ਸ਼ਿਕਾਰ ਹੋਏ ਹਨ।


ਫਲਸਤੀਨ ਉੱਤੇ ਹਮਲਿਆਂ ਦੀਆਂ ਖ਼ਬਰਾਂ ਦੇ ਵਿਚਾਲੇ ਹੀ ਇਸੇ ਸਾਲ ਮਾਰਚ ਦੇ ਮਹੀਨੇ ਵਿੱਚ ਇਰਾਨ ਉੱਪਰ ਇਜ਼ਰਾਇਲ ਨੇ ਅਮਰੀਕੀ ਸ਼ਹਿ ਪ੍ਰਾਪਤ ਕਰਦਿਆਂ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖ਼ਮੇਨੇਈ ਦੀ ਪਰਿਵਾਰ ਸਮੇਤ ਕਈ ਜੀਆਂ ਦੀ ਮੌਤ ਹੋ ਗਈ। ਦੋਵਾਂ ਪਾਸਿਓਂ ਬੰਬਾਰੀ ਹੋ ਰਹੀ ਹੈ, ਲੋਕ ਮਰ ਰਹੇ ਹਨ; ਹਸਪਤਾਲ, ਸਕੂਲ, ਕਾਲਜ, ਸੜਕਾਂ, ਜ਼ਮੀਨ-ਜਾਇਦਾਦ ਸਭ ਤਬਾਹ ਹੋ ਰਹੀ ਹੈ, ਪਰ ਇਸ ਵੱਲ ਕੋਈ ਨਹੀਂ ਵੇਖ ਰਿਹਾ। ਸੀਜ਼ਫਾਇਰ ਦੀਆਂ ਗੱਲਾਂ ਸਿਰਫ਼ ਹਵਾਈ ਹੋ ਰਹੀਆਂ ਹਨ ਅਤੇ ਇੰਝ ਲੱਗਦਾ ਹੈ ਕਿ ਸੀਜ਼ਫਾਇਰ ਹੋਣੀ ਨਹੀਂ। ਜਦੋਂ ਵੀ ਕਿਸੇ ਮੁਲਕ ਵਿੱਚ ਜੰਗ ਲੱਗਦੀ ਹੈ ਤਾਂ ਜੇਕਰ ਉਸ ਦਾ ਸਭ ਤੋਂ ਵੱਡਾ ਨੁਕਸਾਨ ਹੁੰਦਾ ਹੈ, ਤਾਂ ਉਹ ਹੁੰਦਾ ਹੈ ਵਾਤਾਵਰਣ ਦਾ, ਜਿਸ ਬਾਰੇ ਕੋਈ ਸੋਚਦਾ ਹੀ ਨਹੀਂ। ਨਾ ਕੋਈ ਸਰਕਾਰ ਸੋਚਦੀ ਹੈ, ਨਾ ਕੋਈ ਹੋਰ ਧਿਰ ਜਾਂ ਜਥੇਬੰਦੀ ਸੋਚਦੀ ਹੈ। ਸਭ ਨੂੰ ਇੱਕੋ-ਇੱਕ ਅੱਗ ਲੱਗੀ ਹੁੰਦੀ ਹੈ ਕਿ ਅਸੀਂ ਫਲਾਣੇ ਮੁਲਕ ਨੂੰ ਤਬਾਹ ਕਰ ਦੇਣਾ ਹੈ।

ਇਰਾਨ ਅਤੇ ਇਜ਼ਰਾਇਲ ਵਿਚਕਾਰ ਚੱਲ ਰਹੀ ਜੰਗ ਵਿੱਚ ਹਜ਼ਾਰਾਂ ਹਮਲੇ ਹੋਏ ਹਨ। ਦੂਜੇ ਪਾਸੇ ਵੇਖਿਆ ਜਾਵੇ ਤਾਂ ਇਰਾਨ ਅਤੇ ਇਜ਼ਰਾਈਲ-ਅਮਰੀਕਾ ਵਿਚਾਲੇ ਜਾਰੀ ਖ਼ੂਨੀ ਸੰਘਰਸ਼, ਹੁਣ ਤੱਕ ਦੀ ਸਭ ਤੋਂ ਮਹਿੰਗੀ ਜੰਗ ਦਾ ਰੂਪ ਲੈ ਚੁੱਕਾ ਹੈ।

(ਬਾਕੀ ਸਫ਼ਾ 27 'ਤੇ)

# ਜੰਗਾਂ ਰੋਕਣ ਲਈ ਪ੍ਰਭਾਵਸ਼ਾਲੀ ਸੰਗਠਨ ਬਣੇ

**ਪੂਰਨ ਚੰਦ ਸਰੀਨ**



ਆਈਸਲੈਂਡ, ਸਵਿਟਜ਼ਰਲੈਂਡ ਤੇ ਕੋਸਟਾਰਿਕਾ ਵਰਗੇ ਦੇਸ਼ਾਂ ਨੇ ਸ਼ਾਇਦ ਹੀ ਕਦੇ ਜੰਗ ਦੇਖੀ ਹੋਵੇਗੀ, ਕੁਝ ਦੇਸ਼ਾਂ ਨੇ ਆਪਣੀਆਂ ਫ਼ੌਜਾਂ ਹੀ ਖ਼ਤਮ ਕਰ ਦਿੱਤੀਆਂ ਤੇ ਬਹੁਤੇ ਇਹ ਵੀ ਨਹੀਂ ਜਾਣਦੇ ਕਿ ਕਿਸੇ ਦੇਸ਼ ਨਾਲ ਲੜਨਾ ਕੀ ਹੁੰਦਾ ਹੈ? ਇਸ ਦੇ ਉਲਟ ਅਮਰੀਕਾ, ਰੂਸ, ਚੀਨ, ਇਰਾਨ, ਇਜ਼ਰਾਇਲ, ਅਫ਼ਗਾਨਿਸਤਾਨ ਤੇ ਪਾਕਿਸਤਾਨ ਜਿਹੇ ਦੇਸ਼ਾਂ ਨੂੰ ਲੜਨ ਬਗੈਰ ਖਾਣਾ ਹੀ ਹਜ਼ਮ ਨਹੀਂ ਹੁੰਦਾ। ਆਕਾਰ ਪੱਖੋਂ ਛੋਟੇ ਤੇ ਵਿਸ਼ਵਵਿਆਪੀ ਸੰਦਰਭ ਵਿੱਚ ਮੁੱਠੀ ਭਰ ਲੋਕਾਂ ਦੇ ਦੇਸ਼ ਬ੍ਰਿਟੇਨ ਵੱਲੋਂ ਜੰਗਾਂ ਲੜ ਕੇ ਬਣਾਏ ਵਿਸ਼ਾਲ ਸਾਮਰਾਜ 'ਚ ਕਦੇ ਸੂਰਜ ਨਹੀਂ ਸੀ ਡੁੱਬਦਾ। ਫ਼ਰਾਂਸ ਤੇ ਜਰਮਨੀ ਵਰਗੇ ਦੇਸ਼ਾਂ ਦੇ ਇਤਿਹਾਸ ਵੀ ਇਸ ਭਿਆਨਕ ਤਬਾਹੀ ਦੇ ਗਵਾਹ ਰਹੇ ਹਨ।

ਧਰਮ ਯੁੱਧ ਤੋਂ ਮਿਜ਼ਾਈਲਾਂ ਤੇ ਡਰੋਨ ਤੱਕ- ਇਹ ਇੱਕ ਇਤਿਹਾਸਕ ਤੱਥ ਹੈ ਕਿ ਜੰਗਾਂ ਮਜਬੂਰੀ ਨਾਲ ਨਹੀਂ ਲੜੀਆਂ ਜਾਂਦੀਆਂ, ਸਗੋਂ ਦੂਜੇ ਦੇ ਇਲਾਕੇ 'ਤੇ ਕਬਜ਼ਾ ਕਰ ਕੇ ਸਰਹੱਦਾਂ ਦਾ ਵਿਸਤਾਰ ਕਰਨ, ਕਿਸੇ ਨੂੰ ਤਬਾਹ ਕਰਨ ਜਾਂ ਕਾਬੂ ਕਰਨ ਲਈ ਲੜੀਆਂ ਜਾਂਦੀਆਂ ਹਨ। ਕਈ ਦੇਸ਼ ਕਿਸੇ ਨਾਲ ਵੀ ਜੰਗ ਕਰਨ ਨੂੰ ਇੱਕ ਸ਼ੌਕ ਸਮਝਦੇ ਹਨ; ਇੱਕ ਵਾਰ ਜੰਗ ਸ਼ੁਰੂ ਕਰ ਕੇ ਕਈ ਦੇਸ਼ ਉਸ ਨੂੰ ਖ਼ਤਮ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਲਈ ਜੰਗ ਕਿਸੇ ਵੀ ਹੋਰ ਕਾਰੋਬਾਰ, ਉਦਯੋਗ ਵਾਂਗ ਹੈ, ਜਿੱਥੇ ਉਤਪਾਦਨ ਜਾਰੀ ਰਹਿਣਾ ਚਾਹੀਦਾ ਹੈ ਤੇ ਇਸ ਨੂੰ ਰੋਕਣ ਦਾ ਮਤਲਬ ਨੁਕਸਾਨ ਵਾਲਾ ਸੌਦਾ ਹੈ। ਕੁਝ ਲੋਕ ਤਾਂ ਲੜਦੇ ਹਨ ਅਤੇ ਕੁਝ ਨਿਰਦੋਸ਼ ਜੋ ਲੜਾਈ ਵਿੱਚ ਸ਼ਾਮਿਲ ਵੀ ਨਹੀਂ ਹੁੰਦੇ, ਉਨ੍ਹਾਂ ਨੂੰ ਬੇਵਜ੍ਹਾ ਬੁਰੇ ਪ੍ਰਣਾਮ ਭੁਗਤਣੇ ਪੈਂਦੇ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਥਾਪਿਤ ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ ਆਪਣੀ ਮਹੱਤਤਾ ਗੁਆ ਕੇ ਦਿਖਾਵਾ ਬਣ ਕੇ ਰਹਿ ਗਈਆਂ ਹਨ। ਉਨ੍ਹਾਂ ਦੀ ਜੋ ਤਾਕਤ ਸੀ ਉਹ ਹੁਣ ਕਮਜ਼ੋਰੀ ਬਣ ਚੁੱਕੀ ਹੈ। ਵੀਟੋ ਪਾਵਰ ਦੀ ਵਰਤੋਂ ਤਾਕਤਵਰਾਂ ਵੱਲੋਂ ਆਪਣੇ ਹਿੱਤਾਂ ਅਨੁਸਾਰ ਕੀਤੀ ਜਾਂਦੀ ਹੈ। ਇੱਕ ਅਜਿਹਾ ਮਾਹੌਲ ਬਣਾਇਆ ਜਾਂਦਾ ਹੈ ਕਿ ਜਿੱਥੇ ਜੰਗ ਹੀ ਇਕੋ ਇਕ ਬਦਲ ਰਹਿ ਜਾਂਦਾ ਹੈ। ਇਸ ਵਿਚਾਰ ਦਾ ਕੀ ਤੁਕ ਹੈ ਕਿ ਜੇਕਰ ਇਰਾਨ ਪ੍ਰਮਾਣੂ ਬੰਬ ਬਣਾ ਲੈਂਦਾ ਹੈ ਤਾਂ ਲਾਜ਼ਮੀ ਤੌਰ 'ਤੇ ਉਹ ਬੰਬ ਧਮਾਕਾ ਹੀ ਕਰੇਗਾ, ਇਸ ਲਈ ਇਸ ਨੂੰ ਤਬਾਹ ਕਰ ਦਿਓ? ਦੂਜੇ ਪਾਸੇ ਇਜ਼ਰਾਇਲ ਹਮੇਸ਼ਾ ਆਪਣੀ ਹੋਂਦ ਲਈ ਲੜਦਾ ਰਿਹਾ ਹੈ। ਇਰਾਨ ਵੀ ਆਪਣੀ ਪਛਾਣ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੋਇਆ ਅਨੇਕਾਂ ਸੰਘਰਸ਼ਾਂ 'ਚੋਂ ਲੰਘਿਆ ਹੈ। ਅੱਜ ਇਹ ਦੋਵੇਂ ਦੇਸ਼ ਲੜ ਰਹੇ ਹਨ, ਕਿਉਂਕਿ ਟਰੰਪ ਉਨ੍ਹਾਂ ਨੂੰ ਉਕਸਾ ਤੇ ਲੜਾ ਰਿਹਾ ਹੈ। ਦਰਅਸਲ ਇਹ ਯੁੱਧ ਇੱਕ ਆਦਮੀ ਦੀ ਲਾਲਸਾ ਤੇ ਉਸ ਦੇ ਜਨੂੰਨ ਦਾ ਨਤੀਜਾ ਹੈ। ਸ਼ਕਤੀਸ਼ਾਲੀ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕਿਸੇ ਨੂੰ ਤਬਾਹ ਕਰਨ ਲਈ ਨਿਕਲ ਪਓ ਅਤੇ ਆਪਣੇ ਆਪ ਨੂੰ ਦੁਨੀਆ ਦਾ ਮਹਾਨ ਸ਼ਾਸਕ ਸਮਝਣ ਲੱਗ ਜਾਓ।

ਨਵੀਂ ਸੋਚ ਦੀ ਸ਼ੁਰੂਆਤ ਹੋਵੇ- ਯੁੱਧ ਕਦੇ ਵੀ ਅਪੀਲਾਂ ਜਾਂ ਨਿੰਦਾ ਨਾਲ ਨਹੀਂ ਰੁਕਦੇ। ਇਸ ਲਈ ਇੱਕ ਅਜਿਹਾ ਸੰਗਠਨ ਹੋਣਾ ਜ਼ਰੂਰੀ ਹੈ, ਜੋ ਸਿਰਫ਼ ਸਲਾਹਾਂ ਦੇਣ ਦੀ ਬਜਾਏ ਅੰਤਿਮ ਆਦੇਸ਼ ਦੇ ਕੇ ਯੁੱਧ ਹਰ ਹਾਲਤ 'ਚ ਰੁਕਵਾ ਸਕੇ। ਸੰਯੁਕਤ ਰਾਸ਼ਟਰ 'ਚ ਸਿਰਫ਼ 5 ਨਹੀਂ, ਸਗੋਂ ਵੱਡੇ ਤੇ ਦਰਮਿਆਨੇ ਆਕਾਰ ਦੇ ਸਭ ਦੇਸ਼ਾਂ ਦੇ ਪ੍ਰਤੀਨਿਧੀ ਸ਼ਾਮਿਲ ਹੋਣੇ ਚਾਹੀਦੇ ਹਨ। ਵੀਟੋ ਜਿਹਾ ਇਕਪਾਸੜ ਅਧਿਕਾਰ ਹੋਣ ਦੀ ਬਜਾਏ ਇਹ ਸੰਤੁਲਿਤ, ਪਾਰਦਰਸ਼ੀ, ਤੱਥ-ਆਧਾਰਿਤ ਫ਼ੈਸਲਾ ਹੋਣਾ ਚਾਹੀਦਾ ਹੈ, ਜੋ ਅੰਤਰਰਾਸ਼ਟਰੀ ਕਾਨੂੰਨ ਦੇ ਅਧੀਨ ਮੰਨਣਯੋਗ ਹੋਵੇ। ਇਸ ਫ਼ੈਸਲੇ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਵਾਲੇ ਦਾ ਸਭ ਦੇਸ਼ਾਂ ਦੁਆਰਾ ਸਮੂਹਿਕ ਬਾਈਕਾਟ ਹੋਣਾ ਚਾਹੀਦਾ ਹੈ, ਭਾਵੇਂ ਉਹ ਕਿੰਨਾ ਵੀ ਸ਼ਕਤੀਸ਼ਾਲੀ ਹੀ ਕਿਉਂ ਨਾ ਹੋਵੇ ਅਜਿਹਾ ਕੋਈ ਸੰਵਿਧਾਨਕ ਤੇ ਕਾਨੂੰਨੀ ਢਾਂਚਾ ਹੋਣਾ ਚਾਹੀਦਾ ਹੈ ਜੋ ਤੈਅ ਕਰੇ ਕਿ ਜੇਕਰ ਕਿਸੇ ਵਿਵਾਦ ਦਾ ਹੱਲ ਸਿਰਫ਼ ਜੰਗ ਰਾਹੀਂ ਹੀ ਕੀਤਾ ਜਾ ਸਕਦਾ ਹੈ ਤਾਂ ਇਸ ਸੰਗਠਨ ਤੋਂ ਇਜਾਜ਼ਤ ਲੈਣਾ ਜ਼ਰੂਰੀ ਹੋਵੇ। ਇਸ ਸੰਗਠਨ ਦਾ ਫ਼ੈਸਲਾ ਦੋਵੇਂ ਧਿਰਾਂ 'ਤੇ ਲਾਗੂ ਹੋਣਾ ਚਾਹੀਦਾ ਹੈ ਅਤੇ ਉਲੰਘਣਾ ਕਰਨ ਵਾਲੇ ਨੂੰ ਦੋਸ਼ੀ ਮੰਨਿਆ ਜਾਣਾ ਚਾਹੀਦਾ ਹੈ। ਸਵਾਲ ਇਹ ਹੈ ਕਿ ਕੀ ਵੱਡੇ ਤੇ ਆਧੁਨਿਕ ਹਥਿਆਰਾਂ ਨਾਲ ਲੈਸ ਦੇਸ਼ ਇਸ ਪ੍ਰਬੰਧ ਨਾਲ ਸਹਿਮਤ ਹੋਣਗੇ। ਅਮਰੀਕਾ ਤੇ ਹੋਰ ਦੇਸ਼ ਅਕਸਰ ਦੂਜਿਆਂ 'ਤੇ ਪਾਬੰਦੀਆਂ ਜਾਂ ਟੈਰਿਫ ਵਰਗੀਆਂ ਆਰਥਿਕ ਪਾਬੰਦੀਆਂ ਲਗਾਉਂਦੇ ਰਹਿੰਦੇ ਹਨ। ਇਹ ਸੰਗਠਨ ਇੰਨਾ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ ਕਿ ਹਰ ਕਿਸੇ ਨੂੰ ਇਸ ਦੇ ਫ਼ੈਸਲੇ ਨੂੰ ਸਵੀਕਾਰ ਕਰਨਾ ਪਵੇ।

ਯੁੱਧ ਨਾ ਕਰਨ ਦੀ ਸੋਚ ਬਣੇਗੀ- ਜੇਕਰ ਅਜਿਹਾ ਸੰਗਠਨ ਬਣਨਾ ਸੰਭਵ ਹੋ ਜਾਵੇ ਤਾਂ ਇਹ ਵਿਸ਼ਵਵਿਆਪੀ ਸੋਚ ਵਿੱਚ ਇੱਕ ਮਿਸਾਲੀ ਤਬਦੀਲੀ ਹੋਵੇਗੀ। ਅੱਜ ਯੁੱਧ ਭਾਵੇਂ ਸਿਰਫ਼ ਦੋ ਦੇਸ਼ਾਂ ਵਿਚਕਾਰ ਹੋਵੇ , ਪਰ ਇਹ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦਾ ਹੈ। ਇਜ਼ਰਾਇਲ ਤੇ ਇਰਾਨ ਵਿਚਕਾਰ ਯੁੱਧ ਦੇ ਨਤੀਜੇ ਵਜੋਂ ਬਹੁਤ ਸਾਰੇ ਦੇਸ਼ਾਂ ਵਿੱਚ ਈਂਧਨ ਸਪਲਾਈ ਦਾ ਸੰਕਟ ਪੈਦਾ ਹੋ ਗਿਆ ਹੈ। ਯੁੱਧ ਭਾਵੇਂ ਕਿਤੇ ਵੀ ਹੋ ਰਿਹਾ ਹੋਵੇ, ਪਰ ਪੂਰੀ ਮਨੁੱਖਤਾ ਨੂੰ ਪ੍ਰਭਾਵਿਤ ਕਰਦਾ ਹੈ। ਅੱਜ ਦੇ ਸਮੇਂ 'ਚ ਜੰਗਾਂ ਸੈਨਿਕਾਂ ਦੁਆਰਾ ਸਰਹੱਦਾਂ 'ਤੇ ਹੀ ਨਹੀਂ, ਸਗੋਂ ਡੇਟਾ ਸਾਈਬਰ ਹਮਲਿਆਂ ਤੇ ਮਸਨੂਈ ਬੁੱਧੀ (ਏ.ਆਈ.) ਦੁਆਰਾ ਵੀ ਲੜੀਆਂ ਜਾਂਦੀਆਂ ਹਨ। ਅਸੀਂ ਹੁਣ 21ਵੀਂ ਸਦੀ ਵਿੱਚ 20ਵੀਂ ਸਦੀ ਦੀ ਸੋਚ ਜਾਂ ਸੰਗਠਨਾਤਮਕ ਪ੍ਰਕਿਰਿਆਵਾਂ ਦੇ ਅਨੁਸਾਰ ਵਿਵਹਾਰ ਨਹੀਂ ਕਰ ਸਕਦੇ। ਜੇਕਰ ਅਜਿਹਾ ਸੰਗਠਨ ਸਥਾਪਿਤ ਹੁੰਦਾ ਹੈ ਤਾਂ ਇਹ ਵਿਗਿਆਨਕ ਸੋਚ ਤੇ ਤਕਨਾਲੋਜੀ 'ਤੇ ਆਧਾਰਿਤ ਹੋਵੇਗਾ। ਉਸ ਦੀ ਸਮਰੱਥਾ ਏ.ਆਈ. ਦੁਆਰਾ ਸੰਚਾਲਿਤ ਅਤੇ ਡਿਜੀਟਲ ਤੇ ਡੇਟਾ ਦੁਆਰਾ ਨਿਯੰਤਰਿਤ ਹੋਣ ਕਰਕੇ ਕਿਸੇ ਵੀ ਸ਼ਕਤੀਸ਼ਾਲੀ ਦੇਸ਼ ਨੂੰ ਹਮਲਾ ਕਰਨ ਤੋਂ ਰੋਕੇਗੀ, ਜਿਵੇਂ ਅੱਜ ਕੱਲ੍ਹ ਮਿਜ਼ਾਈਲਾਂ ਨੂੰ ਰੋਕਿਆ ਜਾਂ ਬੇਅਸਰ ਕੀਤਾ ਜਾਂਦਾ ਹੈ। ਇਹ ਪ੍ਰਣਾਲੀ ਹੋਰ ਸਾਰੇ ਆਧੁਨਿਕ ਹਥਿਆਰਾਂ 'ਤੇ ਵੀ ਲਾਗੂ ਕੀਤੀ ਜਾ ਸਕਦੀ ਹੈ, ਜੋ ਹਮਲਾ ਕਰਨ ਦੀ ਉਨ੍ਹਾਂ ਦੀ ਯੋਗਤਾ ਨੂੰ ਖ਼ਤਮ ਕਰ ਦਿੰਦੀ ਹੈ। ਇਸ ਤਰ੍ਹਾਂ ਵਿਨਾਸ਼ਕਾਰੀ ਤਬਾਹੀ ਨੂੰ ਰੋਕਿਆ ਜਾ ਸਕਦਾ ਹੈ ਅਤੇ ਇਹ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕਦੀ ਹੈ। ਭਾਰਤ ਵਰਗੇ ਨਿਰਪੱਖ ਦੇਸ਼ਾਂ ਨੂੰ ਅੱਗੇ ਹੋ ਕੇ ਅਜਿਹੀ ਪਹਿਲ ਕਰਨੀ ਪਵੇਗੀ।

# ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਲਈ ਜ਼ਰੂਰੀ ਹੈ ਲੋਕ ਜਾਗਰੂਕ ਹੋਣ



**ਬਲਬੀਰ ਸਿੰਘ ਰਾਜੇਵਾਲ**
ਪ੍ਰਧਾਨ ਬੀ.ਕੇ.ਯੂ.

ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਸਾਰੀਆਂ ਸਿਆਸੀ ਪਾਰਟੀਆਂ ਪੱਬਾਂ ਭਾਰ ਹਨ, ਪਾਰਟੀਆਂ ਦੇ ਵੱਡੇ ਲੀਡਰਾਂ ਦੇ ਦੌਰੇ ਵਧਣ ਲੱਗੇ ਹਨ ਤੇ ਵੱਡੇ-ਵੱਡੇ ਇਕੱਠ ਕਰ ਕੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਸਭ ਪਾਰਟੀਆਂ ਅੰਨ੍ਹਾ ਖਰਚ ਕਰ ਕੇ ਸ਼ਰਾਬ ਵੰਡ ਕੇ ਜਾਂ ਦਿਹਾੜੀ 'ਤੇ ਬੰਦੇ ਲਿਆ ਕੇ ਵੱਡੇ ਇਕੱਠ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਦਿਆਂ ਆਪੋ-ਆਪਣੇ ਵੋਟ ਬੈਂਕ ਵਿੱਚ ਵਾਧਾ ਕਰਨ ਲਈ ਧਰਮ, ਜਾਤ-ਪਾਤ ਤੇ ਸ਼੍ਰੇਣੀ ਵੰਡ ਕਰਨ ਵਿੱਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ। ਪਾਰਟੀਆਂ ਦੇ ਇਸ ਧੂਮ ਧੜੱਕੇ ਵਿੱਚ ਲੋਕਾਂ ਦੇ ਅਸਲੀ ਮੁੱਦੇ ਗਾਇਬ ਹੋ ਰਹੇ ਹਨ ਅਤੇ ਆਗੂ ਆਪਣੇ ਵਿਰੋਧੀਆਂ ਬਾਰੇ ਬੇਹੱਦ ਮਾੜਾ ਬੋਲ ਕੇ ਆਪਣੇ ਆਪ ਨੂੰ ਵੱਡੇ ਲੋਕ ਹਿਤੈਸ਼ੀ ਸਾਬਤ ਕਰਨ 'ਚ ਲੱਗੇ ਹੋਏ ਹਨ। ਸਭ ਆਗੂ ਆਪੋ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਦੇ ਦਾਅਵੇ ਤਾਂ ਕਰ ਰਹੇ ਹਨ, ਪਰ ਆਪਣੀ ਤੇ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਚੁੱਪ ਹਨ।

ਅੱਜ ਖੇਤੀ ਡੁੱਬ ਰਹੀ ਹੈ, ਸਾਡੀ ਜਵਾਨੀ ਬੇਰੁਜ਼ਗਾਰ ਹੈ ਤੇ ਨਸ਼ਿਆਂ ਦੀ ਭਰਮਾਰ ਦਰਮਿਆਨ ਭ੍ਰਿਸ਼ਟਾਚਾਰ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਰਕਾਰੀ ਮਸ਼ੀਨਰੀ ਤੇ ਸੱਤਾਧਾਰੀ ਮਿਲ ਕੇ ਲੋਕਾਂ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਖੁੱਲ੍ਹੇਆਮ ਮਾਈਨਿੰਗ ਕਰ ਕੇ ਅੰਨ੍ਹੀ ਕਮਾਈ ਕੀਤੀ ਜਾ ਰਹੀ ਹੈ। ਭਾਵੇਂ ਵਿੱਦਿਆ ਤੇ ਸਿਹਤ ਸੇਵਾਵਾਂ ਵਿੱਚ ਪੰਜਾਬ ਦੇ ਮੋਹਰੀ ਸੂਬਾ ਬਣਨ ਦੇ ਦਾਅਵੇ ਹੋ ਰਹੇ ਹਨ, ਅਸਲੀਅਤ 'ਚ ਇਨ੍ਹਾਂ ਅਦਾਰਿਆਂ ਦੀ ਹਾਲਤ ਕਾਫ਼ੀ ਮਾੜੀ ਹੈ। ਠੇਕਾ ਕਰਮਚਾਰੀ, ਆਂਗਣਵਾੜੀ ਵਰਕਰ, ਬੇਰੁਜ਼ਗਾਰ ਅਧਿਆਪਕਾਂ ਸਮੇਤ ਹਰ ਵਰਗ ਪ੍ਰਦਰਸ਼ਨ ਕਰ ਰਿਹਾ ਹੈ, ਹਰ ਸਰਕਾਰ ਵਾਂਗ ਮੌਜੂਦਾ ਸੱਤਾਧਾਰੀ ਵੀ ਅੰਦੋਲਨਕਾਰੀਆਂ 'ਤੇ ਡਾਂਗਾਂ ਵਰ੍ਹਾਉਂਦਿਆ ਪਾਣੀ ਦੀਆਂ ਬੁਛਾੜਾਂ ਤੇ ਅੱਥਰੂ ਗੈਸ ਨਾਲ ਉਨ੍ਹਾਂ ਦਾ ਸਵਾਗਤ ਕਰ ਰਹੇ ਹਨ। ਲੋਕ ਬਹੁਤ ਔਖੇ ਹਨ, ਫਿਰ ਵੀ ਸਿਆਸੀ ਪਾਰਟੀਆਂ ਦੀਆਂ ਰੈਲੀਆਂ 'ਚ ਭੀੜ ਦੇਖ ਕੇ ਹੈਰਾਨੀ ਹੁੰਦੀ ਹੈ।



ਭਾਜਪਾ ਦੀ ਕੇਂਦਰ ਸਰਕਾਰ ਅਮਰੀਕਾ ਨਾਲ ਟੈਕਸ ਮੁਕਤ ਵਪਾਰ ਸਮਝੌਤਾ ਕਰਨ ਲਈ ਕਾਹਲੀ ਹੈ, ਇਸ ਨਾਲ ਖੇਤੀ ਦਾ ਕਿਵੇਂ ਗਲ਼ ਘੁੱਟਿਆ ਜਾਣਾ ਹੈ, ਉਸ ਬਾਰੇ ਕੇਂਦਰੀ ਹੁਕਮਰਾਨ ਚੁੱਪ ਹਨ। ਕਿਸਾਨਾਂ ਤੇ ਲੋਕਾਂ ਦੀ ਤਾਂ ਗੱਲ ਹੀ ਛੱਡੋ, ਸੱਤਾਧਾਰੀ ਤਾਂ ਸੰਸਦ ਦੇ ਚੱਲ ਰਹੇ ਸੈਸ਼ਨ ਦੌਰਾਨ ਵੀ, ਇਸ ਬਾਰੇ ਚਰਚਾ ਕਰਨ ਲਈ ਤਿਆਰ ਨਹੀਂ ਹਨ। ਟਰੰਪ ਦੀ ਥਾਣੇਦਾਰੀ ਅੱਗੇ ਲੰਮੇ ਪੈ ਕੇ ਚੁੱਪਚਾਪ ਸਮਝੌਤਾ ਕਰਨ ਦੀ ਤਿਆਰੀ ਹੈ ਅਤੇ ਕਿਸਾਨਾਂ ਨੂੰ ਮੂਰਖ ਬਣਾਉਣ ਲਈ ਭਾਜਪਾ ਦਾ ਪੂਰਾ ਤੰਤਰ ਸਰਗਰਮ ਹੈ। ਫਿਰ ਵੀ ਇਨ੍ਹਾਂ ਇਕੱਠਾਂ ਵਿੱਚ ਨੇਤਾਵਾਂ ਨੂੰ ਖ਼ੁਸ਼ ਕਰਨ ਲਈ ਕਿਸਾਨ ਵੀ ਰੈਲੀਆਂ ਵਿੱਚ ਜਾ ਰਹੇ ਹਨ। ਅਮਰੀਕੀ ਖੇਤੀ ਮੰਤਰੀ ਦੇਸ਼ ਦੀ ਖੇਤੀ ਉਪਜ ਲਈ ਭਾਰਤ ਦੇ 145 ਕਰੋੜ ਲੋਕਾਂ ਵਾਲੀ ਮੰਡੀ ਖੁੱਲ੍ਹਣ ਦੀ ਖ਼ੁਸ਼ੀ ਵਿੱਚ ਸ਼ੈਮਪੇਨ ਪਾਰਟੀਆਂ ਕਰ ਰਹੀ ਹੈ, ਜਦਕਿ ਭਾਰਤ ਸਰਕਾਰ ਇਸ ਬਾਰੇ ਕੁਝ ਦੱਸਣ ਲਈ ਤਿਆਰ ਨਹੀਂ। ਕੇਂਦਰ ਸਰਕਾਰ ਵਲੋਂ ਮਨਰੇਗਾ ਦਾ ਨਾਂਅ 'ਜੀ ਰਾਮ ਜੀ' ਰੱਖ ਦਿੱਤਾ ਹੈ, ਭਾਵੇਂ ਕੇਂਦਰ ਨੇ ਇਸ ਸਕੀਮ ਅਧੀਨ 100 ਦੀ ਥਾਂ 125 ਦਿਨ ਦਾ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦਾ ਲਾਰਾ ਲਾਇਆ ਹੈ ਪਰ ਨਵੇਂ ਕਾਨੂੰਨ ਤਹਿਤ ਰੁਜ਼ਗਾਰ ਦੀ ਗਾਰੰਟੀ ਖ਼ਤਮ ਕਰ ਦਿੱਤੀ ਹੈ। ਕੇਂਦਰ ਨੇ ਆਪਣਾ ਹਿੱਸਾ 90 ਫ਼ੀਸਦੀ ਤੋਂ ਘਟਾ ਕੇ 60 ਫ਼ੀਸਦੀ ਕਰ ਕੇ ਸੂਬਿਆਂ 'ਤੇ ਬੋਝ ਵਧਾ ਦਿੱਤਾ ਹੈ, ਦਰਅਸਲ ਕੇਂਦਰ ਨੇ ਟੇਢੇ ਢੰਗ ਨਾਲ ਗ਼ਰੀਬਾਂ ਦੇ ਮੂੰਹ 'ਚੋਂ ਰੋਟੀ ਖੋਹ ਲਈ ਹੈ। ਕੇਂਦਰ ਨੇ ਮਜ਼ਦੂਰਾਂ ਲਈ ਨਵਾਂ ਕੋਡ ਬਿੱਲ ਤਿਆਰ ਕਰ ਲਿਆ ਹੈ, ਜਿਸ ਤਹਿਤ ਮਜ਼ਦੂਰੀ ਲਈ ਇੱਕ ਦਿਨ ਦੇ ਕੰਮ ਕਰਨ ਦੇ ਘੰਟੇ 8 ਦੀ ਥਾਂ 12 ਹੋ ਜਾਣਗੇ ਤੇ ਮਜ਼ਦੂਰ ਦੀ ਨੌਕਰੀ ਲਈ ਕੋਈ ਸਕਿਊਰਟੀ ਨਹੀਂ ਹੈ। ਫਿਰ ਵੀ ਮਜ਼ਦੂਰ ਉਨ੍ਹਾਂ ਦੀਆਂ ਰੈਲੀਆਂ ਵਿੱਚ ਜਾ ਰਹੇ ਹਨ ਅਤੇ ਕਾਰਪੋਰੇਟ ਪੱਖੀ ਸਮਝੌਤਿਆਂ 'ਤੇ ਰੈਲੀਆਂ ਵਿੱਚ ਕਿਉਂ ਸਵਾਲ ਨਹੀਂ ਉਠਾਉਂਦੇ? ਕੇਂਦਰ ਸਰਕਾਰ ਨਵਾਂ ਬਿਜਲੀ ਬਿੱਲ ਪਾਸ ਕਰਵਾਉਣ ਲਈ ਕਾਹਲੀ ਹੈ, ਜਿਸ ਨਾਲ ਬਿਜਲੀ ਖੇਤਰ 'ਤੇ ਕਾਰਪੋਰੇਟਾਂ ਦਾ ਕਬਜ਼ਾ ਹੋਣ ਬਾਅਦ ਟਿਊਬਵੈੱਲਾਂ ਤੇ ਘਰਾਂ ਨੂੰ ਮੁਫ਼ਤ ਬਿਜਲੀ ਨਹੀਂ ਮਿਲੇਗੀ। ਘਰਾਂ ਵਿੱਚ ਸਮਾਰਟ ਮੀਟਰ ਲਾਉਣ ਦੀ ਤਿਆਰੀ ਹੈ। ਇਹੋ ਨਹੀਂ ਕੇਂਦਰ ਸਰਕਾਰ ਤਾਂ ਸੀਡ ਬਿੱਲ ਪੇਸ਼ ਕਰਕੇ ਖੇਤੀ ਬੀਜਾਂ ਦੀ ਖੋਜ, ਵਿਕਰੀ ਆਦਿ ਹੀ ਪ੍ਰਾਈਵੇਟ ਹੱਥਾਂ ਵਿੱਚ ਦੇਣ ਲਈ ਕਾਹਲੀ ਹੈ ਅਤੇ ਸੂਬਾ ਸਰਕਾਰਾਂ ਨੂੰ ਅਜਿਹੇ ਕਾਨੂੰਨਾਂ 'ਤੇ ਆਪਣੀ ਰਾਇ ਭੇਜਣ ਲਈ ਕਿਹਾ ਜਾਂਦਾ ਹੈ ਪਰ ਸੂਬਾ ਸਰਕਾਰਾਂ ਨੇ ਚੁੱਪ ਵੱਟ ਲਈ ਹੈ। ਫਿਰ ਚੋਣਾਂ ਲਈ ਹੋ ਰਹੀਆਂ ਰੈਲੀਆਂ ਵਿੱਚ ਵੀ ਇਨ੍ਹਾਂ ਮੁੱਦਿਆਂ ਦੀ ਕੋਈ ਚਰਚਾ ਨਹੀਂ ਹੁੰਦੀ। ਪੰਜਾਬ ਵਿੱਚ 2025 ਦੌਰਾਨ ਆਏ ਹੜ੍ਹਾਂ ਨਾਲ ਸੂਬੇ ਦਾ 24 ਹਜ਼ਾਰ ਕੋਰੜ ਦਾ ਨੁਕਸਾਨ ਹੋਇਆ ਸੀ। ਸਾਰੇ ਰਾਜਸੀ ਨੇਤਾਵਾਂ ਨੇ ਫੋਟੋਆਂ ਖਿਚਾਈਆਂ, ਪਰ ਮੁਆਵਜ਼ੇ ਬਾਰੇ ਵਿਰੋਧੀਆਂ 'ਤੇ ਦੋਸ਼ ਲਾ ਕੇ ਆਪਣਾ ਪੱਲਾ ਝਾੜ ਲਿਆ। ਝੋਨੇ ਦਾ ਝਾੜ ਕਾਫ਼ੀ ਘਟ ਗਿਆ, ਪਰ ਕਿਸੇ ਵੀ ਰਾਜਸੀ ਨੇਤਾ ਦੀ ਜ਼ੁਬਾਨ ਨਹੀਂ ਖੁੱਲ੍ਹੀ। ਮੱਕੀ ਐਮ.ਐਸ.ਪੀ. ਤੋਂ 200 ਰੁਪਏ ਪ੍ਰਤੀ ਕੁਇੰਟਲ ਘੱਟ ਮੁੱਲ 'ਤੇ ਵਿਕੀ, ਗੰਨੇ ਦਾ ਝਾੜ ਵੀ ਘੱਟ ਨਿਕਲ ਰਿਹਾ ਹੈ। ਇਸ ਵਾਰ ਆਲੂ ਦੀ ਫ਼ਸਲ ਵੀ ਰੁਲ ਗਈ ਹੈ ਤੇ ਮੰਡੀ ਵਿੱਚ ਕਿਸਾਨ ਦੇ ਪੱਲੇ 100 ਰੁਪਏ ਪ੍ਰਤੀ ਕੁਇੰਟਲ ਵੀ ਨਾ ਪੈਣ ਕਾਰਨ ਕਈ ਕਿਸਾਨ ਆਲੂਆਂ ਨੂੰ ਖੇਤਾਂ ਵਿੱਚ ਹੀ ਵਾਹ ਰਹੇ ਹਨ। ਇਸ ਬਾਰੇ ਨੇਤਾਵਾਂ ਦੀ ਜ਼ੁਬਾਨ ਬੰਦ ਹੈ ਅਤੇ ਰੈਲੀਆਂ ਲਈ ਭੀੜ ਇਕੱਠੀ ਕਰਨ ਵਾਲੇ ਕਿਸਾਨ ਉਨ੍ਹਾਂ ਤੋਂ ਕੋਈ ਸਵਾਲ ਨਹੀਂ ਪੁੱਛਦੇ।

ਕੇਂਦਰ ਤੇ ਸੂਬਾ ਸਰਕਾਰਾਂ ਨੌਕਰੀਆਂ ਵੰਡਣ ਦੇ ਵੱਡੇ-ਵੱਡੇ ਅੰਕੜਿਆਂ ਦਾ ਪ੍ਰਚਾਰ ਕਰ ਕੇ ਲੋਕਾਂ ਨੂੰ ਮੂਰਖ ਬਣਾਉਂਦੀਆਂ ਹਨ। ਹਾਲਾਂਕਿ ਬੇਰੁਜ਼ਗਾਰਾਂ 'ਤੇ ਨੌਕਰੀਆਂ ਮੰਗਣ ਕਾਰਨ ਹਰ ਥਾਂ ਲਾਠੀਚਾਰਜ ਹੁੰਦਾ ਹੈ। ਮਹਿੰਗਾਈ ਤੇ ਗ਼ਰੀਬੀ ਨੇ ਲੋਕਾਂ ਦਾ ਜਿਊਣਾ ਔਖਾ ਕਰ ਦਿੱਤਾ ਹੈ, ਕਿਸਾਨ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ। ਪਰ ਅਸੀਂ ਸਰਕਾਰ ਵੱਲੋਂ ਬੀਬੀਆਂ ਨੂੰ 1000 ਜਾਂ 1500 ਰੁਪਏ ਦੇਣ ਦਾ ਐਲਾਨ ਹੋਣ 'ਤੇ ਖ਼ੁਸ਼ ਹਾਂ। ਪੰਜਾਬ ਦੇ ਅਮਨ ਕਾਨੂੰਨ ਦੀ ਸਥਿਤੀ ਬੇਹੱਦ ਖਰਾਬ ਹੋ ਚੁੱਕੀ ਹੈ, ਰੋਜ਼ਾਨਾ ਕਿਤੇ ਨਾ ਕਿਤੇ ਗੋਲੀਆਂ ਚਲਦੀਆਂ ਹਨ। ਲੋਕਾਂ ਨੂੰ ਘਰਾਂ ਅੰਦਰ ਵੜ ਕੇ ਮਾਰਿਆ ਜਾ ਰਿਹਾ ਹੈ, ਵਿਆਹ ਸਮਾਗਮ ਵੀ ਸੁਰੱਖਿਅਤ ਨਹੀਂ ਹਨ। ਲੋਕਾਂ ਦੀਆਂ ਜ਼ਮੀਨਾਂ ਤੇ ਜਾਇਦਾਦਾਂ 'ਤੇ ਸਿਆਸੀ ਸ਼ਹਿ ਨਾਲ ਕਬਜ਼ੇ ਹੋ ਰਹੇ ਹਨ। ਲੋਕਾਂ ਨੂੰ ਫਿਰੌਤੀਆਂ ਲਈ ਧਮਕੀਆਂ ਮਿਲ ਰਹੀਆਂ ਹਨ। ਪੁਲਿਸ ਅਸਲੀ ਗੁੰਡਿਆਂ ਜਾਂ ਨਸ਼ਾ ਤਸਕਰਾਂ ਨੂੰ ਫੜਨ ਦੀ ਬਜਾਏ ਨਸ਼ੇੜੀਆਂ ਦੇ ਸਿਰ ਕੇਸ ਮੜ੍ਹ ਕੇ ਖਾਨਾਪੂਰਤੀ ਕਰ ਰਹੀ ਹੈ। ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਵੀ ਠੋਸ ਸਿੱਟੇ ਨਹੀਂ ਦੇ ਸਕੀ, ਕਿਉਂਕਿ ਨਸ਼ਾ ਵੇਚਣ ਵਾਲਿਆਂ ਨੂੰ ਪੁਲਿਸ ਤੇ ਸੱਤਾਧਾਰੀਆਂ ਦੀ ਸਰਪ੍ਰਸਤੀ ਹੈ।

ਦਰਅਸਲ ਅਸੀਂ ਵੀ ਦੋਸ਼ੀ ਹਾਂ, ਕਿਉਂਕਿ ਸਭ ਕੁਝ ਜਾਣਦੇ ਹੋਏ ਵੀ ਸ਼ਰਾਬ ਦੀ ਬੋਤਲ ਜਾਂ ਕੁਝ ਰੁਪਈਆਂ ਖਾਤਰ ਆਪਣੀ ਵੋਟ ਵੇਚ ਦਿੰਦੇ ਹਾਂ। ਮੂੰਹ ਮੁਲਾਹਜੇ ਨਾਲ ਨੇਤਾਵਾਂ ਦੀਆਂ ਗੱਡੀਆਂ ਵਿੱਚ ਚੜ੍ਹ ਕੇ ਵੱਡੇ ਬਣਨ ਦਾ ਭਰਮ ਪਾਲਦੇ ਹੋਏ ਉਨ੍ਹਾਂ ਦਾ ਪ੍ਰਚਾਰ ਵੀ ਕਰਦੇ ਹਾਂ ਤਾਂ ਰਾਜਨੇਤਾਵਾਂ ਨੂੰ ਹੋਰ ਕੀ ਚਾਹੀਦਾ ਹੈ? ਕੀ ਚੋਣਾਂ ਸਮੇਂ ਵੋਟਾਂ ਮੰਗਣ ਲਈ ਕਦੇ ਕਿਸੇ ਵਪਾਰੀ, ਦੁਕਾਨਦਾਰ ਜਾਂ ਕਾਰਖ਼ਾਨੇਦਾਰ ਨੂੰ ਰਾਜਨੇਤਾਵਾਂ ਦੀਆਂ ਗੱਡੀਆਂ ਵਿੱਚ ਚੜ੍ਹ ਕੇ ਆਪਣਾ ਕੰਮ ਛੱਡਦੇ ਦੇਖਿਆ ਹੈ? ਸਿਰਫ਼ ਅਸੀਂ ਹੀ ਘੜੰਮ ਚੌਧਰੀ ਬਣ ਕੇ ਆਪਣਾ ਕੰਮ ਛੱਡ ਕੇ ਰਾਜਸੀ ਲੋਕਾਂ ਪਿੱਛੇ ਲੱਗਦੇ ਹਾਂ। ਅੱਜਕਲ੍ਹ ਰਾਜਨੀਤੀ ਸੇਵਾ ਨਹੀਂ, ਸਗੋਂ ਵਪਾਰ ਬਣ ਗਈ ਹੈ। ਇਸੇ ਲਈ ਚੋਣ ਲੜਨ ਵਾਲੇ ਚੋਣਾਂ ਵਿੱਚ ਕਰੋੜਾਂ ਖਰਚ ਕੇ ਜਿੱਤਣ ਤੋਂ ਬਾਅਦ ਅਰਬਾਂ ਕਮਾਉਣ ਵਿੱਚ ਲੱਗੇ ਰਹਿੰਦੇ ਹਨ, ਲੋਕਾਂ ਨੂੰ ਰਾਜਸੀ ਲੋਕਾਂ ਤੋਂ ਭਲੇ ਦੀ ਆਸ ਨਹੀਂ ਕਰਨੀ ਚਾਹੀਦੀ। ਸਮੇਂ ਦੀ ਸਖ਼ਤ ਜ਼ਰੂਰਤ ਹੈ ਕਿ ਅਸੀਂ ਰਾਜਸੀ ਲੋਕਾਂ ਦੀਆਂ ਨੀਤੀਆਂ ਅਤੇ ਲੋਕਾਂ ਦੀਆਂ ਅਸਲੀ ਲੋੜਾਂ ਸਮਝੀਏ। ਜਦੋਂ ਤੱਕ ਲੋਕ ਰਾਜਨੇਤਾਵਾਂ ਨੂੰ ਮਜ਼ਬੂਰ ਨਹੀਂ ਕਰਨਗੇ, ਉਦੋਂ ਤੱਕ ਉਹ ਵੋਟਾਂ ਵਟੋਰ ਕੇ ਲੋਕਾਂ ਨੂੰ ਲੁੱਟਦੇ ਵੀ ਰਹਿਣਗੇ ਅਤੇ ਕੁੱਟਦੇ ਵੀ ਰਹਿਣਗੇ। ਅੱਜ ਅਸੀਂ ਔਖੇ ਦੌਰ 'ਚੋਂ ਲੰਘ ਰਹੇ ਹਾਂ, ਜੇ ਹੁਣ ਵੀ ਨਾ ਸਮਝੇ ਤਾਂ ਸਾਨੂੰ ਭਵਿੱਖ 'ਚ ਖ਼ਤਰੇ ਵਿੱਚ ਪੈਣ ਤੋਂ ਕੋਈ ਵੀ ਨਹੀਂ ਰੋਕ ਸਕਦਾ।



ਗੁਰਮੀਤ ਸਿੰਘ ਪਲਾਹੀ

# ਅਪਰਾਧ ਅਤੇ ਸਿਆਸਤ ਵਿਚਕਾਰ ਖ਼ਤਰਨਾਕ ਗੱਠਜੋੜ

ਲੋਕਤੰਤਰ ਦੀ ਮਜ਼ਬੂਤੀ ਸਾਫ਼-ਸੁਥਰੀ ਸਿਆਸਤ 'ਤੇ ਨਿਰਭਰ ਕਰਦੀ ਹੈ, ਪਰ ਜਦੋਂ ਕਾਨੂੰਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਦੇ ਦੋਸ਼ਾਂ 'ਚ ਘਿਰੇ ਹੋਣ, ਤਾਂ ਇਹ ਪ੍ਰਣਾਲੀ ਲਈ ਵੱਡੀ ਚਿੰਤਾ ਬਣ ਜਾਂਦੀ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਵੱਧਦਾ ਗੱਠਜੋੜ ਨਾ ਸਿਰਫ਼ ਨੈਤਿਕ ਪਤਨ ਦਾ ਸੰਕੇਤ ਹੈ, ਸਗੋਂ ਇਹ ਲੋਕਤੰਤਰ ਦੀ ਜੜ੍ਹ ਨੂੰ ਵੀ ਕਮਜ਼ੋਰ ਕਰ ਰਿਹਾ ਹੈ।

ਸਿਆਸੀ ਪਾਰਟੀਆਂ ਆਪਣੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਆਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਉਹਨਾਂ ਸੰਵਿਧਾਨਕ ਅਹੁਦਿਆਂ ਉੱਤੇ ਬੈਠਾ ਦਿੰਦੀਆਂ ਹਨ, ਉਹਨਾਂ ਹੱਥ ਦੇਸ਼ ਦੀ ਵਾਗਡੋਰ ਸੰਭਾਲ ਦਿੰਦੀਆਂ ਹਨ, ਜਿੱਥੇ ਉਹ ਉਸ ਸੰਵਿਧਾਨਕ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਨ, ਜਿੱਥੇ ਨਾ ਸਿਰਫ਼ ਦੇਸ਼ ਦੇ ਅਹਿਮ ਫ਼ੈਸਲੇ ਹੀ ਲਏ ਜਾਂਦੇ ਹਨ, ਸਗੋਂ ਕਾਨੂੰਨ ਵੀ ਬਣਾਏ ਜਾਂਦੇ ਹਨ। ਸਵਾਲ ਇਹ ਉੱਠਦਾ ਹੈ ਕਿ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਇਹ ਕਾਲਾ ਅਤੇ ਖ਼ਤਰਨਾਕ ਗੱਠਜੋੜ ਕਿਉਂ ਅਤੇ ਕਿਵੇਂ ਵੱਧ-ਫੁੱਲ ਰਿਹਾ ਹੈ।

ਭਾਰਤੀ ਸਿਆਸਤ ਵਿੱਚ ਸਾਰੀਆਂ ਸਿਆਸੀ ਧਿਰਾਂ ਸਾਫ਼-ਸੁਥਰੀ ਸਿਆਸਤ ਦੇ ਪੱਖ ਵਿੱਚ ਹਨ, ਲੇਕਿਨ ਹੈਰਾਨੀ ਵਾਲੀ ਗੱਲ ਹੈ ਕਿ ਚੋਣਾਂ ਦੌਰਾਨ ਉਹਨਾਂ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਨੂੰ ਅੱਗੇ ਲਿਆਉਣ 'ਚ ਕੋਈ ਹਿਚਕਾਹਟ ਨਹੀਂ ਵਿਖਾਈ ਜਾਂਦੀ। ਨਤੀਜਾ ਇਹ ਨਿਕਲਦਾ ਹੈ ਕਿ ਦਾਗ਼ੀ ਨੇਤਾ ਵਿਧਾਨ ਸਭਾਵਾਂ ਤੋਂ ਲੈ ਕੇ ਭਾਰਤੀ ਸੰਸਦ ਤੱਕ ਪਹੁੰਚ ਜਾਂਦੇ ਹਨ ਅਤੇ ਹੋਰ ਤਾਕਤਵਰ ਧੱਕਾ-ਧੌਂਸ ਨੇਤਾ ਬਣ ਜਾਂਦੇ ਹਨ।

ਦੇਸ਼ ਵਿੱਚ ਪਿਛਲੇ ਕਈ ਦਹਾਕਿਆਂ ਵਿੱਚ ਸਿਆਸਤ ਦਾ ਜਿਸ ਤਰ੍ਹਾਂ ਅਪਰਾਧੀਕਰਨ ਹੋਇਆ ਹੈ, ਉਸ ਨਾਲ ਲੋਕਤੰਤਰ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਨੂੰ ਗਹਿਰੀ ਸੱਟ ਲੱਗੀ ਹੈ। ਭਾਰਤੀ ਪਾਰਲੀਮੈਂਟ ਵਿੱਚ ਸਿਆਣਿਆਂ ਦੇ ਸਦਨ ਰਾਜ ਸਭਾ ਸੰਬੰਧੀ ਛਪੀ ਇੱਕ ਰਿਪੋਰਟ ਨਾਲ ਆਮ ਲੋਕਾਂ 'ਚ ਵੱਡੀ ਚਿੰਤਾ ਉਸ ਸਮੇਂ ਸਾਹਮਣੇ ਆਈ ਜਦੋਂ ਵੇਖਿਆ ਗਿਆ ਕਿ ਰਾਜ ਸਭਾ ਦੇ 32 ਫ਼ੀਸਦੀ ਮੌਜੂਦਾ ਮੈਂਬਰਾਂ ਉੱਤੇ ਅਪਰਾਧਿਕ ਮਾਮਲੇ ਭਾਰਤੀ ਅਦਾਲਤਾਂ ਵਿੱਚ ਲੰਬਿਤ ਹਨ। ਉਹ ਰਾਜ ਸਭਾ, ਜਿਸ ਵਿੱਚ ਮੈਂਬਰ ਹਰ ਛੇ ਸਾਲਾਂ ਬਾਅਦ ਸੂਬਿਆਂ ਦੀਆਂ ਵਿਧਾਨ ਸਭਾਵਾਂ, ਵਿਧਾਨ ਪਰਿਸ਼ਦਾਂ ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ ਅਤੇ ਕੁਝ ਪ੍ਰਤੀਸ਼ਤ ਭਾਰਤ ਸਰਕਾਰ ਵੱਲੋਂ ਚੰਗੀ ਯੋਗਤਾ, ਵੱਖ-ਵੱਖ ਖੇਤਰਾਂ 'ਚ ਪ੍ਰਸਿੱਧੀ ਪ੍ਰਾਪਤ ਲੋਕ ਭੇਜੇ ਜਾਂਦੇ ਹਨ ਅਤੇ ਸਿਆਸੀ ਧਿਰਾਂ ਵਾਹ ਲੱਗਦੀ ਆਪਣੇ ਸਿਆਣੇ ਮੈਂਬਰਾਂ ਨੂੰ ਇਸ ਸਿਆਣੀ ਸੰਸਦ ਵਿੱਚ ਭੇਜਣ ਦਾ ਦਾਅਵਾ ਕਰਦੀਆਂ ਹਨ।

ਅਪ੍ਰੈਲ 2026 ਵਿੱਚ ਦੇਸ਼ ਦੀਆਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਂਡੀਚੇਰੀ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਕੇਰਲ ਵਿੱਚ ਏ.ਡੀ.ਆਰ. ਦੀ 2025 'ਚ ਛਪੀ ਰਿਪੋਰਟ ਵਿੱਚ ਸਾਹਮਣੇ ਆਇਆ ਕਿ 92 ਵਿਧਾਇਕ ਅਪਰਾਧਿਕ ਮਾਮਲਿਆਂ 'ਚ ਲਿਪਤ ਹਨ। ਇਸ ਸੰਬੰਧੀ ਉਹਨਾਂ ਵੱਲੋਂ ਦਿੱਤੇ ਹਲਫ਼ਨਾਮਿਆਂ ਵਿੱਚ ਉਹਨਾਂ ਇਹ ਗੱਲ ਕਬੂਲੀ ਹੈ ਕਿ ਉਹਨਾਂ ਖ਼ਿਲਾਫ਼ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਹਨ। ਪੱਛਮੀ ਬੰਗਾਲ ਦੀ ਏ.ਡੀ.ਆਰ. ਰਿਪੋਰਟ ਦੱਸਦੀ ਹੈ ਕਿ 223 ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਵਿੱਚੋਂ 92 (41%), ਭਾਜਪਾ ਦੇ 64 ਵਿੱਚੋਂ 42 (66%) ਵਿਧਾਇਕਾਂ ਖ਼ਿਲਾਫ਼ ਕੇਸ ਕੋਰਟਾਂ ਵਿੱਚ ਹਨ ਤੇ 50 ਫ਼ੀਸਦੀ ਕਰੋੜਪਤੀ ਹਨ। ਇਹਨਾਂ ਅਪਰਾਧਿਕ ਮਾਮਲਿਆਂ ਵਿੱਚ ਧੋਖਾਧੜੀ, ਔਰਤਾਂ ਨਾਲ ਬਲਾਤਕਾਰ ਅਤੇ ਕਤਲ ਤੱਕ ਦੇ ਕੇਸ ਦਰਜ ਹਨ। ਤਾਮਿਲਨਾਡੂ ਵਿੱਚ 224 ਵਿੱਚੋਂ 134 ਵਿਧਾਇਕਾਂ ਉੱਤੇ, ਅਸਾਮ ਵਿੱਚ 34 ਵਿਧਾਇਕ ਅਤੇ ਪਾਂਡੀਚੇਰੀ 'ਚ 30 ਵਿੱਚੋਂ 13 ਵਿਧਾਇਕਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਅਸਲ ਵਿੱਚ ਸਿਰਫ਼ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਵਿੱਚੋਂ ਬਹੁਤਿਆਂ ਵਿਰੁੱਧ ਇਹ ਕੇਸ ਅਦਾਲਤਾਂ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਹਨ।



ਧਿਆਨ ਦੇਣ ਯੋਗ ਹੈ ਕਿ ਹਰ ਸਾਲ ਏ.ਡੀ.ਆਰ. ਦੀ ਰਿਪੋਰਟ ਛਪਦੀ ਹੈ। ਇਸ ਪ੍ਰਤੀ ਚਿੰਤਾ ਵੱਡੇ ਪੱਧਰ 'ਤੇ ਦਰਸਾਈ ਜਾਂਦੀ ਹੈ, ਪਰ ਬਾਅਦ ਵਿੱਚ ਚੁੱਪੀ ਸਾਧ ਲਈ ਜਾਂਦੀ ਹੈ, ਜਿਵੇਂ ਇਹ ਇੱਕ ਸਧਾਰਣ ਜਿਹੀ ਰਿਪੋਰਟ ਹੈ।

ਪਰ ਇਵੇਂ ਲੱਗਦਾ ਹੈ ਕਿ ਨਾ ਤਾਂ ਕੋਈ ਸਿਆਸੀ ਦਲ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨਾ ਹੀ ਭਾਰਤੀ ਚੋਣ ਕਮਿਸ਼ਨ ਇਸ ਸੰਬੰਧੀ ਕੋਈ ਠੋਸ ਪਹਿਲ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਹਰ ਵਾਰ ਦਾਗ਼ੀ ਪਿਛੋਕੜ ਵਾਲੇ ਲੋਕਾਂ ਨੂੰ ਸਿਆਸੀ ਪਾਰਟੀਆਂ ਟਿਕਟ ਦੇ ਦਿੰਦੀਆਂ ਹਨ ਅਤੇ ਉਸਦੇ ਨਾਮਜ਼ਦਗੀ ਉੱਤੇ ਚੋਣ ਕਮਿਸ਼ਨ ਦੀ ਮੋਹਰ ਲੱਗ ਜਾਂਦੀ ਹੈ।

ਨਰਿੰਦਰ ਮੋਦੀ ਜਦੋਂ 26 ਮਈ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਹਨਾਂ ਪਾਰਲੀਮੈਂਟ ਵਿੱਚ ਇਹ ਗੱਲ ਗੱਜ-ਵੱਜ ਕੇ ਕਹੀ ਸੀ ਕਿ 'ਉਹ ਦੇਸ਼ ਦੀ ਪਾਰਲੀਮੈਂਟ ਵਿੱਚੋਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਤੋਂ ਸਮੁੱਚੀ ਸੰਸਦ ਨੂੰ ਮੁਕਤੀ ਦਿਵਾਉਣਗੇ।' ਪਰ ਆਪਣੇ 2014 ਤੋਂ 2026 ਤੱਕ ਦੇ ਰਾਜਕਾਲ 'ਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਅਪਰਾਧਿਕ ਮਾਮਲਿਆਂ ਵਾਲੇ ਐੱਮ.ਪੀ. ਅਤੇ ਐੱਮ.ਐੱਲ.ਏ. ਦੀ ਹਕੀਕਤ ਇਹ ਹੈ ਕਿ ਮੌਜੂਦਾ ਲੋਕ ਸਭਾ, ਜੋ 2024 ਵਿੱਚ ਚੁਣੀ ਗਈ, ਕੁੱਲ 543 ਮੈਂਬਰਾਂ ਵਿੱਚੋਂ 251 (46%) ਉੱਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 170 ਉੱਤੇ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 151 ਇਹਨਾਂ ਕਾਨੂੰਨ-ਘਾੜਿਆਂ ਵਿਰੁੱਧ ਔਰਤਾਂ ਨਾਲ ਬਲਾਤਕਾਰ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਹਨ। ਦੇਸ਼ ਵਿੱਚ ਭਾਜਪਾ ਦੇ ਐੱਮ.ਪੀ. ਇਹਨਾਂ ਮਾਮਲਿਆਂ 'ਚ ਪਹਿਲੇ ਨੰਬਰ ਉੱਤੇ ਅਤੇ ਕਾਂਗਰਸ ਦੇ ਐੱਮ.ਪੀ. ਦੂਜੇ ਨੰਬਰ ਉੱਤੇ ਹਨ। ਇਹ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਭੁਗਤ ਰਹੇ ਹਨ।


ਸਿਤਮ ਦੀ ਗੱਲ ਵੇਖੋ ਕਿ ਦੇਸ਼ ਦਾ ਰਾਜਭਾਗ ਚਲਾਉਣ ਵਾਲੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿੱਚੋਂ 47 ਫ਼ੀਸਦੀ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇੱਕ ਏ.ਡੀ.ਆਰ. ਰਿਪੋਰਟ ਅਨੁਸਾਰ ਦੇਸ਼ ਦੇ 643 ਮੰਤਰੀਆਂ, ਜਿਨ੍ਹਾਂ ਵਿੱਚ ਕੇਂਦਰ ਅਤੇ 27 ਸੂਬਾ ਅਸੈਂਬਲੀ ਦੇ ਕੁੱਲ ਮੰਤਰੀਆਂ ਵਿੱਚੋਂ 302 (47%) ਵਿਰੁੱਧ ਅਪਰਾਧਿਕ ਅਦਾਲਤੀ ਕੇਸ ਹਨ, ਜਿਨ੍ਹਾਂ ਵਿੱਚ 174 (27 ਫ਼ੀਸਦੀ) ਮੰਤਰੀਆਂ ਵਿਰੁੱਧ ਗੰਭੀਰ ਦੋਸ਼ ਹਨ।

ਦਾਗ਼ੀ ਸਿਆਸਤਦਾਨਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਸੁਪਰੀਮ ਕੋਰਟ ਵੱਲੋਂ ਕੀਤਾ ਗਿਆ ਹੈ, ਪਰ ਅਨੇਕਾਂ ਕੇਸਾਂ ਵਿੱਚ ਫ਼ੈਸਲਾ ਸਾਲਾਂ ਬਾਅਦ ਆਉਂਦਾ ਹੈ ਅਤੇ ਇਹ ਨੇਤਾ ਆਪਣੇ ਅਹੁਦਿਆਂ ਉੱਤੇ ਕਾਇਮ ਰਹਿੰਦੇ ਹਨ। ਕਈ ਵਾਰ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੇ ਗੱਠਜੋੜ ਦੇ ਕਾਰਨ ਸਮੇਂ-ਸਿਰ ਜਾਂਚ ਹੀ ਪੂਰੀ ਨਹੀਂ ਕੀਤੀ ਜਾਂਦੀ ਅਤੇ ਸਿਆਸੀ ਦਲ ਆਪਣੇ ਇਹਨਾਂ ਨੇਤਾਵਾਂ ਦਾ ਅਪਰਾਧਿਕ ਪਿਛੋਕੜ ਲੋਕਾਂ ਸਾਹਮਣੇ ਵਿਖਾਉਂਦੇ ਹੀ ਨਹੀਂ। ਹਾਲਾਂਕਿ ਭਾਰਤੀ ਚੋਣ ਆਯੋਗ ਚੋਣ ਲੜਨ ਵਾਲੇ ਇਹੋ-ਜਿਹੇ ਉਮੀਦਵਾਰਾਂ ਨੂੰ ਇਸ ਕਿਸਮ ਦੇ ਵੇਰਵੇ ਪ੍ਰੈੱਸ ਵਿੱਚ ਦਰਸਾਉਣ ਦੀ ਹਦਾਇਤ ਕਰਦਾ ਹੈ।

ਅਪਰਾਧਿਕ ਪਿਛੋਕੜ ਵਾਲੇ ਇਹ ਨੇਤਾ, ਧੱਕੇ-ਧੌਂਸ ਦੀ ਸਿਆਸਤ ਕਰਦਿਆਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਪੈਸੇ ਅਤੇ ਬਾਹੂਬਲ ਦੀ ਵਰਤੋਂ ਕਰਨ ਤੱਕ ਵੀ ਜਾਂਦੇ ਹਨ। ਹਾਲਾਂਕਿ ਭਾਰਤ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਨੇ ਇਹਨਾਂ ਮਾਮਲਿਆਂ ਸੰਬੰਧੀ ਗੰਭੀਰ ਫ਼ੈਸਲੇ ਲਏ ਹਨ। ਤੇਜ਼ ਗਤੀ ਵਾਲੀਆਂ ਅਦਾਲਤਾਂ ਦਾ ਗਠਨ ਕੀਤਾ ਹੈ, ਤਾਂ ਕਿ ਇਹਨਾਂ ਕੇਸਾਂ ਦਾ ਹਾਈਕੋਰਟਾਂ ਰਾਹੀਂ ਬਕਾਇਦਾ ਮੁਲਾਂਕਣ ਕਰਨ ਉਪਰੰਤ ਫ਼ੈਸਲੇ ਲਏ ਜਾਣ ਅਤੇ ਉਹਨਾਂ ਐੱਮ.ਪੀ. ਜਾਂ ਵਿਧਾਇਕਾਂ ਨੂੰ ਆਪਣੇ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਜਾ ਸਕੇ। ਪਰ ਇਸ ਸੰਬੰਧੀ ਅੱਗੋਂ ਕਾਰਵਾਈ ਚਿੰਤਾ ਦਾ ਵਿਸ਼ਾ ਹੈ।

ਸਿਆਸਤ ਵਿੱਚ ਜਦੋਂ ਤੋਂ ਬਾਹੂਬਲ ਅਤੇ ਧਨ ਦੀ ਵਰਤੋਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਵਧੀ ਹੈ, ਚੋਣਾਂ ਜਿੱਤਣ ਲਈ ਇਸ ਦੀ ਵਰਤੋਂ ਲਗਭਗ ਸਾਰੀਆਂ ਪਾਰਟੀਆਂ ਕਰਨ ਲੱਗੀਆਂ ਹਨ ਤਾਂ ਕਿ ਸੱਤਾ ਹਥਿਆਈ ਜਾ ਸਕੇ। ਸਿਆਸੀ ਪਾਰਟੀਆਂ ਦੀ ਪਹਿਲ ਹੁਣ ਲੋਕ ਸੇਵਾ ਨਹੀਂ ਰਹੀ, ਸਗੋਂ ਚੋਣ ਜਿੱਤ ਤੱਕ ਸੀਮਤ ਹੋ ਗਈ ਹੈ, ਕਿਉਂਕਿ ਦੇਸ਼ ਵਿੱਚ ਜਾਤ ਅਤੇ ਧਰਮ ਦੇ ਆਧਾਰ ਉੱਤੇ ਵੋਟ ਬੈਂਕ ਹਥਿਆਏ ਜਾ ਰਹੇ ਹਨ। ਇਸੇ ਕਰਕੇ ਤਾਕਤਵਰ ਉਮੀਦਵਾਰ ਅੱਗੇ ਆ ਰਹੇ ਹਨ, ਜਿਹੜੇ ਕਾਲੇ ਧਨ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਹਨਾਂ ਪਿੱਛੇ ਗੈਂਗ ਜੁੜੇ ਹਨ ਅਤੇ ਲੋੜ ਵੇਲੇ ਤਾਕਤ ਦੀ ਵਰਤੋਂ ਕਰਦੇ ਹਨ। **(ਬਾਕੀ ਸਫ਼ਾ 27 'ਤੇ)**

# ਨੌਜਵਾਨਾਂ ਨੂੰ ਆਕਰਸ਼ਿਤ ਕਰ ਸਕਦੀ ਹੈ 'ਮਸਨੂਈ ਬੁੱਧੀ' ਆਧਾਰਿਤ ਖੇਤੀ



ਡਾ. ਅੰਮ੍ਰਿਤ ਸਾਗਰ ਮਿੱਤਲ

ਇੱਕ ਡਾਕਟਰ, ਇੱਕ ਇੰਜੀਨੀਅਰ, ਇੱਕ ਵਕੀਲ, ਇੱਕ ਅਧਿਕਾਰੀ ਜਾਂ ਇੱਕ ਵਪਾਰੀ ਅਕਸਰ ਇਹ ਸੁਪਨਾ ਦੇਖਦਾ ਹੈ ਕਿ ਉਸ ਦੀ ਅਗਲੀ ਪੀੜ੍ਹੀ ਉਸ ਦੇ ਪੇਸ਼ੇ ਨੂੰ ਮਾਣ ਨਾਲ ਅੱਗੇ ਵਧਾਏ ਅਤੇ ਉਸ ਨੂੰ ਉੱਚ ਪੱਧਰ 'ਤੇ ਲੈ ਜਾਵੇ। ਪਰ ਇੱਕ ਕਿਸਾਨ ਇਸ ਸੰਦਰਭ ਵਿੱਚ ਇੱਕ ਨਿਰਾਸ਼ ਅਪਵਾਦ ਵਜੋਂ ਸ਼ਾਇਦ ਹੀ ਚਾਹਵੇ ਕਿ ਉਸ ਦਾ ਬੱਚਾ ਹਲ ਨੂੰ ਵਿਰਾਸਤ ਵਜੋਂ ਸੰਭਾਲ ਕੇ ਅੱਗੇ ਲਿਜਾਵੇ। ਇਹ ਸਹਿਜ ਤੇ ਸ਼ਕਤੀਸ਼ਾਲੀ ਸੱਚ, ਭਾਰਤੀ ਖੇਤੀ ਦੇ ਕੇਂਦਰ 'ਚ ਮੌਜੂਦ ਭਾਵਨਾਤਮਕ ਤੇ ਸੰਰਚਨਾਤਮਕ ਸੰਕਟ ਨੂੰ ਦਰਸਾਉਂਦਾ ਹੈ। ਭਾਰਤੀ ਖੇਤੀ ਦੇ ਸਾਹਮਣੇ ਖੜ੍ਹੇ ਮੌਨ ਸੰਕਟਾਂ 'ਚੋਂ ਇੱਕ ਨੌਜਵਾਨ ਪੀੜ੍ਹੀ ਤੇ ਖੇਤੀ ਵਿਚਕਾਰ ਵੱਧਦਾ ਪਾੜਾ ਹੈ। ਪੇਂਡੂ ਭਾਰਤ ਵਿੱਚ ਬਹੁਤੇ ਨੌਜਵਾਨ ਪਰੰਪਰਾਗਤ ਖੇਤੀ ਨੂੰ ਜਾਰੀ ਰੱਖਣ ਦੇ ਇੱਛੁਕ ਨਹੀਂ ਹਨ, ਕਿਉਂਕਿ ਉਹ ਇਸ ਨੂੰ ਅਨਿਸ਼ਚਿਤ ਆਮਦਨ, ਸਖ਼ਤ ਸਰੀਰਕ ਮਿਹਨਤ ਤੇ ਅਸਥਿਰ ਬਾਜ਼ਾਰਾਂ ਨਾਲ ਜੁੜਿਆ ਪੇਸ਼ਾ ਮੰਨਦੇ ਹਨ। ਪੱਕੇ ਰੁਜ਼ਗਾਰ ਦੀ ਖੋਜ ਵਿੱਚ ਸ਼ਹਿਰਾਂ ਤੇ ਵਿਦੇਸ਼ਾਂ ਵੱਲ ਵਧਦਾ ਪਲਾਇਨ ਉਨ੍ਹਾਂ ਲਈ ਪਸੰਦੀਦਾ ਰਾਹ ਬਣ ਗਿਆ ਹੈ, ਜਿਸ ਕਰਕੇ ਪਿੱਛੇ ਬਜ਼ੁਰਗ ਕਿਸਾਨ ਤੇ ਟੁੱਟੀਆਂ ਹੋਈਆਂ ਜੋਤਾਂ (ਜ਼ਮੀਨੀ ਵੰਡ) ਹੀ ਰਹਿ ਜਾਂਦੀਆਂ ਹਨ। ਫਿਰ ਵੀ ਖੇਤੀ ਭਾਰਤ ਦੀ ਆਰਥਿਕਤਾ ਤੇ ਸਮਾਜਕ ਸਥਿਰਤਾ ਦਾ ਕੇਂਦਰ ਰਹਿੰਦੀ ਹੈ, ਕਿਉਂਕਿ ਖੇਤੀ ਖੇਤਰ ਅਜੇ ਵੀ ਦੇਸ਼ ਦੇ ਲਗਭਗ 46 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਜਦਕਿ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਲਗਭਗ 16 ਫ਼ੀਸਦੀ ਯੋਗਦਾਨ ਪਾਉਂਦਾ ਹੈ ਇੱਕ ਅਸੰਤੁਲਨ ਜੋ ਇਸ ਦੇ ਵਿਸ਼ਾਲ ਪੱਧਰ ਅਤੇ ਡੂੰਘੀਆਂ ਉਤਪਾਦਕਤਾ ਚੁਣੌਤੀਆਂ ਨੂੰ ਦਰਸਾਉਂਦਾ ਹੈ। ਇਸ ਪ੍ਰਸੰਗ ਵਿੱਚ ਮਸਨੂਈ ਬੁੱਧੀ (ਏ.ਆਈ.) ਸਿਰਫ਼ ਇੱਕ ਤਕਨੀਕੀ ਸੁਧਾਰ ਨਹੀਂ, ਸਗੋਂ ਇੱਕ ਬਦਲਾਅਕਾਰੀ ਤਾਕਤ ਵਜੋਂ ਸਾਹਮਣੇ ਆ ਸਕਦੀ ਹੈ। ਮਿਹਨਤ-ਕੇਂਦ੍ਰਿਤ ਗੁਜ਼ਾਰੇ ਵਾਲੀ ਖੇਤੀ ਨੂੰ ਡਾਟਾ-ਆਧਾਰਿਤ, ਸੁਚੇਤ ਤੇ ਬੁੱਧੀਮਾਨ ਖੇਤੀ ਵਿੱਚ ਬਦਲ ਕੇ ਏ.ਆਈ. ਖੇਤੀ ਨੂੰ ਹੋਰ ਲਾਭਕਾਰੀ, ਪ੍ਰਭਾਵਸ਼ਾਲੀ ਤੇ ਨੌਜਵਾਨ ਪੀੜ੍ਹੀ ਲਈ ਮੁੜ, ਆਕਰਸ਼ਕ ਬਣਾਉਣ ਦੀ ਸਮਰੱਥਾ ਰੱਖਦੀ ਹੈ।

ਰਵਾਇਤੀ ਖੇਤੀ ਤੋਂ ਬੁੱਧੀਮਾਨ ਖੇਤੀ ਵੱਲ- ਏ.ਆਈ ਹੌਲੀ-ਹੌਲੀ ਇਹ ਨਵੀਂ ਪਰਿਭਾਸ਼ਾ ਸਮਝਾ ਰਹੀ ਹੈ ਕਿ ਖੇਤੀ ਕਿਵੇਂ ਚਲਦੀ ਹੈ। ਮਸਨੂਈ ਬੁੱਧੀ ਨਾਲ ਸੰਚਾਲਿਤ ਪ੍ਰਣਾਲੀਆਂ ਉਪਗ੍ਰਹਿ ਚਿੱਤਰਾਂ, ਮਿੱਟੀ ਦੀ ਸਿਹਤ ਦੇ ਅੰਕੜਿਆਂ, ਵਰਖਾ ਦੇ ਰੁਝਾਨਾਂ ਤੇ ਫ਼ਸਲ ਵਾਧੇ ਦੇ ਸੰਕੇਤਾਂ ਦਾ ਵਿਸ਼ਲੇਸ਼ਣ ਕਰ ਸਕਦੀਆਂ ਹਨ ਤਾਂ ਜੋ ਤੁਰੰਤ ਖੇਤੀ ਸਲਾਹ ਪ੍ਰਦਾਨ ਕੀਤੀ ਜਾ ਸਕੇ। ਇਹ ਸਾਧਨ ਕਿਸਾਨਾਂ ਨੂੰ ਬਿਜਾਈ ਦੇ ਉਚਿਤ ਸਮੇਂ, ਖਾਦ ਦੇ ਪ੍ਰਯੋਗ, ਕੀਟ ਪ੍ਰਬੰਧਨ ਤੇ ਬਾਜ਼ਾਰ (ਮੰਡੀ) ਬਾਰੇ ਮਾਰਗਦਰਸ਼ਨ ਦੇ ਸਕਦੇ ਹਨ, ਜਿਸ ਨਾਲ ਕਿਸਾਨ ਅਨਿਸ਼ਚਿਤਤਾ ਦੀ ਥਾਂ ਡਾਟਾ ਦੇ ਆਧਾਰ 'ਤੇ ਸੋਚ-ਸਮਝ ਕੇ ਫ਼ੈਸਲੇ ਕਰ ਸਕਦੇ ਹਨ, ਕਿਉਂਕਿ ਵਿਸ਼ਵ ਪੱਧਰ 'ਤੇ ਸੁਚੇਤ ਖੇਤੀ ਤਕਨਾਲੋਜੀਆਂ ਪਹਿਲਾਂ ਹੀ ਮਜ਼ਬੂਤ ਨਤੀਜੇ ਦੇ ਚੁੱਕੀਆਂ ਹਨ। ਅਧਿਐਨ ਦਰਸਾਉਂਦੇ ਹਨ ਕਿ ਏ.ਆਈ. ਆਧਾਰਿਤ ਖੇਤੀ ਤਰੀਕੇ ਫ਼ਸਲ ਉਤਪਾਦਕਤਾ ਨੂੰ 20- 30 ਫ਼ੀਸਦੀ ਤੱਕ ਵਧਾ ਸਕਦੇ ਹਨ, ਜਦਕਿ ਪਾਣੀ ਤੇ ਰਸਾਇਣਾਂ ਦੀ ਵਰਤੋਂ ਨੂੰ ਕਾਫ਼ੀ ਘਟਾਉਂਦੇ ਹਨ। ਸਮਾਰਟਫੋਨ ਤੇ ਡਿਜ਼ੀਟਲ ਮੰਚਾਂ ਨਾਲ ਪਲ ਕੇ ਵੱਡੀ ਹੋਈ ਪੀੜ੍ਹੀ ਲਈ ਅਜਿਹੀਆਂ ਨਵੀਆਂ ਕਾਢਾਂ ਖੇਤੀ ਨੂੰ ਵੀ ਇੱਕ ਤਕਨੀਕ-ਸੰਚਾਲਿਤ ਉੱਦਮ ਵਿੱਚ ਬਦਲ ਦਿੰਦੀਆਂ ਹਨ, ਜਿੱਥੇ ਡਾਟਾ, ਵਿਸ਼ਲੇਸ਼ਣ ਤੇ ਡਿਜ਼ੀਟਲ ਸਾਧਨ ਟਰੈਕਟਰ ਤੇ ਸਿੰਚਾਈ ਵਾਂਗ ਹੀ ਮਹੱਤਵਪੂਰਨ ਹਨ।

ਭਾਰਤ ਦੀ ਖੇਤੀ ਪ੍ਰਣਾਲੀ ਮਸਨੂਈ ਬੁੱਧੀ ਦੇ ਅਪਨਾਏ ਜਾਣ ਲਈ ਵਿਸ਼ਾਲ ਮੌਕੇ ਤੇ ਸੰਰਚਨਾਤਮਕ ਚੁਣੌਤੀਆਂ ਦੋਵੇਂ ਪੇਸ਼ ਕਰਦੀ ਹੈ। ਦੇਸ਼ ਵੱਡੀ ਮਾਤਰਾ ਵਿਚ ਖੇਤੀ ਸੰਬੰਧੀ ਮੌਸਮ ਦੇ ਰਿਕਾਰਡ ਤੋਂ ਮਿੱਟੀ ਦੇ ਨਕਸ਼ਿਆਂ ਤੱਕ, ਉਪਗ੍ਰਹਿ ਚਿੱਤਰਾਂ ਤੋਂ ਫ਼ਸਲ ਸਰਵੇਖਣ ਤੱਕ ਡਾਟਾ ਪੈਦਾ ਕਰਦਾ ਹੈ। ਫਿਰ ਵੀ ਇਸ ਸਮੇਂ ਸਿਰਫ਼ 5 ਫ਼ੀਸਦੀ ਤੋਂ ਵੀ ਘੱਟ ਭਾਰਤੀ ਕਿਸਾਨ ਡਿਜ਼ੀਟਲ ਸਲਾਹ ਸਾਧਨਾਂ ਦੀ ਵਰਤੋਂ ਕਰਦੇ ਹਨ ਅਤੇ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਤਕਨਾਲੋਜੀ-ਚਲਿਤ ਉਤਪਾਦਕਤਾ ਵਾਧੇ ਦੀ ਸੰਭਾਵਨਾ ਅਜੇ ਵੀ ਕਾਫ਼ੀ ਹੱਦ ਤੱਕ ਪਿਛੜੀ ਹੋਈ ਹੈ, ਹਾਲਾਂਕਿ ਏ.ਆਈ. ਚਲਿਤ ਮੰਚ ਇਸ ਪਾੜੇ ਨੂੰ ਘਟਾਉਣ ਦੀ ਸ਼ੁਰੂਆਤ ਕਰ ਰਹੇ ਹਨ। ਬਹੁਭਾਸ਼ੀ ਸਲਾਹ ਸਾਧਨ ਰੋਜ਼ਾਨਾ ਹਜ਼ਾਰਾਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਹਨ। ਸ਼ੁਰੂਆਤੀ ਪ੍ਰਯੋਗ ਦਰਸਾਉਂਦੇ ਹਨ ਕਿ ਇਹ ਪ੍ਰਣਾਲੀਆਂ ਖੇਤੀ ਲਾਗਤ ਨੂੰ 8 ਤੋਂ 12 ਪ੍ਰਤੀਸ਼ਤ ਘਟਾ ਸਕਦੀਆਂ ਹਨ ਅਤੇ ਖੇਤੀ ਉਤਪਾਦਨ ਨੂੰ 10 20 ਫ਼ੀਸਦੀ ਤੱਕ ਵਧਾ ਸਕਦੀਆਂ ਹਨ।

ਕੀ ਏ.ਆਈ. ਖੇਤੀ ਮਜ਼ਦੂਰੀ ਨੂੰ ਬਦਲੇਗੀ- ਅਕਸਰ ਚਿੰਤਾ ਪ੍ਰਗਟਾਈ ਜਾਂਦੀ ਹੈ ਕਿ ਏ.ਆਈ. ਤੇ ਸਵੈਚਾਲਨ ਖੇਤੀ ਮਜ਼ਦੂਰੀ ਨੂੰ ਬਦਲ ਸਕਦੇ ਹਨ। ਪਰ ਭਾਰਤ ਦੀ ਖੇਤੀ ਸੰਰਚਨਾ ਛੋਟੀਆਂ ਤੇ ਟੁੱਟੀਆਂ ਜੋਤਾਂ ਵੱਡੇ ਪੱਧਰ ਦੇ ਸਵੈਚਾਲਨ ਨੂੰ ਮੁਸ਼ਕਿਲ ਬਣਾਉਂਦੀਆਂ ਹਨ। ਰੁਜ਼ਗਾਰ ਨੂੰ ਖ਼ਤਮ ਕਰਨ ਦੀ ਬਜਾਏ ਏ.ਆਈ. ਪੇਂਡੂ ਰੁਜ਼ਗਾਰ ਦੇ ਸੁਭਾਅ ਨੂੰ ਬਦਲ ਸਕਦੀ ਹੈ। ਨਵੀਆਂ ਪੇਸ਼ਾਵਰ ਭੂਮਿਕਾਵਾਂ ਸਾਹਮਣੇ ਆ ਰਹੀਆਂ ਹਨ। ਖੇਤੀ ਨੂੰ ਮੁੜ ਆਕਰਸ਼ਕ ਬਣਾਉਣ ਲਈ ਭਾਰਤ ਵਿਚ ਖੇਤੀ ਦੀ ਅਗਲੀ ਖ਼ਾਮੋਸ਼ ਤਬਦੀਲੀ ਡਿਜ਼ੀਟਲ ਬੁੱਧੀ ਤੇ ਖੇਤੀ ਦੇ ਮਿਲਾਪ ਤੋਂ ਉਭਰ ਸਕਦੀ ਹੈ। ਮਸਨੂਈ ਬੁੱਧੀ ਮਿੱਟੀ ਦੀ ਸਿਹਤ, ਪਾਣੀ ਦੀ ਉਪਲੱਬਧਤਾ, ਮੌਸਮ ਤੇ ਬਾਜ਼ਾਰ ਦੀ ਮੰਗ ਦਾ ਵਿਸ਼ਲੇਸ਼ਣ ਕਰ ਕੇ ਕਿਸਾਨਾਂ ਨੂੰ ਉੱਚ ਮੁੱਲ ਵਾਲੀਆਂ ਫ਼ਸਲਾਂ ਵੱਲ ਪ੍ਰੇਰਿਤ ਕਰ ਸਕਦੀ ਹੈ। ਇਹ ਤਬਦੀਲੀ ਨਾ ਸਿਰਫ਼ ਆਮਦਨ ਵਧਾਏਗੀ, ਸਗੋਂ ਵਾਤਾਵਰਣ ਸਥਿਰਤਾ ਨੂੰ ਵੀ ਮਜ਼ਬੂਤ ਕਰੇਗੀ।

ਵਿਸ਼ਵ ਪੱਧਰੀ ਸਬਕ- ਤਕਨਾਲੋਜੀ ਹਮੇਸ਼ਾ ਨੌਜਵਾਨਾਂ ਨੂੰ ਆਕਰਸ਼ਿਤ ਕਰਦੀ ਹੈ। ਅੰਤਰਰਾਸ਼ਟਰੀ ਅਨੁਭਵ ਦਰਸਾਉਂਦੇ ਹਨ ਕਿ ਜਦੋਂ ਖੇਤੀ ਤਕਨਾਲੋਜੀ ਆਧਾਰਿਤ ਹੁੰਦੀ ਹੈ ਤਾਂ ਇਹ ਸੁਭਾਵਿਕ ਹੀ ਨੌਜਵਾਨਾਂ ਨੂੰ ਆਕਰਸ਼ਿਤ ਕਰਦੀ ਹੈ। ਚੀਨ ਦੀ ਉਦਾਹਰਣ ਦਰਸਾਉਂਦੀ ਹੈ ਕਿ ਥੋੜ੍ਹੀ ਜ਼ਮੀਨ ਨਾਲ ਵੀ ਵਧੇਰੇ ਉਤਪਾਦਕਤਾ ਹਾਸਲ ਕੀਤੀ ਜਾ ਸਕਦੀ ਹੈ। ਭਾਰਤ ਵਿੱਚ ਚਾਵਲ ਦੀ ਔਸਤ ਉਪਜ ਲਗਭਗ 2.3 ਟਨ ਪ੍ਰਤੀ ਹੈਕਟੇਅਰ ਹੈ, ਜਦਕਿ ਚੀਨ 'ਚ 4 ਟਨ ਪ੍ਰਤੀ ਹੈਕਟੇਅਰ ਹੁੰਦੀ ਹੈ। ਅਮਰੀਕਾ ਵਿੱਚ ਮਸਨੂਈ ਬੁੱਧੀ ਆਧਾਰਿਤ ਤਕਨਾਲੋਜੀਆਂ ਸਿਰਫ਼ ਲੋੜ ਵਾਲੇ ਸਥਾਨਾਂ 'ਤੇ ਹੀ ਛਿੜਕਾਅ ਕਰਦੀਆਂ ਹਨ। ਇਜ਼ਰਾਇਲ ਵਿੱਚ ਮਸਨੂਈ ਬੁੱਧੀ ਚਲਿਤ ਸਿੰਚਾਈ ਪ੍ਰਣਾਲੀਆਂ ਪਾਣੀ ਦੀ ਵਰਤੋਂ ਨੂੰ ਸੁਧਾਰਦੀਆਂ ਹਨ। ਜੋ ਸਪੱਸ਼ਟ ਕਰਦਾ ਹੈ ਕਿ ਤਕਨਾਲੋਜੀ-ਚਲਿਤ ਖੇਤੀ ਉਤਪਾਦਕਤਾ ਨੂੰ ਵਧਾਉਂਦੀ ਹੈ।

ਅੱਗੇ ਦਾ ਰਾਹ-ਸਪੱਸ਼ਟ ਹੈ ਕਿ ਮਸਨੂਈ ਬੁੱਧੀ (ਏ.ਆਈ) ਭਾਰਤੀ ਖੇਤੀ ਦੇ ਦ੍ਰਿਸ਼ ਨੂੰ ਨਵੀਂ ਪਰਿਭਾਸ਼ਾ ਦੇ ਸਕਦੀ ਹੈ। ਜੇਕਰ ਇਸ ਨੂੰ ਮਜ਼ਬੂਤ ਢਾਂਚੇ, ਹੁਨਰ ਵਿਕਾਸ ਤੇ ਅੱਗੇ ਤੱਕ ਦੇਖਣ ਵਾਲੀਆਂ ਨੀਤੀਆਂ ਦਾ ਸਹਿਯੋਗ ਮਿਲ ਜਾਵੇ ਤਾਂ ਇਹ ਖੇਤੀ ਨੂੰ ਇਕ ਆਧੁਨਿਕ ਗਿਆਨ-ਆਧਾਰਿਤ ਪੇਸ਼ਾ ਬਣਾ ਕੇ ਨੌਜਵਾਨਾਂ ਨੂੰ ਮੁੜ ਖੇਤਾਂ ਵੱਲ ਲਿਆ ਕੇ ਪੇਂਡੂ ਭਾਰਤ ਨੂੰ ਸਮਝਦਾਰੀ ਵਾਲੀ ਖੇਤੀ ਦੇ ਅਗਲੇ ਮੋਰਚੇ 'ਤੇ ਖੜ੍ਹਾ ਕਰ ਸਕਦੀ ਹੈ।

-(ਵਾਈਸ ਚੇਅਰਮੈਨ, ਸੋਨਾਲੀਕਾ)

(ਲੇਖਕ ਕੈਬਨਿਟ ਮੰਤਰੀ ਦੇ ਦਰਜੇ ਨਾਲ ਪੰਜਾਬ ਆਰਥਿਕ ਨੀਤੀ ਤੇ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ ਹਨ)।

# ਖ਼ਾਲਸਾ ਰਾਜ ਦੀ ਵਿਰਾਸਤ ਲਾਹੌਰ ਕਿਲੇ ਦੀ 'ਪ੍ਰਿੰਸੈੱਸ ਬੰਬਾ ਗੈਲਰੀ': ਤਾਲਾਬੰਦੀ ਅਤੇ ਪ੍ਰਬੰਧਕੀ ਬੇਰੁਖ਼ੀ ਦਾ ਸ਼ਿਕਾਰ ਕਿਉਂ ?

## ਬੰਬਾ ਦੀ ਵਿਰਾਸਤ ਦਾ ਤਬਾਹ ਹੋਣਾ ਇਤਿਹਾਸ ਦੀ ਖਾਮੋਸ਼ ਮੌਤ

## ਸ਼੍ਰੋਮਣੀ ਕਮੇਟੀ ਤੇ ਪ੍ਰਵਾਸੀ ਖ਼ਾਲਸਾ ਜੀ ਜ਼ਿੰਮੇਵਾਰੀ ਸੰਭਾਲਣ


ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਲਾਹੌਰ ਕਦੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਰਾਜਧਾਨੀ ਸੀ, ਅੱਜ ਵੀ ਸਿੱਖ ਇਤਿਹਾਸ ਦੇ ਬੇਅੰਤ ਨਿਸ਼ਾਨ ਸਾਂਭ ਕੇ ਬੈਠੀ ਹੈ ਪਰ ਇਨ੍ਹਾਂ ਨਿਸ਼ਾਨੀਆਂ ਵਿੱਚੋਂ ਕੁਝ ਖਾਮੋਸ਼ੀ ਨਾਲ ਮਿਟ ਚੁੱਕੀਆਂ ਹਨ। ਇਨ੍ਹਾਂ ਵਿੱਚ ਇੱਕ ਨਾਮ ਹੈ ਪ੍ਰਿੰਸੈੱਸ ਬੰਬਾ ਸੋਫੀਆ ਸਦਰਲੈਂਡ ਦਾ, ਜੋ ਸਿੱਖ ਰਾਜ ਦੀ ਆਖ਼ਰੀ ਪੀੜ੍ਹੀ ਨਾਲ ਸੰਬੰਧਿਤ ਸੀ।

ਪ੍ਰਿੰਸੈੱਸ ਬੰਬਾ ਦਾ ਜਨਮ 1869 ਵਿੱਚ ਲੰਡਨ ਵਿੱਚ ਹੋਇਆ ਸੀ। ਉਹ ਮਹਾਰਾਜਾ ਦਲੀਪ ਸਿੰਘ ਦੀ ਵੱਡੀ ਧੀ ਸੀ, ਜੋ 1849 ਵਿੱਚ ਪੰਜਾਬ ਦਾ ਬ੍ਰਿਟਿਸ਼ ਕਬਜ਼ੇ ਤੋਂ ਬਾਅਦ ਇੰਗਲੈਂਡ ਲਿਜਾਏ ਗਏ ਸਨ। ਬੰਬਾ ਦੀ ਪਰਵਰਿਸ਼ ਬ੍ਰਿਟਿਸ਼ ਮਾਹੌਲ ਵਿੱਚ ਹੋਈ ਸੀ, ਪਰ ਉਸ ਦੇ ਜੀਵਨ ਦਾ ਇੱਕ ਵੱਡਾ ਮੋੜ ਉਸ ਵੇਲੇ ਆਇਆ ਸੀ ਜਦੋਂ ਉਸ ਨੇ ਆਪਣੇ ਵਿਰਾਸਤੀ ਮੁੱਲਾਂ ਨੂੰ ਸਮਝਣ ਲਈ ਭਾਰਤ, ਖਾਸ ਕਰਕੇ ਲਾਹੌਰ, ਨਾਲ ਨਾਤਾ ਜੋੜਿਆ ਸੀ। ਸ਼ਹਿਜ਼ਾਦੀ ਬੰਬਾ ਦੀ ਲਾਹੌਰ ਫੇਰੀ ਅਤੇ ਬਾਅਦ ਵਿੱਚ ਉੱਥੇ ਪੱਕੇ ਤੌਰ 'ਤੇ ਵਸਣ ਦਾ ਉਦੇਸ਼ ਕੋਈ ਸਾਧਾਰਨ ਯਾਤਰਾ ਨਹੀਂ ਸੀ। ਇਸ ਦੇ ਪਿੱਛੇ ਇੱਕ ਡੂੰਘੀ ਇਤਿਹਾਸਕ ਪੀੜ ਅਤੇ 'ਖੋਹੇ ਹੋਏ ਸਿੱਖ ਰਾਜ' ਦੀ ਵਾਪਸੀ ਬਾਰੇ ਤੜਫ ਸੀ।

ਮਹਾਰਾਜਾ ਦਲੀਪ ਸਿੰਘ ਨੂੰ ਬਚਪਨ ਵਿੱਚ ਧੋਖੇ ਨਾਲ ਇਸਾਈ ਬਣਾ ਕੇ ਇੰਗਲੈਂਡ ਲਿਜਾਇਆ ਗਿਆ ਸੀ। ਉਹ ਆਪਣੀ ਮੌਤ ਤੱਕ ਪੰਜਾਬ ਵਾਪਸ ਆਉਣ ਅਤੇ ਆਪਣੀ ਸਿੱਖ ਪਛਾਣ ਬਹਾਲ ਕਰਨ ਲਈ ਤੜਫਦੇ ਰਹੇ ਸਨ। ਰਾਜਕੁਮਾਰੀ ਬੰਬਾ ਨੇ ਆਪਣੇ ਪਿਤਾ ਦੀ ਇਸੇ 'ਅਧੂਰੀ ਵਾਪਸੀ' ਨੂੰ ਪੂਰਾ ਕਰਨ ਦਾ ਸੰਕਲਪ ਲਿਆ ਸੀ। ਉਹ ਆਪਣੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਿਤ ਬੇਸ਼ਕੀਮਤੀ ਵਸਤਾਂ, ਤਸਵੀਰਾਂ ਅਤੇ ਦਸਤਾਵੇਜ਼ ਲੈ ਕੇ ਆਈ ਸੀ ਤਾਂ ਜੋ ਉਨ੍ਹਾਂ ਨੂੰ ਉਸੇ ਧਰਤੀ 'ਤੇ ਸੁਰੱਖਿਅਤ ਰੱਖਿਆ ਜਾ ਸਕੇ ਜਿੱਥੋਂ ਬ੍ਰਿਟਿਸ਼ ਰਾਜ ਵਲੋਂ ਲੁੱਟ ਕੇ ਲਿਜਾਏ ਗਏ ਸਨ।

ਬ੍ਰਿਟਿਸ਼ ਸਰਕਾਰ ਲਈ ਬੰਬਾ ਦਾ ਲਾਹੌਰ ਆਉਣਾ ਇੱਕ ਵੱਡੀ ਚੁਣੌਤੀ ਸੀ। ਉਹ ਇੱਥੇ ਆ ਕੇ ਇਹ ਦੱਸਣਾ ਚਾਹੁੰਦੀ ਸੀ ਕਿ ਸਿੱਖ ਰਾਜਵੰਸ਼ ਅਜੇ ਖ਼ਤਮ ਨਹੀਂ ਹੋਇਆ। ਉਸ ਦਾ ਲਾਹੌਰ ਵਿੱਚ ਰਹਿਣਾ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ, ਕਿਉਂਕਿ ਉਹ ਸਿੱਖਾਂ ਲਈ 'ਰਾਜਸੀ ਉਮੀਦ' ਦਾ ਪ੍ਰਤੀਕ ਸੀ। ਉਸ ਦਾ ਇੱਕ ਮੁੱਖ ਮਕਸਦ ਆਪਣੀ ਦਾਦੀ ਮਹਾਰਾਣੀ ਜਿੰਦ ਕੌਰ ਦੀਆਂ ਅਸਥੀਆਂ ਨੂੰ ਲਾਹੌਰ ਲਿਆ ਕੇ, ਉਹਨਾਂ ਦੇ ਪਤੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੋਲ ਸਥਾਪਿਤ ਕਰਨਾ ਸੀ, ਜੋ ਕਿ ਬ੍ਰਿਟਿਸ਼ ਰਾਜ ਨੇ ਕਦੇ ਹੋਣ ਨਹੀਂ ਦਿੱਤਾ ਸੀ।



1915 ਵਿੱਚ ਡਾ. ਡੇਵਿਡ ਵਾਟਰਜ਼ ਸਦਰਲੈਂਡ ਨਾਲ ਵਿਆਹ ਤੋਂ ਬਾਅਦ ਬੰਬਾ ਲਾਹੌਰ ਵਿੱਚ ਵੱਸ ਗਈ ਸੀ। ਉਸ ਨੇ ਮਾਡਲ ਟਾਊਨ ਵਿੱਚ 'ਗੁਲਜ਼ਾਰ' ਨਾਮ ਦੀ ਕੋਠੀ ਖਰੀਦੀ ਸੀ। ਸਥਾਨਕ ਇਤਿਹਾਸਕਾਰਾਂ ਦੇ ਅਨੁਸਾਰ, ਗੁਲਜ਼ਾਰ ਇੱਕ ਸਮੇਂ ਲਾਹੌਰ ਦੀਆਂ ਖ਼ੂਬਸੂਰਤ ਕੋਠੀਆਂ ਵਿੱਚ ਗਿਣੀ ਜਾਂਦੀ ਸੀ, ਜਿੱਥੇ ਬਾਗਬਾਨੀ ਅਤੇ ਸੱਭਿਆਚਾਰਕ ਰੁਚੀ ਦਿਖਾਈ ਦਿੰਦੀ ਸੀ।

1947 ਦੀ ਭਾਰਤ ਦੀ ਵੰਡ 1947 ਦੌਰਾਨ ਜਦੋਂ ਲੱਖਾਂ ਲੋਕ ਹਿਜਰਤ ਕਰ ਰਹੇ ਸਨ, ਬੰਬਾ ਨੇ ਲਾਹੌਰ ਨਾ ਛੱਡਣ ਦਾ ਫੈਸਲਾ ਕੀਤਾ। ਇਹ ਉਸ ਦੇ ਸ਼ਹਿਰ ਨਾਲ ਡੂੰਘੇ ਰਿਸ਼ਤੇ ਤੇ ਮੋਹ ਨੂੰ ਦਰਸਾਉਂਦਾ ਹੈ। ਉਹ ਸਿਰਫ਼ ਇਤਿਹਾਸ ਦਾ ਹਿੱਸਾ ਨਹੀਂ ਸੀ, ਉਹ ਖੁਦ ਉਸ ਇਤਿਹਾਸ ਨੂੰ ਜੀ ਰਹੀ ਸੀ।

'ਗੁਲਜ਼ਾਰ' ਦੀ ਹੋਂਦ ਮਿਟਣਾ

10 ਮਾਰਚ 1957 ਨੂੰ 88 ਸਾਲ ਦੀ ਉਮਰ ਵਿੱਚ ਇਸੇ ਘਰ ਵਿੱਚ ਬੰਬਾ ਨੇ ਆਖ਼ਰੀ ਸਾਹ ਲਿਆ ਸੀ। ਉਸ ਦੇ ਜਨਾਜ਼ੇ ਵਿੱਚ ਵੀ ਬਹੁਤ ਘੱਟ ਲੋਕ ਸ਼ਾਮਲ ਸਨ। ਉਸ ਦੀਆਂ ਅੰਤਿਮ ਰਸਮਾਂ ਤੋਂ ਬਾਅਦ ਉਨ੍ਹਾਂ ਨੂੰ ਲਾਹੌਰ ਦੇ ਜੇਲ੍ਹ ਰੋਡ ਸਥਿਤ ਗੋਰਾ ਅੰਗਰੇਜ਼ੀ ਕਬਰਸਤਾਨ ਵਿੱਚ ਦਫ਼ਨਾਇਆ ਗਿਆ ਸੀ।

ਬੰਬਾ ਦੀ ਮੌਤ (1957) ਤੋਂ ਬਾਅਦ ਉਸ ਦੀ ਜਾਇਦਾਦ ਨਿੱਜੀ ਹੱਥਾਂ ਵਿੱਚ ਚਲੀ ਗਈ ਸੀ। ਇਤਿਹਾਸਕ ਦਸਤਾਵੇਜ਼ਾਂ ਅਨੁਸਾਰ, ਸ਼ਹਿਜ਼ਾਦੀ ਬੰਬਾ ਨੇ ਆਪਣੀ ਮੌਤ ਤੋਂ ਲਗਭਗ 15 ਮਹੀਨੇ ਪਹਿਲਾਂ, ਨਵੰਬਰ 1955 ਵਿੱਚ ਆਪਣੀ ਵਸੀਅਤ ਬਦਲ ਦਿੱਤੀ ਸੀ। ਉਨ੍ਹਾਂ ਨੇ ਆਪਣੀ ਕੋਠੀ 'ਗੁਲਜ਼ਾਰ', ਪਲਾਟ ਨੰਬਰ 103 ਅਤੇ ਯੂਕੇ ਸਥਿਤ ਆਪਣੀਆਂ ਸਾਰੀਆਂ ਕੀਮਤੀ ਵਸਤਾਂ ਦੇ ਪ੍ਰਬੰਧਕੀ ਹੱਕ ਆਪਣੇ ਇੱਕ ਵਫ਼ਾਦਾਰ ਸਹਾਇਕ ਕਰੀਮ ਬਖਸ਼ ਸਪਰਾ ਦੇ ਨਾਮ ਕਰ ਦਿੱਤੇ ਸਨ। ਮਾਡਲ ਟਾਊਨ ਦਾ ਹਾਊਸ ਨੰਬਰ 104, ਜਿਸ ਨੂੰ ਬੰਬਾ ਨੇ 'ਗੁਲਜ਼ਾਰ' ਨਾਮ ਦਿੱਤਾ ਸੀ, ਕੇਵਲ ਇੱਕ ਕੋਠੀ ਨਹੀਂ ਸੀ। ਇਹ ਸਿੱਖ ਰਾਜ ਦੀ ਆਖ਼ਰੀ ਸ਼ਹਿਜ਼ਾਦੀ ਦੀ ਯਾਦਗਾਰੀ ਵਿਰਾਸਤ ਸੀ। 2020 ਵਿੱਚ ਇਸ ਨੂੰ ਢਾਹ ਕੇ ਜ਼ਮੀਨਦੋਜ਼ ਕਰ ਦੇਣਾ ਸਾਡੀ ਮੌਜੂਦਾ ਵਿਰਾਸਤੀ ਸੂਝ 'ਤੇ ਕਰਾਰੀ ਚਪੇੜ ਹੈ।

ਇਸ ਘਰ ਨੂੰ ਬਚਾਉਣ ਲਈ ਕਿਸੇ ਵੀ ਸਿੱਖ ਜਥੇਬੰਦੀ ਨੇ ਪਾਕਿਸਤਾਨ ਸਰਕਾਰ ਜਾਂ ਅਦਾਲਤ ਵਿੱਚ ਕੋਈ ਵੱਡੀ ਪਹੁੰਚ ਨਹੀਂ ਕੀਤੀ। ਕੀ ਅਸੀਂ ਇੰਨੇ ਗਰੀਬ ਹੋ ਗਏ ਹਾਂ ਕਿ ਇੱਕ ਇਤਿਹਾਸਕ ਮਹਿਲ ਦੀ ਮੈਨਟੀਨੈਂਸ ਦਾ ਖ਼ਰਚਾ ਨਹੀਂ ਚੁੱਕ ਸਕਦੇ ਸੀ? ਮੁਨਸ਼ੀ ਕਰੀਮ ਬਖਸ਼ ਦੇ ਵਾਰਸਾਂ ਨੇ ਇਸ ਨੂੰ ਵੇਚ ਦਿੱਤਾ, ਕਿਉਂਕਿ ਉਨ੍ਹਾਂ ਲਈ ਇਹ ਮਹਿਜ਼ 'ਪ੍ਰਾਪਰਟੀ' ਸੀ, ਪਰ ਸਿੱਖਾਂ ਲਈ ਇਹ 'ਰਾਜਸੀ ਵਿਰਾਸਤ' ਸੀ।

ਅੱਜ ਵੀ ਬੰਬਾ ਨਾਲ ਜੁੜੀਆਂ ਕੁਝ ਚੀਜ਼ਾਂ ਲਾਹੌਰ ਕਿਲ੍ਹਾ ਵਿੱਚ ਮੌਜੂਦ ਹਨ।

1960 ਵਿੱਚ ਪਾਕਿਸਤਾਨ ਸਰਕਾਰ ਨੇ ਕਰੀਮ ਬਖਸ਼ ਸਪਰਾ ਨੂੰ 14,000 ਪੌਂਡ ਦੀ ਅਦਾਇਗੀ ਕਰਕੇ ਸ਼ਹਿਜ਼ਾਦੀ ਦੀਆਂ ਸਾਰੀਆਂ ਕੀਮਤੀ ਇਤਿਹਾਸਕ ਵਸਤਾਂ ਖਰੀਦ ਲਈਆਂ ਸਨ।

ਇਸ ਸੰਗ੍ਰਹਿ ਵਿੱਚ 18 ਤੇਲ ਚਿੱਤਰ, 14 ਵਾਟਰ ਕਲਰ ਪੇਂਟਿੰਗਾਂ, ਹਾਥੀ ਦੰਦ ਦੀਆਂ ਬਣੀਆਂ 22 ਮੂਰਤੀਆਂ ਅਤੇ ਕਈ ਧਾਤੂ ਦੀਆਂ ਵਸਤਾਂ ਸ਼ਾਮਲ ਹਨ। ਮਹਾਰਾਜਾ ਰਣਜੀਤ ਸਿੰਘ, ਰਾਣੀ ਜਿੰਦਾਂ, ਸ਼ਹਿਜ਼ਾਦਾ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਦੀਆਂ ਸ਼ਾਨਦਾਰ ਪੇਂਟਿੰਗਾਂ ਹਨ। ਮਹਾਰਾਜਾ ਰਣਜੀਤ ਸਿੰਘ ਦੀ ਹਾਥੀ 'ਤੇ ਸਵਾਰੀ ਦਾ ਇੱਕ ਖ਼ੂਬਸੂਰਤ ਮਾਡਲ ਮੌਜੂਦ ਹੈ।

ਇਹ ਸਾਰੀਆਂ ਚੀਜ਼ਾਂ ਅੱਜ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਬਣੀ 'ਸਿੱਖ ਆਰਟ ਗੈਲਰੀ' ਵਿੱਚ 'ਪ੍ਰਿੰਸੈੱਸ ਬੰਬਾ ਕਲੈਕਸ਼ਨ' ਦੇ ਨਾਮ ਹੇਠ ਸੁਰੱਖਿਅਤ ਰੱਖੀਆਂ ਗਈਆਂ ਹਨ।


ਇਹ ਕਲੈਕਸ਼ਨ ਉਸ ਦੀ ਜ਼ਿੰਦਗੀ ਅਤੇ ਉਸ ਦੇ ਸਮੇਂ ਦੀ ਇੱਕ ਝਲਕ ਪੇਸ਼ ਕਰਦਾ ਹੈ ਪਰ ਪਾਕਿਸਤਾਨੀ ਪੁਰਾਤੱਤਵ ਵਿਭਾਗ ਦੀ ਲਾਪਰਵਾਹੀ ਕਾਰਨ ਸ਼ਹਿਜ਼ਾਦੀ ਬੰਬਾ ਦਾ ਇਹ ਖ਼ਜ਼ਾਨਾ ਧੂੜ ਫੱਕ ਰਿਹਾ ਹੈ ਅਤੇ ਤਾਲਿਆਂ ਪਿੱਛੇ ਕੈਦ ਹੈ। ਰਿਪੋਰਟਾਂ ਅਨੁਸਾਰ, ਇਸ ਗੈਲਰੀ ਨੂੰ ਸਿਰਫ਼ ਖ਼ਾਸ ਮੌਕਿਆਂ 'ਤੇ ਵੀ.ਆਈ.ਪੀ. ਮਹਿਮਾਨਾਂ ਜਾਂ ਉੱਚ ਅਧਿਕਾਰੀਆਂ ਲਈ ਹੀ ਖੋਲ੍ਹਿਆ ਜਾਂਦਾ ਹੈ। ਆਮ ਸੈਲਾਨੀ ਅਤੇ ਇਤਿਹਾਸ ਪ੍ਰੇਮੀ ਇਸ ਨੂੰ ਦੇਖਣ ਤੋਂ ਵਾਂਝੇ ਹਨ।

ਗੈਲਰੀ ਦੇ ਅੰਦਰ ਨਾ ਤਾਂ ਰੌਸ਼ਨੀ ਦਾ ਉਚਿਤ ਪ੍ਰਬੰਧ ਹੈ ਅਤੇ ਨਾ ਹੀ ਬਿਜਲੀ ਦੀ ਸਹੂਲਤ। ਸੂਰਜ ਦੀ ਮੱਧਮ ਰੌਸ਼ਨੀ ਹੀ ਇਸ ਹਨੇਰੇ ਹਾਲ ਦਾ ਇੱਕੋ-ਇੱਕ ਸਹਾਰਾ ਹੈ। ਗੈਲਰੀ ਦਾ ਦੌਰਾ ਕਰਨ ਵਾਲੇ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਉੱਥੇ ਰੱਖੀਆਂ ਕਲਾਕ੍ਰਿਤੀਆਂ ਅਤੇ ਸ਼ੀਸ਼ੇ ਦੇ ਕੇਸਾਂ 'ਤੇ ਧੂੜ ਦੀਆਂ ਮੋਟੀਆਂ ਪਰਤਾਂ ਜੰਮੀਆਂ ਹੋਈਆਂ ਹਨ। ਇਨ੍ਹਾਂ ਇਤਿਹਾਸਕ ਚੀਜ਼ਾਂ ਦੀ ਸਫ਼ਾਈ ਜਾਂ ਸੰਭਾਲ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ।

ਜਦੋਂ ਪੂਰੀ ਦੁਨੀਆ ਵਿੱਚ ਅਜਿਹੀਆਂ ਇਤਿਹਾਸਕ ਥਾਵਾਂ ਨੂੰ ਸੈਰ-ਸਪਾਟੇ ਲਈ ਪ੍ਰਮੋਟ ਕੀਤਾ ਜਾਂਦਾ ਹੈ, ਤਾਂ ਪਾਕਿਸਤਾਨ ਵਿੱਚ ਇਸ ਨੂੰ ਤਾਲੇ ਲਗਾ ਕੇ ਕਿਉਂ ਰੱਖਿਆ ਗਿਆ ਹੈ? ਕੀ ਪ੍ਰਬੰਧਕੀ ਨਾਕਾਮੀ ਨੂੰ ਲੁਕਾਉਣ ਲਈ ਵਿਰਾਸਤ ਨੂੰ ਜਨਤਾ ਤੋਂ ਦੂਰ ਰੱਖਿਆ ਜਾ ਰਿਹਾ ਹੈ? ਇਸ ਗੈਲਰੀ ਨੂੰ ਟਿਕਟ ਲਗਾ ਕੇ ਆਮ ਲੋਕਾਂ ਲਈ ਖੋਲ੍ਹਿਆ ਜਾਵੇ ਤਾਂ ਜੋ ਇਸ ਦੀ ਸੰਭਾਲ ਲਈ ਫੰਡ ਜੁਟਾਇਆ ਜਾ ਸਕੇ। ਇਨ੍ਹਾਂ ਪੁਰਾਤਨ ਪੇਂਟਿੰਗਾਂ ਅਤੇ ਵਸਤਾਂ ਨੂੰ ਮਾਹਰਾਂ ਦੀ ਨਿਗਰਾਨੀ ਹੇਠ ਸਾਫ਼ ਕਰਵਾਇਆ ਜਾਵੇ। ਗੈਲਰੀ ਵਿੱਚ ਰੌਸ਼ਨੀ ਅਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ।

ਸਿੱਖ ਇਤਿਹਾਸ ਅਕਸਰ ਗੁਰਦੁਆਰਿਆਂ ਤੱਕ ਸੀਮਿਤ ਕਰ ਦਿੱਤਾ ਜਾਂਦਾ ਹੈ, ਪਰ ਹਕੀਕਤ ਵਿੱਚ ਇਹ ਇੱਕ ਵੱਡਾ ਸੱਭਿਆਚਾਰਕ ਅਤੇ ਰਾਜਸੀ ਇਤਿਹਾਸ ਹੈ। ਪ੍ਰਿੰਸੈੱਸ ਬੰਬਾ ਦੀ ਸਾਖੀ ਇਹ ਯਾਦ ਦਿਵਾਉਂਦੀ ਹੈ ਕਿ ਵਿਰਾਸਤ ਸਿਰਫ਼ ਇਮਾਰਤਾਂ ਨਹੀਂ ਹੁੰਦੀਆਂ ਇਹ ਪਛਾਣ, ਯਾਦ ਅਤੇ ਇਤਿਹਾਸ ਦੀ ਲੜੀ ਹੁੰਦੀ ਹੈ। ਲਾਹੌਰ ਵਿੱਚ ਬੰਬਾ ਦੀਆਂ ਗੁੰਮ ਹੋ ਰਹੀਆਂ ਨਿਸ਼ਾਨੀਆਂ ਸਾਨੂੰ ਇੱਕ ਖਾਮੋਸ਼ ਸੱਚ ਦੱਸਦੀਆਂ ਹਨ ਕਿ ਵਿਰਾਸਤ ਜੇ ਸੰਭਾਲੀ ਨਾ ਜਾਵੇ, ਤਾਂ ਉਹ ਹੌਲੀ-ਹੌਲੀ ਮਿਟ ਜਾਂਦੀ ਹੈ।

# ਡਿਜਿਟਲ ਰੌਲੇ ਦੇ ਦੌਰ 'ਚ ਗਿਆਨ ਦੀ ਗੰਭੀਰਤਾ, ਪੁਸਤਕਾਂ ਵੱਲ ਵਾਪਸੀ ਦੀ ਲੋੜ


ਗੁਰਪ੍ਰੀਤ ਸਿੰਘ ਬਿਲਿੰਗ

ਮੇਰੇ ਮਨ ਵਿੱਚ ਅਕਸਰ ਇਹ ਸਵਾਲ ਆਉਂਦਾ ਹੈ ਕਿ ਕਿਹੜੀ ਕਿਤਾਬ ਪੜ੍ਹੀ ਜਾਵੇ? ਕਿਹੜੀਆਂ ਕਿਤਾਬਾਂ ਵਧੀਆ ਹਨ? ਅਸੀਂ ਖਰੀਦਦਾਰੀ ਦੇ ਘੱਟ ਅਤੇ ਤੇਜ਼ ਵਕਤ ਦੌਰਾਨ ਵਧੀਆ ਕਿਤਾਬ ਕਿਵੇਂ ਪਛਾਣ ਸਕਦੇ ਹਾਂ? ਇਹ ਸਵਾਲ ਸਿਰਫ ਇੱਕ ਪਾਠਕ ਦਾ ਨਹੀਂ, ਸਗੋਂ ਅੱਜ ਦੇ ਪੂਰੇ ਸਮਾਜ ਦਾ ਸਵਾਲ ਬਣ ਚੁੱਕਾ ਹੈ। ਅਸੀਂ ਉਸ ਯੁਗ ਵਿੱਚ ਜੀ ਰਹੇ ਹਾਂ ਜਿੱਥੇ ਚੋਣਾਂ ਬਹੁਤ ਹਨ, ਪਰ ਸਮਝ ਘੱਟ ਹੋ ਰਹੀ ਹੈ। ਜਿੱਥੇ ਕਿਤਾਬਾਂ ਦੀ ਕਮੀ ਨਹੀਂ, ਪਰ ਪੜ੍ਹਨ ਦੀ ਦਿਸ਼ਾ ਧੁੰਦਲੀ ਹੋ ਗਈ ਹੈ।

ਪਰ ਕੀ ਸੱਚਮੁੱਚ ਵਧੀਆ ਕਿਤਾਬ ਦੀ ਪਛਾਣ ਪਹਿਲਾਂ ਤੋਂ ਕੀਤੀ ਜਾ ਸਕਦੀ ਹੈ? ਜਾਂ ਫਿਰ ਪੜ੍ਹਨ ਦਾ ਅਸਲ ਮਕਸਦ ਹੀ ਇਹ ਨਹੀਂ ਹੈ ਕਿ ਅਸੀਂ ਹਰ ਕਿਤਾਬ ਰਾਹੀਂ ਆਪਣੀ ਸੋਚ ਨੂੰ ਵਿਸ਼ਾਲ ਕਰੀਏ? ਅਸਲ ਗੱਲ ਇਹ ਹੈ ਕਿ ਕੋਈ ਵੀ ਕਿਤਾਬ ਸਿਰਫ ਉਸ ਵੇਲੇ ਵਧੀਆ ਬਣਦੀ ਹੈ, ਜਦੋਂ ਉਹ ਪਾਠਕ ਦੇ ਮਨ ਵਿੱਚ ਨਵੇਂ ਸਵਾਲ ਜਗਾਵੇ, ਉਸਨੂੰ ਸੋਚਣ 'ਤੇ ਮਜਬੂਰ ਕਰੇ ਜਾਂ ਉਸਦੀ ਸਮਝ ਨੂੰ ਇੱਕ ਕਦਮ ਅੱਗੇ ਵਧਾਵੇ।

ਇਸ ਲਈ ਕਿਤਾਬ ਦੀ ਚੋਣ ਦਾ ਸਭ ਤੋਂ ਵੱਡਾ ਮਾਪਦੰਡ ਕੋਈ ਬਾਹਰੀ ਸੂਚੀ ਜਾਂ ਰੇਟਿੰਗ ਨਹੀਂ, ਸਗੋਂ ਪਾਠਕ ਦੀ ਆਪਣੀ ਜਿਗਿਆਸਾ ਹੁੰਦੀ ਹੈ। ਬਹੁਤ ਸਾਰੇ ਪਾਠਕਾਂ ਨੇ ਦੱਸਿਆ ਹੈ ਕਿ ਉਹਨਾਂ ਨੇ ਪਹਿਲਾਂ ਸਧਾਰਨ ਨਾਵਲ ਪੜ੍ਹਨਾ ਸ਼ੁਰੂ ਕੀਤਾ, ਪਰ ਹੌਲੀ-ਹੌਲੀ ਉਹ ਦਾਰਸ਼ਨਿਕ, ਇਤਿਹਾਸਕ ਅਤੇ ਮਨੋਵਿਗਿਆਨਕ ਲਿਖਤਾਂ ਤਕ ਪਹੁੰਚ ਗਏ। ਇਸਦਾ ਮਤਲਬ ਇਹ ਹੈ ਕਿ ਪੜ੍ਹਨ ਦੀ ਯਾਤਰਾ ਸਧਾਰਨ ਤੋਂ ਡੂੰਘਾਈ ਵੱਲ ਖੁਦ ਹੀ ਵਿਕਸਿਤ ਹੁੰਦੀ ਹੈ।

ਇੱਥੇ ਇਹ ਗੱਲ ਵੀ ਸਮਝਣਯੋਗ ਹੈ ਕਿ ਪੜ੍ਹਨ ਦੀ ਇਹ ਯਾਤਰਾ ਕਿਸੇ ਇੱਕ ਦਿਨ ਦਾ ਫੈਸਲਾ ਨਹੀਂ ਹੁੰਦੀ, ਸਗੋਂ ਲਗਾਤਾਰ ਬਣਨ ਵਾਲੀ ਆਦਤ ਦਾ ਨਤੀਜਾ ਹੁੰਦੀ ਹੈ। ਅੱਜ ਦੇ ਡਿਜਿਟਲ ਯੁਗ ਵਿੱਚ ਭਾਵੇਂ ਅਸੀਂ ਈ-ਬੁੱਕਸ ਜਾਂ ਆਡੀਓ ਬੁੱਕਸ ਰਾਹੀਂ ਜਾਣਕਾਰੀ ਹਾਸਲ ਕਰ ਰਹੇ ਹਾਂ, ਪਰ ਪੰਨਿਆਂ ਦੀ ਖੜਕਾਹਟ ਅਤੇ ਕਾਗਜ਼ੀ ਕਿਤਾਬ ਦਾ ਠਹਿਰਾਓ ਅੱਜ ਵੀ ਮਨੁੱਖੀ ਮਨ ਨੂੰ ਡੂੰਘੀ ਇਕਾਗਰਤਾ ਬਖ਼ਸ਼ਦਾ ਹੈ। ਮਾਧਿਅਮ ਕੋਈ ਵੀ ਹੋਵੇ, ਮਕਸਦ ਸ਼ਬਦਾਂ ਨਾਲ ਜੁੜਨਾ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਉਤਾਰਨਾ ਹੋਣਾ ਚਾਹੀਦਾ ਹੈ।



ਜੇ ਸਮਾਂ ਘੱਟ ਹੈ ਤਾਂ ਵੀ ਕੁਝ ਸਰਲ ਤਰੀਕੇ ਸਾਡੀ ਮਦਦ ਕਰ ਸਕਦੇ ਹਨ। ਕਿਤਾਬ ਦਾ ਸਿਰਲੇਖ, ਲੇਖਕ ਦਾ ਪਿਛੋਕੜ, ਅੰਦਰੂਨੀ ਸੂਚੀ (ਤਤਕਰਾ), ਪਹਿਲੇ ਕੁਝ ਪੰਨੇ ਜਾਂ ਕਿਸੇ ਇੱਕ ਅਧਿਆਇ ਜਾਂ ਭਾਗ ਨੂੰ ਇੱਕ ਝਲਕ ਦੇਖਣਾ। ਇਹ ਸਾਰੇ ਇਸ਼ਾਰੇ ਦੱਸ ਦਿੰਦੇ ਹਨ ਕਿ ਇਹ ਲਿਖਤ ਸਾਡੇ ਮਨ ਨਾਲ ਗੱਲ ਕਰਦੀ ਹੈ ਜਾਂ ਨਹੀਂ।

ਪਰ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੜ੍ਹਨ ਦੀ ਆਦਤ ਨੂੰ ਸਿਰਫ ਚੁਣੀਆਂ ਹੋਈਆਂ ਵਧੀਆ ਕਿਤਾਬਾਂ ਤਕ ਸੀਮਿਤ ਨਾ ਕੀਤਾ ਜਾਵੇ। ਕਿਉਂਕਿ ਅਕਸਰ ਇੱਕ ਆਮ ਜਿਹੀ ਲੱਗਣ ਵਾਲੀ ਕਿਤਾਬ ਮਨੁੱਖ ਦੀ ਸੋਚ ਵਿੱਚ ਸਭ ਤੋਂ ਵੱਡਾ ਬਦਲਾਅ ਲਿਆ ਸਕਦੀ ਹੈ।

ਇਨਾਂ ਗੱਲਾਂ ਨੂੰ ਸਰਲਤਾ ਅਤੇ ਤਰਕਸ਼ੀਲਤਾ ਨਾਲ ਇੱਕ ਛੋਟੇ ਤਿੰਨ-ਕਦਮੀ ਤਰੀਕੇ ਨਾਲ ਵੀ ਸਮਝਿਆ ਜਾ ਸਕਦਾ ਹੈ:

1 ਆਪਣੀ ਰੁਚੀ ਅਤੇ ਮਕਸਦ ਨੂੰ ਸਮਝੋ: (ਕੀ ਸਿੱਖਣਾ ਹੈ)।

2 ਕਿਤਾਬ ਦੀ ਝਲਕ ਦੇਖੋ: (ਸਿਰਲੇਖ, ਤਤਕਰਾ, ਪਹਿਲੇ ਪੰਨੇ)।

3 ਸੰਵਾਦ ਪਹਿਚਾਣੋ: ਚਾਰ ਜਾਂ ਪੰਜ ਪੰਨੇ ਪੜ੍ਹ ਕੇ ਫੈਸਲਾ ਕਰੋ ਕਿ ਕੀ ਇਹ ਲਿਖਤ ਤੁਹਾਡੇ ਨਾਲ ਸੰਵਾਦ ਕਰ ਰਹੀ ਹੈ ਜਾਂ ਨਹੀਂ।

ਇਸ ਪ੍ਰਸ਼ਨ ਨੂੰ ਜੇ ਹੋਰ ਡੂੰਘਾਈ ਨਾਲ ਵੇਖੀਏ ਤਾਂ ਇਹ ਸਿਰਫ ਚੋਣ ਦਾ ਨਹੀਂ, ਸਗੋਂ ਮਨੁੱਖੀ ਮਨ ਦੀ ਬਣਤਰ ਦਾ ਸਵਾਲ ਹੈ। ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਉਹੀ ਚੀਜ਼ ਵਧੀਆ ਮੰਨਦਾ ਹੈ ਜੋ ਉਸਦੀ ਅੰਦਰੂਨੀ ਅਵਸਥਾ ਨਾਲ ਮੇਲ ਖਾਂਦੀ ਹੋਵੇ। ਇਸ ਲਈ ਇੱਕ ਹੀ ਕਿਤਾਬ ਕਿਸੇ ਇੱਕ ਮਨੁੱਖ ਲਈ ਜੀਵਨ-ਬਦਲਣ ਵਾਲੀ ਹੋ ਸਕਦੀ ਹੈ, ਜਦਕਿ ਦੂਜੇ ਲਈ ਉਹ ਸਧਾਰਨ ਰਹਿ ਜਾਂਦੀ ਹੈ।

ਇਸ ਕਰਕੇ ਵਧੀਆ ਕਿਤਾਬ ਇੱਕ ਅਸਥਿਰ ਧਾਰਨਾ ਨਹੀਂ, ਸਗੋਂ ਇੱਕ ਜੀਵੰਤ ਅਨੁਭਵ ਹੈ ਜੋ ਪਾਠਕ ਦੇ ਮਨ ਨਾਲ ਬਦਲਦਾ ਰਹਿੰਦਾ ਹੈ। ਦਰਸ਼ਨ ਦੇ ਪੱਧਰ 'ਤੇ ਵੇਖੀਏ ਤਾਂ ਪੜ੍ਹਨਾ ਇੱਕ ਅਜਿਹਾ ਸੰਵਾਦ ਹੈ ਜਿੱਥੇ ਪਾਠਕ ਅਤੇ ਲੇਖਕ ਦੋ ਵੱਖ-ਵੱਖ ਸਮਿਆਂ ਅਤੇ ਸਥਾਨਾਂ ਤੋਂ ਮਿਲਦੇ ਹਨ। ਜਦੋਂ ਲੇਖਕ ਦਾ ਅਨੁਭਵ ਅਤੇ ਪਾਠਕ ਦੀ ਜਿਗਿਆਸਾ ਮਿਲਦੇ ਹਨ, ਉਦੋਂ ਹੀ ਗਿਆਨ ਜਨਮ ਲੈਂਦਾ ਹੈ।

ਵਿਗਿਆਨਕ ਕੋਣ ਤੋਂ ਕੌਗਨਿਟਿਵ ਸਾਇੰਸ ਦੱਸਦੀ ਹੈ ਕਿ ਪੜ੍ਹਨ ਦੀ ਪ੍ਰਕਿਰਿਆ ਸਾਡੇ ਦਿਮਾਗ ਦੇ ਕਈ ਹਿੱਸਿਆਂ ਨੂੰ ਇਕੱਠੇ ਸਰਗਰਮ ਕਰਦੀ ਹੈ।

**(ਬਾਕੀ ਸਫ਼ਾ 27 'ਤੇ)**



# ਪੰਜਾਬ ਦੀ ਜਵਾਨੀ ਤੇ ਪੌਣ-ਪਾਣੀ ਨੂੰ ਬਚਾਉਣ ਦੀ ਲੋੜ




ਜਗਮੋਹਨ ਸਿੰਘ 'ਲੱਕੀ'
9463819174

**ਇਸ ਸਮੇਂ ਅਮਰੀਕਾ, ਇਜ਼ਰਾਇਲ ਅਤੇ ਇਰਾਨ ਵਿਚਾਲੇ ਜੰਗ ਚੱਲਦੀ ਹੋਣ ਕਾਰਨ ਪੰਜਾਬ 'ਤੇ ਵੀ ਇਸ ਦਾ ਅਸਰ ਹੋ ਰਿਹਾ ਹੈ। ਪੂਰੇ ਦੇਸ਼ ਵਾਂਗ ਪੰਜਾਬ ਵਿੱਚ ਵੀ ਰਸੋਈ ਗੈਸ, ਪਾਵਰ ਪੈਟਰੋਲ ਅਤੇ ਉਦਯੋਗਿਕ ਡੀਜ਼ਲ ਮਹਿੰਗੇ ਹੋ ਗਏ ਹਨ। ਇਸ ਦੇ ਬਾਵਜੂਦ ਪੰਜਾਬੀ ਆਪਣੀ ਮੜਕ ਨਾਲ ਤੁਰ ਰਹੇ ਹਨ। ਪਿਛਲੇ ਦਿਨੀਂ ਬਰਸਾਤ ਪੈਣ ਕਾਰਨ ਕਿਸਾਨਾਂ ਦੀ ਕਣਕ ਤੇ ਸਰ੍ਹੋਂ ਦੀ ਫਸਲ ਨੂੰ ਕਾਫੀ ਨੁਕਸਾਨ ਹੋਇਆ ਪਰ ਪੰਜਾਬੀਆਂ ਨੂੰ ਫਿਰ ਵੀ ਕਣਕ ਅਤੇ ਸਰ੍ਹੋਂ ਦੀ ਭਰਪੂਰ ਫਸਲ ਹੋਣ ਦੀ ਆਸ ਹੈ। ਪੰਜਾਬੀਆਂ ਦੇ ਹੌਸਲੇ ਇਸ ਸਮੇਂ ਪੂਰੀ ਤਰ੍ਹਾਂ ਬੁਲੰਦ ਹਨ।**



ਸਾਡਾ ਹੱਸਦਾ-ਵਸਦਾ ਪੰਜਾਬ ਭਾਵੇਂ ਅਨੇਕਾਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ ਪਰ ਪੰਜਾਬ ਦੇ ਬਹਾਦਰ ਲੋਕ ਇਹਨਾਂ ਸਮੱਸਿਆਵਾਂ ਦਾ ਪੂਰੀ ਬਹਾਦਰੀ ਨਾਲ ਮੁਕਾਬਲਾ ਕਰ ਰਹੇ ਹਨ। ਪੰਜਾਬ ਵਿੱਚ ਪਿਛਲੇ ਕਈ ਦਿਨਾਂ ਦੌਰਾਨ ਲਗਾਤਾਰ ਬਰਸਾਤ ਹੁੰਦੀ ਰਹੀ, ਜਿਸ ਕਾਰਨ ਪੰਜਾਬੀਆਂ ਨੂੰ ਅਨੇਕਾਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਇਸ ਦੇ ਬਾਵਜੂਦ ਪੰਜਾਬੀਆਂ ਦੀ ਜ਼ਿੰਦਗੀ ਦੀ ਚਾਲ ਮੱਠੀ ਨਹੀਂ ਸੀ ਪਈ। ਕੁਝ ਮਾਹਿਰ ਦਾਅਵਾ ਕਰ ਰਹੇ ਹਨ ਕਿ ਗਲੋਬਲ ਵਾਰਮਿੰਗ ਅਤੇ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਜਾਂਦੀ ਛੇੜ ਛਾੜ ਕਾਰਨ ਕੁਦਰਤ ਆਪਣਾ ਕਹਿਰ ਦਿਖਾ ਰਹੀ ਹੈ। ਇਸੇ ਕਾਰਨ ਮਾਰਚ ਮਹੀਨੇ ਦੌਰਾਨ ਠੰਡ ਦਾ ਮਾਹੌਲ ਬਣਿਆ ਰਿਹਾ ਅਤੇ ਲੋਕਾਂ ਨੂੰ ਕੋਟੀਆਂ ਸਵੈਟਰ ਮੁੜ ਪਾਉਣੇ ਪੈ ਗਏ। ਇਸ ਸਮੇਂ ਪੰਜਾਬ ਦੇ ਖੇਤਾਂ ਵਿੱਚ ਕਣਕ ਅਤੇ ਸਰ੍ਹੋਂ ਦੀ ਫ਼ਸਲ ਪੱਕ ਰਹੀ ਹੈ, ਜਿਸ ਕਾਰਨ ਕਿਸਾਨ ਖੇਤੀ ਰੁਝੇਵਿਆਂ ਵਿੱਚ ਰੁਝੇ ਹੋਏ ਹਨ। ਪੰਜਾਬ ਦੇ ਵੱਖ-ਵੱਖ ਵਰਗਾਂ ਨਾਲ ਸਬੰਧਿਤ ਲੋਕ ਆਪੋ ਆਪਣੇ ਕੰਮਾਂ ਕਾਰਾਂ 'ਚ ਮਸਤ ਹਨ ਅਤੇ ਮਹਿੰਗਾਈ ਸਮੇਤ ਹਰ ਔਕੜ ਦਾ ਡਟ ਕੇ ਸਾਹਮਣਾ ਕਰ ਰਹੇ ਹਨ।

ਪੰਜਾਬੀਆਂ ਦੇ ਮੁੱਖ ਮੁੱਦੇ ਅਤੇ ਵੱਡੇ ਮਸਲੇ ਅਕਸਰ ਸਿਆਸੀ ਪਾਰਟੀਆਂ ਅਤੇ ਆਗੂਆਂ ਦੇ ਚੋਣ ਜੁਮਲਿਆਂ ਵਿੱਚ ਰੁਲ ਜਾਂਦੇ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਿਆਸੀ ਪਾਰਟੀਆਂ ਨੂੰ ਪੰਜਾਬੀਆਂ ਦੇ ਇਹ ਮਸਲੇ ਸਿਰਫ਼ ਚੋਣਾਂ ਸਮੇਂ ਯਾਦ ਆਉਂਦੇ ਹਨ, ਬਾਅਦ ਵਿੱਚ ਸਿਆਸੀ ਪਾਰਟੀਆਂ ਇਹਨਾਂ ਮਸਲਿਆਂ ਨੂੰ ਹੱਲ ਕਰਨ ਦੀ ਥਾਂ ਭੁੱਲ ਭੁਲਾ ਜਾਂਦੀਆਂ ਹਨ, ਇਸ ਗੱਲ ਨੂੰ ਹੁਣ ਪੰਜਾਬੀ ਵੀ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਨ।

ਵਿਦਵਾਨ ਜਾਰਜ ਬਰਨਾਰਡ ਸ਼ਾਹ ਦਾ ਕਹਿਣਾ ਸੀ ਕਿ ਲੋਕਤੰਤਰ ਵਿੱਚ ਲੋਕਾਂ ਲਈ ਸ਼ਾਸਨ ਤਾਂ ਹੁੰਦਾ ਹੈ ਪਰ ਇਹ ਲੋਕਾਂ ਵੱਲੋਂ ਨਹੀਂ ਹੁੰਦਾ। ਉਹਨਾਂ ਦਾ ਕਹਿਣਾ ਸੀ ਕਿ ਸ਼ਾਸਨ ਹਮੇਸ਼ਾ ਸ਼ਕਤੀਸ਼ਾਲੀ ਧਿਰ ਵਲੋਂ ਕੀਤਾ ਜਾਂਦਾ ਹੈ, ਜਿਸ ਵਲੋਂ ਸਿਰਫ਼ ਆਪਣੀ ਅਤੇ ਆਪਣੇ ਚਹੇਤਿਆਂ ਦੀ ਭਲਾਈ ਲਈ ਯਤਨ ਕੀਤੇ ਜਾਂਦੇ ਹਨ। ਇਸ ਵਿਦਵਾਨ ਦੇ ਇਹ ਵਿਚਾਰ ਪੰਜਾਬ ਦੀ ਅੱਜ ਦੀ ਸਿਆਸੀ ਸਥਿਤੀ 'ਤੇ ਵੀ ਢੁਕਵੇਂ ਲੱਗਦੇ ਹਨ। ਪੰਜਾਬ ਵਿੱਚ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਹੋਵੇ ਤਾਂ ਆਮ ਲੋਕਾਂ ਨੂੰ ਬਹੁਤਾ ਫਰਕ ਨਹੀਂ ਪੈਂਦਾ ਜਿਸ ਕਰਕੇ ਆਮ ਲੋਕਾਂ ਦੇ ਮਸਲੇ ਪਹਿਲਾਂ ਵਾਂਗ ਲਮਕਦੇ ਰਹਿੰਦੇ ਹਨ ਅਤੇ ਆਮ ਲੋਕਾਂ ਦੇ ਆਮ ਮੁੱਦੇ ਸਿਆਸੀ ਪਾਰਟੀਆਂ ਦੇ ਆਪਸੀ ਯੁੱਧ ਵਿੱਚ ਬਿਲਕੁਲ ਦੱਬ ਜਾਂਦੇ ਹਨ।





ਪੰਜਾਬ ਵਿੱਚ ਵੱਖ- ਵੱਖ ਤਰ੍ਹਾਂ ਦੀਆਂ ਚੋਣਾਂ ਸਮੇਂ ਅਤੇ ਚੋਣਾਂ ਤੋਂ ਬਗੈਰ ਵੀ ਅਕਸਰ ਸੱਤਾਧਾਰੀ ਅਤੇ ਵਿਰੋਧੀ ਸਿਆਸੀ ਪਾਰਟੀਆਂ ਵਿਚਾਲੇ ਸਿਆਸੀ ਯੁੱਧ ਲਗਾਤਾਰ ਚਲਦਾ ਰਹਿੰਦਾ ਹੈ। ਜਿਥੇ ਹਰ ਸੱਤਾਧਾਰੀ ਸਿਆਸੀ ਪਾਰਟੀ ਵੱਲੋਂ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਪੂਰਾ ਯਤਨ ਕੀਤਾ ਜਾਂਦਾ ਹੈ, ਉਥੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਸਰਕਾਰ ਦੇ ਹਰ ਕਦਮ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੱਤਾਧਾਰੀ ਸਿਆਸੀ ਪਾਰਟੀ ਅਤੇ ਵਿਰੋਧੀ ਸਿਆਸੀ ਪਾਰਟੀਆਂ ਵਿਚਾਲੇ ਲਗਾਤਾਰ ਸਿਆਸੀ ਯੁੱਧ ਚਲਦਾ ਹੈ, ਜੋ ਕਿ ਅਸਲ ਵਿੱਚ ਕੁਰਸੀ ਦੀ ਲੜਾਈ ਹੁੰਦੀ ਹੈ। ਸਿਆਸੀ ਪਾਰਟੀਆਂ ਦੇ ਇਸ ਸਿਆਸੀ ਯੁੱਧ ਵਿੱਚ ਆਮ ਲੋਕਾਂ ਦੇ ਮੁੱਦੇ ਦੱਬ ਕੇ ਰਹਿ ਜਾਂਦੇ ਹਨ। ਵੱਖ- ਵੱਖ ਟੀ ਵੀ ਚੈਨਲਾਂ 'ਤੇ ਵੱਖ- ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵਿਚਾਲੇ ਹੁੰਦੀ ਬਹਿਸ ਵਿੱਚ ਵੀ ਇੱਕ ਦੂਜੇ 'ਤੇ ਦੂਸ਼ਣਬਾਜੀ ਭਾਰੂ ਰਹਿੰਦੀ ਹੈ ਅਤੇ ਇਹਨਾਂ ਬਹਿਸਾਂ ਵਿੱਚ ਆਮ ਲੋਕਾਂ ਦੇ ਮੁੱਦਿਆਂ ਦੀ ਗੱਲ ਬਹੁਤ ਘੱਟ ਹੁੰਦੀ ਹੈ। ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਸਿਆਸੀ ਪਾਰਟੀਆਂ ਲਈ ਆਮ ਲੋਕਾਂ ਦੇ ਮੁੱਦੇ ਕੋਈ ਅਹਿਮੀਅਤ ਨਾ ਰਖਦੇ ਹੋਣ।

ਪੰਜਾਬ ਵਿੱਚ ਹੁਣ ਤੱਕ ਅਨੇਕਾਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਤੇ ਗਈਆਂ ਪਰ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਸਮੇਤ ਕਿਸੇ ਵੀ ਸਰਕਾਰ ਨੇ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਨ ਲਈ ਯੋਗ ਉਪਰਾਲੇ ਨਹੀਂ ਕੀਤੇ, ਜਿਸ ਕਰਕੇ ਇਹ ਮਸਲੇ ਦਿਨੋਂ ਦਿਨ ਉਲਝਦੇ ਜਾ ਰਹੇ ਹਨ। ਭਾਵੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਦੀਆਂ ਅਨੇਕਾਂ ਸਮੱਸਿਆਵਾਂ ਉਹਨਾਂ ਦੀ ਸਰਕਾਰ ਵੱਲੋਂ ਹੱਲ ਕਰਨ ਦਾ ਦਾਅਵਾ ਕਰਦੇ ਹਨ ਪਰ ਜੋ ਅਸਲੀਅਤ ਹੈ ਉਹ ਤਾਂ ਸਭ ਦੇ ਸਾਹਮਣੇ ਹੈ।

ਇਸ ਸਮੇਂ ਧਰਤੀ ਹੇਠਲੇ ਪਾਣੀ ਦੀ ਘਾਟ, ਦਰਿਆਈ ਪਾਣੀਆਂ ਦਾ ਰੇੜਕਾ, ਬੇਰੁਜ਼ਗਾਰੀ, ਨਸ਼ਾ, ਪ੍ਰਦੂਸ਼ਣ, ਖ਼ੂਨ ਪੀਣੀਆਂ ਸੜਕਾਂ, ਪਰਵਾਸ ਦਾ ਸੱਤਵਾਂ ਦਰਿਆ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਮੁੱਖ ਮਸਲੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਹੋਰ ਵੀ ਅਨੇਕਾਂ ਸਮੱਸਿਆਵਾਂ ਹਨ, ਜਿਨ੍ਹਾਂ ਦਾ ਪੰਜਾਬੀ ਸਾਹਮਣਾ ਕਰ ਰਹੇ ਹਨ। ਸਿਆਸੀ ਪਾਰਟੀਆਂ ਸਿਰਫ਼ ਚੋਣਾਂ ਮੌਕੇ ਹੀ ਪੰਜਾਬ ਦੇ ਮਸਲਿਆਂ ਤੇ ਸਮੱਸਿਆਵਾਂ ਦਾ ਜ਼ਿਕਰ ਕਰਦੀਆਂ ਹਨ, ਬਾਕੀ ਸਮੇਂ ਇਹ ਮਸਲੇ ਠੰਡੇ ਬਸਤੇ ਵਿੱਚ ਪਏ ਰਹਿੰਦੇ ਹਨ। ਇਸੇ ਕਾਰਨ ਇਹਨਾਂ ਮਸਲਿਆਂ ਦਾ ਅਜੇ ਤੱਕ ਕੋਈ ਹੱਲ ਨਹੀਂ ਨਿਕਲਿਆ। ਪੰਜਾਬ ਨੇ ਪੁਰਾਤਨ ਸਮੇਂ ਵੀ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਡਟ ਕੇ ਕੀਤਾ ਸੀ ਤੇ ਕਿਸੇ ਦੀ ਈਨ ਨਹੀਂ ਸੀ ਮੰਨੀ ਤੇ ਹੁਣ ਵੀ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਪੰਜਾਬ ਡਟ ਕੇ ਕਰ ਰਿਹਾ ਹੈ। ਪੰਜਾਬ ਦੀ ਜਵਾਨੀ ਅਤੇ ਪੌਣ-ਪਾਣੀਆਂ ਨੂੰ ਬਚਾਉਣ ਲਈ ਪੰਜਾਬੀਆਂ ਨੂੰ ਖੁਦ ਸੁਚੇਤ ਹੋਣ ਦੀ ਲੋੜ ਹੈ।







TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's Roady's

**FUEL CARDS**
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE
ROAD SQUAD connect

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

# ਕੈਨੇਡਾ ਦੇ ਪਹਿਲੇ ਗ੍ਰੰਥੀ ਸਿੰਘ ਸਾਹਿਬ : ਸ਼ਹੀਦ ਭਾਈ ਬਲਵੰਤ ਸਿੰਘ ਖ਼ੁਰਦਪੁਰ



ਡਾ. ਗੁਰਵਿੰਦਰ ਸਿੰਘ

ਨਸਲਵਾਦ ਅਤੇ ਬਸਤੀਵਾਦ ਦੇ ਖ਼ਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੇ ਸ਼ਾਨਾਮੱਤੇ ਇਤਿਹਾਸ ਵਿੱਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖ਼ੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿੱਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀਆਂ ਕੁਰਬਾਨੀਆਂ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਜਾਲਮਾਂ ਮੂਹਰੇ ਗੋਡੇ ਟੇਕੇ।

ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ-ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀਆਂ ਸਰਕਾਰਾਂ ਦੀ ਤਾਂ ਗੱਲ ਹੀ ਛੱਡੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਵੀ ਸ਼ਹੀਦ ਭਾਈ ਬਲਵੰਤ ਸਿੰਘ ਖ਼ੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਾਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖ਼ੁਰਦਪੁਰ ਨੂੰ ਚੇਤੇ ਕਰਨਾ ਤਾਂ ਉਂਝ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਤਾਂ ਜੇਲ੍ਹਾਂ 'ਚ ਸਿੱਖਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦਾ ਵਿਅੰਗ ਕਸ ਰਹੀ ਹੈ, ਪਰ ਸੱਚ ਤਾਂ ਇਹ ਹੈ ਕਿ ਸਿੱਖ ਯੋਧੇ ਤਾਂ ਸ਼ੁਰੂ ਤੋਂ ਹੀ ਜੇਲ੍ਹਾਂ ਅੰਦਰ ਗੁਰਬਾਣੀ ਪਾਠ ਕਰਕੇ ਚੜ੍ਹਦੀ ਕਲਾ ਦਾ ਬਲ ਲੈ ਰਹੇ ਸਨ, ਦੂਜੇ ਪਾਸੇ ਸਾਵਰਕਰ ਵਰਗੇ ਜੇਲ੍ਹਾਂ 'ਚੋਂ ਬਾਹਰ ਆਉਣ ਲਈ ਅੰਗਰੇਜ਼ਾਂ ਤੋਂ ਮਾਫੀਆਂ ਮੰਗ ਰਹੇ ਸਨ। ਭਾਈ ਸਾਹਿਬ ਦੀ ਸ਼ਹਾਦਤ ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਨ ਕਹੀ ਜਾ ਸਕਦੀ ਹੈ।

ਪੰਜਾਬ ਦੇ ਪਿੰਡ ਖ਼ੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਨੂੰ ਭਾਈ ਬੁੱਧ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਹੋਇਆ; ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ। ਧਾਰਮਿਕ ਸਖਸ਼ੀਅਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ, ਖ਼ਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾ; ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ, ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖ਼ੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇੰਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।

ਦੂਜਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦ ਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂ ਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਤੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ। ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ, ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ, 'ਕੈਨੇਡਾ ਦੀ ਧਰਤੀ 'ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਸਾਂਝੇ ਪੰਜਾਬ ਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁਕ-ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ, ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।




ਸਿੰਘ ਸਾਹਿਬ ਸ਼ਹੀਦ ਬਲਵੰਤ ਸਿੰਘ ਖ਼ੁਰਦਪੁਰ ਦੀ ਯਾਦਗਾਰੀ ਤਸਵੀਰ। ਨਾਲ ਹਨ ; ਸੁਪਤਨੀ ਬੀਬੀ ਕਰਤਾਰ ਕੌਰ, ਸਪੁੱਤਰੀਆਂ ਊਧਮ ਕੌਰ, ਨਿਰੰਜਣ ਕੌਰ ਅਤੇ ਕੈਨੇਡਾ ਦਾ ਜੰਮਪਲ ਪਹਿਲਾ ਸਿੱਖ ਬੱਚਾ ਭਾਈ ਹਰਦਿਆਲ ਸਿੰਘ

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈ; ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖ਼ੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ ਇੰਡੀਆ ਐਜ਼ ਆਈ ਨਿਊ ਦੇ ਪੰਨਾ 191 'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ ਤੀਸਰੇ ਬੰਦੇ (ਭਾਈ ਬਲਵੰਤ ਸਿੰਘ ਖ਼ੁਰਦਪੁਰ) ਦੇ ਤਰੀਕੇ ਖ਼ਤਰਨਾਕ ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ ਇਸ ਮੈਂਬਰ ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ, ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖ਼ੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ 'ਚੰਦ ਨਵਾਂ' ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ। ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਝੁੱਟੀ ਜਿਆਣ ਗ਼ੱਦਾਰ ਨੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ। ਇਨ੍ਹਾਂ ਦੇ ਆਧਾਰ 'ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ, ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ-ਏ-ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ।

ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੇ ਇਹ ਸ਼ਬਦ ਜ਼ਿਕਰਯੋਗ ਹਨ : 'ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।' 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖ਼ੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ



ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ 'ਜ਼ਫ਼ਰਨਾਮਾ' ਵਿੱਚੋਂ ਇਹ ਸ਼ਬਦ ਅੰਕਿਤ ਸਨ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥" ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਸਮਝਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ, ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ ;

"ਜਦ ਧਿਰ ਉਪਾਵਾਂ ਦੀ ਹਾਰਦੀ ਹੈ,
ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"

ਸ਼ਹੀਦ ਸਿੰਘ ਸਾਹਿਬ ਬਲਵੰਤ ਸਿੰਘ ਖ਼ੁਰਦਪੁਰ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, 11 ਜਨਵਰੀ 2020 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ਗਦਰ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਦੇ ਸਹਿਯੋਗ ਨਾਲ, ਮਰਹੂਮ ਚਿਤਰਕਾਰ ਜਰਨੈਲ ਸਿੰਘ ਵੱਲੋਂ ਤਿਆਰ ਕੀਤੀਆਂ ਕੈਨੇਡਾ ਦੇ ਮੋਢੀ ਸਿੱਖਾਂ ਅਤੇ ਗਦਰੀ ਯੋਧਿਆਂ ਦੀਆਂ ਪੇਂਟਿੰਗਾਂ ਵਿੱਚ ਸ਼ਾਮਿਲ ਕਰਕੇ, ਸੁਸ਼ੋਭਤ ਕੀਤੀ ਗਈ।

**-ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ, ਐਬਸਫੋਰਡ ਬੀਸੀ ਕੈਨੇਡਾ**





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸੂਫ਼ੀ ਸੁਲਤਾਨ ਬਾਹੂ

ਵਿਦੇਸ਼ੀ ਹਮਲਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿੱਚ ਸੂਫ਼ੀਆਂ ਦੀ ਆਮਦ ਭਾਰਤ ਵਿੱਚ 1192 ਦੀ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਅੰਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲੱਭਣ ਲਈ ਭਗਤੀ ਲਹਿਰ ਉੱਠੀ। ਇਸ ਲਹਿਰ ਦਾ ਆਰੰਭ ਮੱਧ ਕਾਲੀਨ ਸਤਵੀਂ ਸਦੀ ਵਿੱਚ ਦੱਖਣ ਭਾਰਤ ਵਿੱਚ ਹੋਇਆ। ਅੱਗੇ ਉੱਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫ਼ੈਲ ਗਈ। ਇਹ ਲਹਿਰ ਸਮੇਂ ਦੇ ਪ੍ਰਚਲਿਤ ਝੂਠੇ ਕਰਮਕਾਂਡਾਂ, ਵਹਿਮਾਂ, ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੋਧ ਵਿੱਚ ਖੜੀ ਹੋਈ। ਭਗਤਾਂ, ਨਾਥਾਂ, ਜੋਗੀਆਂ ਅਤੇ ਸੂਫ਼ੀਆਂ ਦੀ ਤਰਜ਼ ’ਤੇ ਸਨਾਤਨੀ ਬੋਲੀ ਦੀ ਥਾਂ ਲੋਕ ਭਾਸ਼ਾ ਸੰਤ ਭਾਸ਼ਾ ਰਾਹੀਂ ਰਾਗਾਂ ਵਿੱਚ ਗਾ ਕੇ ਪ੍ਰਚਾਰ ਕੀਤਾ। ਦੂਰ ਦੂਰ ਜਾ ਕੇ ਪ੍ਰਚਾਰ ਕਰਨ ਨਾਲ ਪ੍ਰਚਾਰਕਾਂ ਦੀ ਹਰਮਨਪਿਆਰਤਾ ਵੱਧਦੀ ਗਈ। ਸੂਫ਼ੀ ਘੱਟ ਗਿਣਤੀ ਵਿੱਚ ਸਨ ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾਂ ਵਿੱਚ ਨਹੀਂ ਬੱਝੇ ਸਨ। ਉਹਨਾਂ ਨੇ ਮਨੁੱਖਤਾ ਵਿੱਚ ਪਿਆਰ ਦੀ ਗੱਲ ਤੋਰੀ। ਸਾਂਝੇ ਸੱਭਿਆਚਾਰ ਨੂੰ ਅਪਨਾਇਆ ਅਤੇ ਛੇਤੀ ਹੀ ਸਥਾਪਤ ਹੋ ਗਏ। ਉਹਨਾਂ ਦੀ ਜਿੰਦਾਦਿਲੀ ਤੋਂ ਪ੍ਰਭਾਵਿਤ ਹੋ ਕੇ ਲੋਕ ਉਹਨਾਂ ਦੀਆਂ ਖਾਨਗਾਹਾਂ ਵੱਲ ਖਿੱਚੇ ਗਏ। ਹੇਠਲੇ ਵਰਗ ਨਾਲ ਨੇੜਤਾ ਵੱਧਣ ਲੱਗੀ।

ਬਾਬਾ ਫ਼ਰੀਦ ਜੀ ਪਹਿਲੇ ਪੜਾ ਦੇ ਸੂਫ਼ੀ ਕਵੀ ਸਨ। ਬਾਹੂ ਗੁਰੂ ਨਾਨਕ ਕਾਲ ਦਾ ਸੂਫ਼ੀ ਕਵੀ ਮੰਨਿਆ ਜਾਂਦਾ ਹੈ। ਬਾਹੂ ਸਰਵਰੀ ਕਾਦਰੀ ਸੂਫ਼ੀ ਸੰਪਰਦਾ ਦਾ ਮੋਢੀ ਮੁਸਲਮਾਨ ਸੂਫ਼ੀ ਸੰਤ ਸੀ। ਪੰਜਾਬੀ ਸਾਹਿਤ ਵਿੱਚ ਕਾਦਰੀ ਸੰਪਰਦਾ ਦੇ ਸੂਫ਼ੀ ਕਵੀ ਸ਼ਾਹ ਹੁਸੈਨ ਤੋਂ ਬਾਅਦ ਦੂਸਰਾ ਮਹਾਨ ਕਵੀ ਹੈ। ਉਹ ਸਰਵਉੱਚ ਸੂਫ਼ੀਆਂ ਵਿੱਚ ਦਰਵੇਸ਼ ਗਿਣਿਆ ਜਾਂਦਾ ਹੈ। ਸੂਫ਼ੀ ਕਾਵਿ ਧਾਰਾ ਅਧਿਆਤਮਕ ਸਾਹਿਤ ਦੀ ਮਹੱਤਵਪੂਰਨ ਧਾਰਾ ਹੈ, ਜਿਸ ਵਿੱਚ ਬਾਹੂ ਦਾ ਵੱਡਾ ਨਾਉਂ ਹੈ।

ਬਾਹੂ ਦਾ ਜਨਮ ਪਿੰਡ ਅਵਾਣ ਝੰਗ ਵਿੱਚ ਪਿਤਾ ਜਿੰਮੀਦਾਰ ਬਾਜ਼ੀਦ ਮੁਹੰਮਦ ਅਤੇ ਮਾਤਾ ਬੀਬੀ ਰਾਸਤੀ ਕਦਮ ਸਰਾ ਦੇ ਘਰ 1628 ਵਿੱਚ ਹੋਇਆ। ਉਹਨਾਂ ਦੇ ਵਡੇਰੇ ਕਰਬਲਾਂ ਦੀ ਜੰਗ ਤੋਂ ਬਾਅਦ ਪਹਿਲਾਂ ਜੇਹਲਮ ਦਰਿਆ ਦੇ ਕੰਢੇ ਪਿੰਡ ਦਾਦਨਖਾ ਵਿੱਚ ਆਬਾਦ ਹੋਏ। ਉਸ ਦੇ ਪਿਤਾ ਨੂੰ ਮੁਗਲ ਸਮਰਾਟ ਸ਼ਾਹ ਜਹਾਂ ਵੱਲੋਂ ਝਨਾਂ ਦੇ ਕੰਢੇ ਕਹਿਰਗਾਨ ਵਿੱਚ ਜਗੀਰ ਮਿਲੀ ਸੀ। ਬਾਹੂ ਬਚਪਨ ਵਿੱਚ ਹੀ ਰੱਬੀ ਨੂਰ ਸੀ। ਮੁੱਢਲੀ ਸਿੱਖਿਆ ਉਸ ਨੇ ਆਪਣੀ ਅਧਿਆਤਮਕ ਮਾਤਾ ਕੋਲੋਂ ਪ੍ਰਾਪਤ ਕੀਤੀ।

ਉੱਚ ਸਿੱਖਿਆ ਲਈ ਜਦੋਂ ਉਹ ਨਿਕਲਿਆ ਤਾਂ ਮੁਲਤਾਨ ਜਾ ਕੇ ਹਜਰਤ ਬਹਾਊ ਅਲ ਹਕ ਮੁਲਤਾਨੀ ਦੇ ਮੰਜਾਰ ’ਤੇ ਚਿਲਿਆ ਕਮਾਇਆ। ਫ਼ਿਰ ਹਬੀਬ ਉਲ ਕਾਦਰੀ ਨੂੰ ਆਪਣਾ ਪੀਰ ਧਾਰਿਆ। ਅਖੀਰ ਉਹ ਦਿੱਲੀ ਜਾ ਕੇ ਉਹ ਸੱਯਦ ਅਬਦੁਲ ਰਹਿਮਾਨ ਦਾ ਮੁਰੀਦ ਬਣ ਗਿਆ ਅਤੇ ਉਚ ਕੋਟੀ ਦੀ ਅਧਿਆਤਮਕ ਵਿਦਿਆ ਪ੍ਰਾਪਤ ਕੀਤੀ। ਉਸ ਦੀਆਂ ਅਰਬੀ ਤੇ ਫ਼ਾਰਸੀ ਵਿੱਚ 140 ਰਚਨਾਵਾਂ ਹਨ, ਜੋ ਸੂਫ਼ੀ ਸਿਧਾਂਤ ’ਤੇ ਹਨ। ਉਸ ਦੀਆਂ ਫ਼ਾਰਸੀ ਵਿੱਚ 50 ਗ਼ਜ਼ਲਾਂ ‘ਦੀਵਾਨੇ ਬਾਹੂ’ ਦਾ ਪੰਜਾਬੀ ਅਨੁਵਾਦ ਮੌਲਵੀ ਮੁਹੰਮਦ ਅਲਾਦੀਨ ਕਾਦਰੀ ਸਰਵਰ ਨੇ ਕੀਤਾ। ਪੰਜਾਬੀ ਵਿੱਚ ਉਸ ਦੀਆਂ ਕਾਫ਼ੀਆਂ ਤੇ ਸੀਹਰਫ਼ੀਆਂ ਬਹੁਤ ਪ੍ਰਸਿੱਧ ਹਨ। ਸੀਹਰਫ਼ੀ ਫ਼ਾਰਸੀ ਦਾ ਸ਼ਬਦ ਭਾਵ ‘ਤੀਹ ਅੱਖਰੀ’ ਬਾਹੂ ਸੀਹਰਫ਼ੀ ਕਾਵਿ ਦਾ ਮੋਢੀ ਸੂਫ਼ੀ ਕਵੀ ਹੈ। ਬਾਹੂ ਰਚਨਾ ਦੀ ਤੁਕ ਤੋਂ ਬਾਅਦ ‘ਹੂ’ ਸੰਗੀਤਕ ਲੈਅ ਭਰਦਾ ਹੈ ਅਤੇ ਉਸ ਨੂੰ ਬਾਕੀ ਕਵੀਆਂ ਤੋਂ ਵੱਖਰਾ ਕਰਦਾ ਹੈ। ਬਾਹੂ ਦੀ ਕਾਵਿ ਰਚਨਾ ਦੀ ਸਾਦੀ ਭਾਸ਼ਾ ਵਿੱਚ ਸਾਦਗੀ ਅਤੇ ਮਿਠਾਸ ਦੇ ਵਿਚਾਰਾਂ ਦਾ ਸੁਮੇਲ ਹੈ। ਉਪਰੰਤ ਬੌਧਿਕ ਅੰਸ਼ ਹੈ। ਆਤਮ ਸ਼ੁੱਧੀ ਅਤੇ ਸ਼ੁਭ ਅਮਲਾਂ ਦੀ ਪ੍ਰੇਰਣਾ ਹੈ। ਉਸ ਦੇ ਕਲਾਮ ਨੂੰ ਕੱਵਾਲਾਂ ਨੇ ਗਾਇਆ ਵੀ ਹੈ। ਉਸ ਦੀ ਕਵਿਤਾ ਨੇ ਅਨੁੱਠੀ ਛਾਪ ਛੱਡੀ ਹੈ। ਆਪਣੀ ਰਚਨਾ ਵਿੱਚ ਇਸ਼ਕ ਹਕੀਕੀ ਪ੍ਰਭੂ ਪ੍ਰਾਪਤੀ ਲਈ ਉਹ ਵਿਖਾਵੇ ਅਤੇ ਕਰਮਕਾਂਡਾਂ ਦੀ ਵਿਅੰਗਮਈ ਨਿਖੇਧੀ ਕਰਦਾ ਹੈ। ਆਪਾ ਵਾਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਉਸ ਸਭ ਬੰਧਨਾਂ ਤੋਂ ਉਪਰ ਉਠ ਕੇ ਰੱਬ ਦੀ ਰਜ਼ਾ ਦਾ ਇੱਛੁਕ ਹੈ। ਉਸ ਦੀ ਰਚਨਾ ਵਿੱਚ ਰੱਬ ਬਾਰੇ ਜਾਨਣਾ ਅਤੇ ਮੁਹੱਬਤ ਰਾਹੀਂ ਉਸ ਦੀ ਪ੍ਰਾਪਤੀ ਕਰਨਾ ਹੈ

ਕਾਫ਼ ਕਰ ਮੁਹਬਤ ਕੁਝ ਹਾਸਲ ਹੋਵੇ, ਉਮਰ ਏ ਚਾਰ ਦਿਹਾੜੇ ਹੂ

ਰੱਬ ਦੀ ਪ੍ਰਾਪਤੀ ਦਾ ਢੰਗ ਦਸਦਾ ਹੈ

ਯੇ ਯਾਰ ਯਰਾਨਾ ਮਿਲਸੀ, ਤੈਂ ਜੋ ਸਿਰ ਦੀ ਬਾਜੀ ਲਾਈ ਹੂ
ਇਸ਼ਕ ਅੱਲ੍ਹਾ ਦੇ ਵਿੱਚ ਹੈ ਮਸਤਾਨਾ ਹੂ ਹੂ ਸਦਾ ਅੱਲ੍ਹਾ ਏ ਹੂ
ਨਾਲ ਸਤਵਰ ਇਲਮ ਅੱਲ੍ਹਾ ਦੇ ਦਮ ਨੂੰ ਕੈਦ ਲਗਾਏਂ ਹੂ
ਜਾਤੀ ਨਾਲ ਜੇ ਜਾਤੀ ਰਲਿਆ ਤਦ ਬਾਹੂ ਨਾਮ ਸਦਾਏਂ ਹੂ

ਇਬਾਬਤ ਵਿੱਚ ਜੋ ਕਲਮਾਂ ਪੜਿਆ ਜਾਂਦਾ ਹੈ। ਕਲਮਾਂ ਇਸਲਾਮ ਦਾ ਮੂਲ ਮੰਤਰ ਹੈ। ਉਸ ਵਿੱਚ ਬਾਹੂ ਦਾ ਵਿਸ਼ਵਾਸ਼ ਹੈ ਕਿ ਕਲਮ ਮਨੁੱਖ ਨੂੰ ਪਾਕਿ ਪਵਿੱਤਰ ਕਰਨ ਵਾਲਾ ਹੈ ਅਤੇ ਬਹਿਸ਼ਤ ਪਹੁੰਚਾਉਣ ਵਾਲਾ ਹੈ ਤੇ ਰੱਬ ਨਾਲ ਮਿਲਾਪ ਕਰਾਣ ਵਾਲਾ ਹੈ।

ਕਾਫ਼ ਕਲਮੇ ਨਾਲ ਮੈਂ ਨਾਤੀ ਧੋਤੀ ਕਲਮੇ ਨਾਲ ਵਿਆਹੀ ਹੂ,
ਕਲਮੇ ਮੇਰਾ ਪੜਿਆ ਜਨਾਜ਼ਾ ਕਲਮੇ ਗੌਰ ਸੋਹਾਈ ਹੂ,
ਕਲਮੇ ਨਾਲ ਬਹਿਸ਼ਤੀ ਜਾਣਾ ਕਲਮਾ ਕਰੇ ਸਫ਼ਾਈ ਹੂ,
ਮੁੜਨ ਮੁਹਾਲ ਤਿਨਾ ਨੂੰ ਬਾਹੂ ਜਿਨ ਸਾਹਿਬ ਆਪ ਬੁਲਾਈ ਹੂ॥

ਅੱਲ੍ਹਾ ਦੇ ਮਿਲਾਪ ਲਈ ਜ਼ਰੂਰੀ ਹੈ ਕਿ ਮਨੁੱਖ ਅੰਦਰ ਚਾਨਣ ਹੋਵੇ। ਅਗਿਆਨ ਦਾ ਅੰਧੇਰਾ ਦੂਰ ਹੋਵੇ।

ਜਿਥੇ ਹੂ ਕਰੇ ਰੋਸ਼ਨਾਈ ਉਥੋਂ ਤੋੜ ਅਨੇਰਾ ਵੈਦਾ ਹੂ

ਗਿਆਨ ਮਨੁੱਖ ਦੇ ਅੰਦਰ ਹੀ ਹੈ

ਅਲਫ਼ ਅੰਦਰ ਹੂ ਤੇ ਬਾਹਰ ਹੂ ਵਤ ਬਾਹਰ ਕਿਥੋਂ ਲੱਭਦਾ ਹੂ

ਜਿਵੇਂ ਅੱਲ੍ਹਾ ਦੇ ਪਿਆਰ ਦਾ ਬੂਟਾ ਵੱਧਦਾ ਹੈ ਤਿਵੇਂ ਆਤਮਿਕ ਅਵਸਥਾ ਬਦਲਦੀ ਹੈ। ਅੰਦਰ ਭਿੰਨੀ ਭਿੰਨੀ ਖੁਸ਼ਬੂ ਦੇ ਸੰਚਾਰ ਨਾਲ ਮਹਿਕ ਦਾ ਅੰਬਰ ਬਣ ਜਾਂਦਾ ਹੈ ਕਿ

ਅੰਦਰ ਬੂਟੀ ਮੁਸਕ ਮਚਾਇਆ ਜਾ ਫ਼ੁਲਣ ਪਰ ਆਈ ਹੂ,

ਜਿਸਦੇ ਅੰਦਰ ਇਲਾਹੀ ਮੁਹਬਤ ਜਾਗ ਪੈਂਦੀ ਹੈ ਉਸ ਦੇ ਅੰਦਰ ਬਿਰਹਾ ਦਾ ਭਾਂਬੜ ਮੱਚਦਾ ਹੈ। ਰਾਤ ਦਿਨ ਨੀਂਦ ਨਹੀਂ ਆਉਂਦੀ। ਆਸ਼ਕ ਨਿਮਾਣਾ ਨਿਤਾਣਾ ਬਣ ਜਾਂਦਾ ਹੈ। ਅਲਾ ਨੂੰ ਮਿਲਣ ਦਾ ਚਾਉ ਹਮੇਸ਼ਾ ਮੱਘਦਾ ਹੈ।

ਐਨ ਇਸ਼ਕ ਮਾਹੀ ਦੇ ਲਾਈਆਂ ਅੱਗੀ, ਉਹਨਾਂ ਲੱਗੀਆਂ ਕੌਣ ਬੁਜਾਵੇ ਹੂ,
ਮੈਂ ਕੀ ਜਾਣਾਂ ਜਾਤ ਇਕ ਦੀ ਕੇਹੀ, ਜੇੜਾਂ ਦਰ ਦਰ ਜਾ ਝੁਕਾਵੇ ਹੂ,
ਨਾ ਖੁਦ ਸੌਂਵੇ ਨਾ ਸੋਵਣ ਦੇਵੇ, ਹੱਥੋਂ ਸੁਣਿਆ ਆਪ ਜਗਾਵੇ ਹੂ,
ਮੈਂ ਕੁਰਬਾਨ ਤਿੰਨਾਂ ਦੇ ਬਾਹੂ ਜਿਹੜਾ ਵਿਛੜੇ ਯਾਰ ਮਿਲਾਵੇ ਹੂ।

ਸੂਫ਼ੀ ਮਾਰਚ ’ਤੇ ਚੱਲਦਿਆਂ ਮਾਰਗ ਬੜਾ ਬਿਖੜਾ ਹੈ

ਰਾਹ ਫ਼ਕਰ ਦਾ ਮੁਸ਼ਕਲ ਬਾਹੂ ਮਾਂ ਨਾ ਸੰਗ ਰਿੱਧਾ ਹੂ

ਸੂਫ਼ੀ ਰਾਹ ਤੇ ਚੱਲਣ ਲਈ ਪਹਿਲਾਂ ਮੌਤ ਕਬੂਲ ਕਰਨੀ ਪੈਂਦੀ ਹੈ

ਨਾਮ ਫ਼ਕੀਰ ਤਿੰਨਾ ਦਾ ਬਾਹੂ , ਕਬਰ ਜਿੰਨਾ ਦੀ ਜੀਵੇ ਹੂ

ਮੁਰਸ਼ਦ ਮੁਰੀਦ ਨੂੰ ਅੱਲ੍ਹਾ ਦੇ ਭੇਤ ਤੋਂ ਜਾਣੂ ਕਰਵਾ ਦਿੰਦਾ ਹੈ।

ਮੈਂ ਕੁਰਬਾਨ ਮੁਰਸ਼ਦ ਤੋਂ ਬਾਹੂ ਜਿਸ ਦਸਿਆ ਭੇਤ ਇਲਾਹੀ ਹੂ।

ਸੂਫ਼ੀ ਲਈ ਸਿਦਕ ਜ਼ਰੂਰੀ ਹੈ ਕਿ ਸਿੱਦਕ ਦ੍ਰਿੜਤਾ ਸਵੈ ਵਿਸ਼ਵਾਸ਼ ਅਤੇ ਭਰੋਸੇ ਨਾਲ ਅੱਗੇ ਵੱਧਣ ਦੇ ਗੁਣ ਪੈਦਾ ਕਰਦਾ ਹੈ।

ਸੇ ਸਾਬਤ ਸਿਦਕ ਤੇ ਕਦਮ ਅਗਾਹਾਂ ਤਾਂ ਹੀ ਰੱਬ ਲਭਿਓ ਏ ਹੂ,
ਲੂੰ ਲੂੰ ਦੇ ਵਿੱਚ ਜ਼ਿਕਰ ਅੱਲ੍ਹਾ ਦਾ ਹਰਦਮ ਪੜਿਓ ਏ ਹੂ।

ਇਨਸਾਨ ਨੂੰ ਨਰਮ ਦਿਲ ਹੋ ਕੇ ਲੋਕਾਂ ਦਾ ਦੁੱਖ ਸਮਝਣਾ ਚਾਹੀਦਾ ਹੈ। ਪੱਥਰ ਦਿਲ ਨਹੀਂ ਹੋਣਾ ਚਾਹੀਦਾ।

ਪੱਥਰ ਚਿੱਤ ਜਿਨਾ ਦਾ ਬਾਹੂ ਉਤੇ ਜਾਇਆ ਵੱਸਦਾ ਮੀਂਹ ਹੂ।

ਜੇ ਪਰਾਈ ਨਿੰਦਾ ਦਾ ਔਗੁਣ ਨਹੀਂ ਛੱਡਿਆ ਤਾਂ

ਰਾਤੀ ਜਾਗ ਤੇ ਕਰੇ ਇਬਾਦਤ ਦੇਂਹ ਨਿੰਦਿਆ ਕਰ ਪਰਾਈ ਹੂ।

ਇਨਸਾਨ ਨੂੰ ਅੰਦਰੋਂ ਪਾਕਿ ਪਵਿੱਤਰ ਹੋਣਾ ਚਾਹੀਦਾ ਹੈ। ਆਪਣੀ ਮੈਂ ਮਾਰਨੀ ਚਾਹੀਦੀ ਹੈ। ਬੰਦਾ ਕੋਝਾ ਹੋਵੇ ਉਹ ਬੁਰਾ ਨਹੀਂ, ਪਰ ਜੇ ਅੰਦਰੋਂ ਦਿਲ ਕਾਲਾ ਹੋਵੇ ਤੇ ਮੂੰਹ ਰੋਸ਼ਨ ਹੋਵੇ ਇਹ ਚੰਗਿਆਈ ਨਹੀਂ।

ਦਿਲ ਕਾਲੇ ਕੰਨੋ ਮੂੰਹ ਕਾਲਾ ਜੰਗਾ ਜੇ ਕੋ ਇਸ ਨੂੰ ਜਾਣੇ ਹੂ,
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ।

ਕਰਮਾਂ ਅਨੁਸਾਰ ਦਰਗਾਹ ਵਿੱਚ ਨਿਬੇੜਾ ਹੁੰਦਾ ਹੈ। ਜੈਸਾ ਅਮਲ ਵੈਸਾ ਫ਼ਲ ਪ੍ਰਾਪਤ ਹੋਵੇਗਾ।

ਵਿੱਚ ਦਰਗਾਹ ਦੇ ਅਮਲਾਂ ਬਾਝੋਂ ਬਾਹੂ ਹੋਣਾਂ ਨਾ ਕੁਝ ਨਿਬੇੜਾ ਹੂ।

ਜੋ ਅੱਲ੍ਹਾ ਦੀ ਮੁਹੱਬਤ ਮਨ ਵਿੱਚ ਵਸਾਉਂਦੇ ਹਨ ਜਦੋਂ ਅਨੁਭਵ ਕਰਦੇ ਹਨ ਅੱਲ੍ਹਾ ਦਾ ਨਾਮ ਅੰਦਰ ਆ ਕੇ ਨਹੀਂ ਵੱਸਦਾ। ਜਦ ਅੰਦਰ ਝਾਤੀ ਪਾਉਂਦੇ ਹਨ ਅੱਲ੍ਹਾ ਇੱਕ ਦਿਖਾਈ ਦਿੰਦਾ ਹੈ।

ਐਨ ਇਸ਼ਕ ਅਸਾਂ ਨੂੰ ਲਿਸਿਆ ਜਾਤਾ ਬੈਠਾ ਮਾਰ ਪੱਥਲਾ ਹੂ,
ਵਿਚ ਜਿਗਰ ਦੇ ਸਨ ਚਲਾ ਯਸ ਕੀਤੋਸ ਕੰਮ ਅਵੱਲਾ ਹੂ
ਜਾ ਅੰਦਰ ਵੜਕੇ ਝਾਤੀ ਪਾਈ ਡਿੱਠਾ ਯਾਰ ਇੱਕਲਾ ਹੂ।

ਜਦ ਕਿਸੇ ਨੇ ਇਸ਼ਕ ਹਕੀਕੀ ਹਾਸਲ ਕਰ ਲਿਆ। ਉਹ ਇਸ ਨੂੰ ਨਸ਼ਰ ਨਹੀਂ ਕਰਦੇ ਸਗੋਂ ਸੀਨੇ ਅੰਦਰ ਛੁਪਾ ਕੇ ਰੱਖਦੇ ਹਨ।

ਇਸ਼ਕ ਹਕੀਕੀ ਜਿੰਨਾ ਪਾਇਆ ਮੂੰਹੋਂ ਨਾ ਕੁਝ ਅਲਾਵਣ ਹੂ

ਜਿੰਨ੍ਹਾਂ ਦੇ ਦਿਲ ਅੱਲ੍ਹਾ ਦੀ ਮੁਹੱਬਤ ਤੋਂ ਖਾਲੀ ਹਨ, ਉਨ੍ਹਾਂ ਦਾ ਜੀਵਨ ਨਿਸਫ਼ਲ ਜਾਂਦਾ ਹੈ

ਜੋ ਦਿਲ ਇਸ਼ਕ ਨਾ ਹੋਵੇ ਬਾਹੂ ਗਏ ਜਹਾਨੋ ਖਾਲੀ ਹੂ।

ਹੰਕਾਰੀ ਰਹਿਬਰ ਨਾਲੋਂ ਹਲੀਮੀ ਨਾਲ ਰੱਬ ਦੇ ਰਾਹ ’ਤੇ ਚੱਲਣ ਵਾਲਾ ਸੂਫ਼ੀ ਚੰਗਾ ਹੈ।

ਪੜ ਪੜ ਇਲਮ ਮਸ਼ਾਇੰਖ ਸਦਾਵਣ ਕਰਨ ਇਬਾਦਤ ਦੂਣੀ ਹੂ, ਅੰਦਰ ਝੁਗੀ ਪਈ
ਲੁਟੀਵੇ ਤਨ ਮਨ ਖਬਰ ਨਾ ਹੋਣੀ ਹੂ
ਮੌਲਾ ਵਾਲੇ ਸਦਾ ਸੁਖਾਲੇ ਦਿਲ ਨੂੰ ਲਾ ਨਗੂਣੀ ਹੂ
ਰੱਬ ਤਿੰਨਾਂ ਨੂੰ ਹਾਸਲ ਬਾਹੂ ਜਿੰਨਾ ਚੱਕ ਨਾ ਕੀਤੀ ਚੂ
ਨੀ ਹੂ।

ਕਾਮਲ ਮੁਰਸ਼ਦ ਆਪਣੀ ਨਿਗਾਹ ਅਤੇ ਨਜ਼ਰ ਨਾਲ ਮੁਰੀਦ ਦੀ ਮੈਲ ਧੋ ਦਿੰਦਾ ਹੈ। ਤਦ ਮੁਰੀਦ ਦੇ ਲੂੰ ਲੂੰ ਵਿੱਚ ਐਸਾ ਕਾਮਲ ਮੁਰਸ਼ਦ ਵਸ ਜਾਂਦਾ ਹੈ

ਕਾਮਲ ਮੁਰਸ਼ਦ ਐਸਾ ਹੋਵੇ ਜਿਹੜਾ ਧੋਬੀ ਵਾਂਗ ਛੱਟੇ ਹੂ,
ਨਾਲ ਨਿਗਾਹ ਦੇ ਪਾਕ ਕਰੇਂਦਾ ਇਹ ਸੱਜੀ ਸਾਬਣ ਨਾ ਘੱਤੇ ਹੂ,
ਮੈਲਿਆ ਬੀ ਕਰ ਦਿੰਦਾ ਚਿੱਟਾ ਵਿੱਚ ਜਗ ਮੈਲ ਨਾ ਰੱਖੇ ਹੂ
ਐਸਾ ਮੁਰਸ਼ਦ ਹੋਵੇ ਬਾਹੂ ਜਿਹੜਾ ਲੂੰ ਲੂੰ ਵਿੱਚ ਵਸੇ ਹੂ।

ਔਰੰਗਜੇਬ ਸੁਲਤਾਨ ਬਾਹੂ ਦਾ ਬੜਾ ਸਤਿਕਾਰ ਕਰਦਾ ਸੀ ਪਰ ਬਾਹੂ ਨੇ ਕਦੇ ਉਸ ਦੀ ਪ੍ਰਵਾਹ ਨਾ ਕੀਤੀ। ਬਾਹੂ ਆਪਣੇ ਸੂਫ਼ੀ ਰੰਗ ਵਿੱਚ ਰੰਗਿਆ ਵਿਚਰਦਾ ਰਿਹਾ। ਉਸ ਦੀ ਮੌਤ 1691ਈ. ਵਿੱਚ 63 ਸਾਲ ਦੀ ਉਮਰ ਵਿੱਚ ਹੋਈ। ਉਸ ਨੂੰ ਪਿੰਡ ਕਹਿਰਗਾਨ ਦੇ ਕਿਲੇ ਵਿੱਚ ਦਫ਼ਨਾਇਆ ਗਿਆ। ਸੰਨ 1775 ਵਿੱਚ ਝਨਾਂ ਨੇ ਬਹੁਤ ਸਾਰੀਆਂ ਕਬਰਾਂ ਰੋੜ ਦਿੱਤੀਆਂ, ਬਾਹੂ ਦਾ ਮੰਜਾਰ ਵੀ ਰੁੜ ਗਿਆ ਪਰ ਉਸ ਦੇ ਸੰਦੂਕ ਨੂੰ ਬਚਾ ਕੇ ਇੱਕ ਵੱਡੇ ਦਰਖ਼ਤ ਥੱਲੇ ਦਬਾ ਕੇ ਵੱਡਾ ਥੜਾ ਬਣਾ ਕੇ ਉਸ ਦੀ ਯਾਦਗਾਰੀ ਬਣਾਈ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ ’ਚ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ ’ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ ’ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ!
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ
ਕਲਮਾਂ ਦੀ ਜ਼ੁਬਾਨੀ

# ਕੰਮ ਬਾਝ ਨਾ ਵਿਚੋਲਿਆਂ ਬਣਦਾ....

ਭੋਲਾ ਸਿੰਘ ਸ਼ਮੀਰੀਆ



ਵਿਚੋਲਾ ਸਾਡੇ ਸਮਾਜ ਦਾ ਇੱਕ ਮਹੱਤਵਪੂਰਨ ਪਾਤਰ ਹੈ। 'ਵਿਚੋਲਾ' ਸ਼ਬਦ ਦੀ ਜੇਕਰ ਚੀਰ-ਫਾੜ ਕਰੀਏ ਤਾਂ ਇਸ ਦਾ ਮਤਲਬ ਹੈ 'ਵਿੱਚੋਂ-ਓਹਲਾ'। ਵਿਚੋਲਾ ਦੋ ਧਿਰਾਂ ਵਿੱਚ ਇੱਕ ਕੜੀ ਦਾ ਕੰਮ ਕਰਦਾ ਹੈ। ਵਿਚੋਲਾ ਲਾੜੀ ਅਤੇ ਲਾੜੇ ਦੇ ਅਣਜਾਣ ਪਰਿਵਾਰਾਂ ਨੂੰ ਨਵੀਂ ਪਛਾਣ ਦੇਣ ਵਾਲਾ ਇੱਕ ਸਾਂਝਾ ਪਾਤਰ ਹੁੰਦਾ ਹੈ। ਦੋ ਪਰਿਵਾਰਾਂ ਦੇ ਮੇਲ 'ਚੋਂ ਇੱਕ ਨਵੀਂ ਜ਼ਿੰਦਗੀ ਦਾ ਬੂਟਾ ਲਾ ਕੇ ਇਹ ਪਾਤਰ ਪਰਦੇ ਤੋਂ ਲੋਪ ਹੋ ਜਾਂਦਾ ਹੈ।

ਇੱਕ ਸਮਾਂ ਸੀ ਜਦੋਂ ਪਿੰਡ ਦਾ ਨਾਈ ਤੇ ਬ੍ਰਾਹਮਣ ਪਿੰਡ ਦੀਆਂ ਧੀਆਂ ਧਿਆਣੀਆਂ ਦੇ ਵਰ ਦਾ ਫ਼ੈਸਲਾ ਕਰ ਆਉਂਦੇ ਸਨ। ਧੀ ਦੇ ਮਾਪਿਆਂ ਨੂੰ ਆ ਕੇ ਦੱਸ ਦਿਆ ਕਰਦੇ ਸਨ ਕਿ ਅਸੀਂ ਤੁਹਾਡੀ ਬੇਟੀ ਦਾ ਰਿਸ਼ਤਾ ਫਲਾਣੇ ਪਿੰਡ ਕਰ ਆਏ ਹਾਂ। ਮਾਪੇ ਵੀ ਇਹ ਫ਼ੈਸਲਾ ਸਵੀਕਾਰ ਕਰ ਲਿਆ ਕਰਦੇ ਸਨ। ਵਿਚੋਲਾ ਦੋਹਾਂ ਧਿਰਾਂ ਦੇ ਥੋੜ੍ਹੇ ਬਹੁਤੇ ਕਾਣ ਨੂੰ ਕੱਜ ਲੈਂਦਾ ਸੀ। ਸਮਾਜਿਕ ਜ਼ਿੰਦਗੀ ਦੇ ਥੋੜ੍ਹੇ ਬਹੁਤੇ ਲੁਕੋ-ਛੁਪੋ ਵਿਚੋਲਾ ਆਮ ਹੀ ਕਰ ਲੈਂਦਾ ਸੀ। ਸੰਨ ਸੰਤਾਲੀ ਦੇ ਲਗਭਗ ਦੇ ਸਮੇਂ ਲਿੰਗ-ਅਨੁਪਾਤ ਦੀ ਗੜਬੜੀ ਕਰਕੇ ਚਾਰ-ਪੰਜ ਭਰਾਵਾਂ ਵਿੱਚੋਂ ਮਸਾਂ ਇੱਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਸੰਨ ਸੰਤਾਲੀ ਦੀ ਮਾਰਧਾੜ ਸਮੇਂ ਬਹੁਤੇ ਵਿਅਕਤੀਆਂ ਨੇ ਮੁਸਲਮਾਨ ਔਰਤਾਂ ਨੂੰ ਆਪਣੇ ਘਰਾਂ ਵਿੱਚ ਰੱਖ ਕੇ ਆਪਣੇ ਘਰ ਵਸਾ ਲਏ ਸਨ। ਫਿਰ ਉਨ੍ਹਾਂ ਦੇ ਬੱਚੇ ਹੋ ਗਏ। ਜਦੋਂ ਉਨ੍ਹਾਂ ਬੱਚਿਆਂ ਦੇ ਵਿਆਹੁਣ ਦਾ ਸਮਾਂ ਆਇਆ ਤਾਂ ਬੱਚਿਆਂ ਦੇ ਨਾਨਕੇ ਨਾ ਹੋਣ ਕਰਕੇ ਵਿਆਹਾਂ ਵਿੱਚ ਅੜਿੱਕੇ ਬਣਨ ਲੱਗੇ। ਵਿਆਹਾਂ ਸਮੇਂ ਅਜਿਹੇ ਜ਼ਖ਼ਮ ਵਿਚੋਲੇ ਲੁਕੋ ਲਿਆ ਕਰਦੇ ਸਨ ਜਾਂ ਥੋੜ੍ਹੀ ਜਿਹੀ ਸਿਧਰੀ ਕੁੜੀ ਨੂੰ ਵੀ ਕੰਮ ਦੀ ਸਚਿਆਰੀ ਕਹਿ ਕੇ ਵਿਆਹ ਨੇਪਰੇ ਚਾੜ੍ਹ ਦਿਆ ਕਰਦੇ ਸਨ। ਇਸ ਤਰ੍ਹਾਂ ਦੇ ਵਿੱਚ-ਵਿਚਾਲੇ ਓਹਲੇ ਰੱਖਣ ਕਰਕੇ ਇਸ ਪਾਤਰ ਦਾ ਨਾਂ 'ਵਿਚੋਲਾ' ਪੈ ਗਿਆ। ਭਾਵ 'ਵਿੱਚੋਂ ਓਹਲਾ'।

ਹੌਲੀ-ਹੌਲੀ ਵਿਚੋਲੇ ਦੀ ਭੂਮਿਕਾ ਸਕੇ-ਸਬੰਧੀ ਜਾਂ ਜਾਣ ਪਛਾਣ ਵਾਲੇ ਨਿਭਾਉਣ ਲੱਗ ਪਏ। ਅੱਜਕੱਲ੍ਹ ਇਸ਼ਤਿਆਰ ਜਾਂ ਲਵ-ਮੈਰਿਜ ਕਰਕੇ ਵਿਚੋਲੇ ਦੀ ਭੂਮਿਕਾ ਕੁਝ ਘੱਟ ਵੀ ਗਈ ਹੈ। ਮੈਰਿਜ ਬਿਊਰੋ ਵਗੈਰਾ ਦੇ ਸਥਾਪਿਤ ਹੋਣ ਨਾਲ ਵਿਚੋਲਿਆਂ ਦਾ ਰੂਪ ਹੋਰ ਵੀ ਬਦਲ ਗਿਆ ਹੈ। ਹੁਣ ਇਹ ਇੱਕ ਪ੍ਰੋਫੈਸ਼ਨਲ ਕਿੱਤਾ ਬਣਦਾ ਜਾ ਰਿਹਾ ਹੈ।

ਵਿਚੋਲੇ ਨੂੰ ਸਤਿਕਾਰ ਵਜੋਂ ਜਾਂ ਸਾਕ ਕਰਾਉਣ ਦੇ ਅਹਿਸਾਨ ਬਦਲੇ ਸੋਨੇ ਦੀ ਛਾਪ ਜਾਂ ਕੜਾ ਪਾਉਣ ਦਾ ਰਿਵਾਜ ਸੀ। ਕੁਝ ਲਾਲਚੀ ਕਿਸਮ ਦੇ ਵਿਚੋਲੇ 'ਵਿਚਲਾ ਓਹਲਾ' ਕੁਝ ਜ਼ਿਆਦਾ ਰੱਖਣ ਲੱਗ ਪਏ। ਭਾਵ ਰਿਸ਼ਤਾ ਕਰਾਉਣ ਲਈ ਝੂਠ ਜ਼ਿਆਦਾ ਮਾਰਨ ਲੱਗ ਪਏ। ਜਿਸ ਕਰਕੇ ਰਿਸ਼ਤਿਆਂ ਵਿੱਚ ਤਣਾਅ ਤੇ ਦੂਰੀਆਂ ਵਧਣ ਲੱਗੀਆਂ। ਵਿਚੋਲੇ ਦੀ ਭੂਮਿਕਾ ਜੋ ਕਦੇ ਸਤਿਕਾਰ ਵਾਲੀ ਸੀ, ਕਿਤੇ-ਕਿਤੇ ਸ਼ੱਕੀ ਤੇ ਝਗੜੇ ਵਾਲੀ ਬਣ ਕੇ ਰਹਿ ਗਈ। ਵਿਚੋਲੇ ਦੀ ਭੂਮਿਕਾ ਦੇ ਚੰਗ-ਮੰਦ ਨੂੰ ਲੋਕ-ਬੋਲੀਆਂ ਆਪਣੇ ਕਲਾਵੇ ਵਿੱਚ ਲੈ ਕੇ ਇੱਕ ਸੱਭਿਆਚਾਰਕ ਵੰਨਗੀ ਵਜੋਂ ਸਾਡੇ ਸਨਮੁੱਖ ਹੁੰਦੀਆਂ ਹਨ। ਲੋਕ-ਬੋਲੀਆਂ ਕਿਸੇ ਦਾ ਲਿਹਾਜ ਨਹੀਂ ਕਰਦੀਆਂ। ਲੋਕ-ਬੋਲੀਆਂ ਵਿਚੋਲੇ ਦੀ ਚੰਗਿਆਈ ਜਾਂ ਬੁਰਿਆਈ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕਰ ਦਿੰਦੀਆਂ ਹਨ। ਜੇਕਰ ਵਿਚੋਲਾ ਜੀਜਾ ਜਾਂ ਫੁੱਫੜ ਹੋਵੇ ਤਾਂ ਉਸ ਦੇ ਥਾਂ ਸਿਰ ਲੱਗਦੀਆਂ ਔਰਤਾਂ ਜਾਂ ਕੁੜੀਆਂ ਵਿਚੋਲੇ ਨੂੰ ਤਾਹਨਾ ਮਾਰਦੀਆਂ ਕਹਿ ਉੱਠਦੀਆਂ ਹਨ, 'ਕੁੜਮੋਂ-ਕੁੜਮੀ ਸੌ ਵਾਰੀ, ਵਿਚੋਲੇ ਦੇ ਮੌਰਾਂ ਵਿੱਚ ਚੌ ਮਾਰੀ' ਜਾਂ 'ਕੁੜਮੋਂ-ਕੁੜਮੀ ਵਰਤਣਗੇ, ਵਿਚੋਲੇ ਬੈਠੇ ਤਰਸਣਗੇ।' ਹਰ ਧੀ ਦੀ ਰੀਝ ਹੁੰਦੀ ਹੈ ਕਿ ਉਸ ਦਾ ਹੋਣ ਵਾਲਾ ਵਰ ਉਸ ਦੀਆਂ ਰੀਝਾਂ ਦੇ ਹਾਣ ਦਾ ਹੋਵੇ। ਮਾਲਵੇ ਦੇ ਇਲਾਕੇ ਦਾ ਇੱਕ ਦੁਖਾਂਤ ਹੈ ਕਿ ਇੱਥੇ ਧੀਆਂ ਦੇ ਵਰ ਦੀ ਤੁਲਨਾ ਜ਼ਮੀਨ ਜਾਂ ਪ੍ਰਾਪਰਟੀ ਨਾਲ ਜ਼ਿਆਦਾ ਦੇਖੀ ਜਾਂਦੀ ਹੈ। ਜਦੋਂ ਧੀ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਪਤੀ ਰੰਗ ਦਾ ਬਹੁਤ ਕਾਲਾ ਹੈ ਤਾਂ ਉਹ ਆਪਣੇ ਜੀਜੇ ਵਿਚੋਲੇ ਨੂੰ ਕੋਸਦੀ ਹੋਈ ਆਪਣੇ ਪਿਤਾ ਅੱਗੇ ਆਪਣੇ ਦੁੱਖ ਦੀ ਵਿਥਿਆ ਇਉਂ ਪੇਸ਼ ਕਰਦੀ ਹੈ;

ਕੋਈ ਨਾ ਸੁਣਦਾ ਧਰਮੀ ਬਾਬਲਾ, ਦੁੱਖ ਮੇਰੇ ਦੀਆਂ ਹੂਕਾਂ।

ਜੀਜਾ ਵਿਚੋਲਾ ਵੈਰ ਕੱਢ ਗਿਆ, ਕੋਠੇ ਚੜ੍ਹ-ਚੜ੍ਹ ਕੂਕਾਂ।

ਨਾ ਮੈਂ ਕਿਸੇ ਨੂੰ ਦੱਸਣ ਜੋਗੀ, ਕੰਤ ਦੀਆਂ ਕਰਤੂਤਾਂ।

ਰੰਗ ਦੇ ਕਾਲੇ ਨੂੰ, ਮੈਂ ਕੀ ਬਾਬਲਾ ਫੂਕਾਂ।

ਜ਼ਮੀਨ ਜਾਂ ਪ੍ਰਾਪਰਟੀ ਦੇ ਲਾਲਚ ਵਿੱਚ ਕਈ ਵਾਰ ਵਿਚੋਲਾ ਧੀ ਦੇ ਬਾਪ ਨੂੰ ਵੀ ਗੁੰਮਰਾਹ ਕਰ ਦਿੰਦਾ ਹੈ। ਧੀ ਦਾ ਬਾਪ ਵਿਚੋਲੇ ਦੀਆਂ ਗੱਲਾਂ ਵਿੱਚ ਆ ਕੇ ਧੀ ਦਾ ਸਾਕ ਵੱਡੀ ਉਮਰ ਦੇ ਮੁੰਡੇ ਨਾਲ ਕਰ ਦਿੰਦਾ ਹੈ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਰਾਹੀਂ ਧੀ ਆਪਣੇ ਦੁੱਖ ਦਾ ਪ੍ਰਗਟਾਵਾ ਇਉਂ ਕਰਦੀ ਹੈ;

ਬਾਪੂ ਤੇ ਚਾਚਾ ਦੇਖਣ ਤੁਰ ਪਏ,<br>ਤੀਜਾ ਨਾਲ ਵਿਚੋਲਾ।<br>ਅੱਸੀ ਸਾਲ ਦਾ ਬੁੜ੍ਹਾ ਸਹੇੜਿਆਂ,<br>ਅੱਖ ਜੀਹਦੀ ਵਿੱਚ ਫੋਲਾ।<br>ਮਾਰੀ ਪਾਪਾਂ ਨੇ, ਧਰਤੀ ਖਾ ਗਈ ਡੋਲਾ।

ਕਈ ਵਾਰ ਵਿਚੋਲੇ ਦੁਆਰਾ ਕਰਵਾਇਆ ਗਿਆ ਸਾਕ ਬਦਨਾਮੀ ਤੇ ਝਗੜੇ ਦਾ ਕਾਰਨ ਵੀ ਬਣ ਜਾਂਦਾ ਹੈ। ਕੋਈ ਭਾਨੀਮਾਰ ਜਦੋਂ ਕਿਸੇ ਦੇ ਸਾਕ ਨੂੰ ਅੱਧ-ਵਿਚਾਲਿਉਂ ਹੀ ਤੋੜ ਦੇਵੇ ਤਾਂ ਵਿਚੋਲੇ ਦੇ ਵੀ ਵਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅਜਿਹੇ ਮੌਕੇ ਸਾਕ ਦੇ ਟੁੱਟਣ ਦਾ ਦੋਸ਼ ਵਿਚੋਲੇ ਦੇ ਸਿਰ ਜਾ ਲੱਗਦਾ ਹੈ। ਸ਼ਰੀਕੇ 'ਚੋਂ ਭਰਜਾਈ ਲੱਗਦੀ ਕੋਈ ਔਰਤ ਆਪਣੇ ਜੇਠ ਨੂੰ ਰਿਸ਼ਤਾ ਕਰਵਾਉਂਦੀ ਹੈ। ਕੋਈ ਚੁਗਲਖੋਰ ਧੀ ਦੇ ਮਾਪਿਆਂ ਦੇ ਕੰਨ ਭਰ ਦਿੰਦਾ ਹੈ। ਸਿੱਟੇ ਵਜੋਂ ਇਹ ਰਿਸ਼ਤਾ ਟੁੱਟ ਜਾਂਦਾ ਹੈ। ਗੱਭਰੂ ਨੂੰ ਸ਼ੱਕ ਹੈ ਕਿ ਇਹ ਰਿਸ਼ਤਾ ਉਸ ਦੀ ਭਰਜਾਈ ਨੇ ਹੀ ਤੁੜਵਾਇਆ ਹੈ। ਦੁਖੀ ਹੋਇਆ ਗੱਭਰੂ ਆਪਣੀ ਵਿਚੋਲਣ ਭਰਜਾਈ ਨੂੰ ਇਉਂ ਮਿਹਣਾ ਮਾਰਦਾ ਹੈ;

ਸਾਕ ਮੇਰੇ ਦੀ ਭਾਨੀ ਮਾਰਕੇ ਚੰਗੀ ਨਹੀਂ ਤੂੰ ਕੀਤੀ।

ਮੈਂ ਖਸਮ ਤੇਰੇ ਨੂੰ ਪਾਈ ਮੁੰਦਰੀ, ਤੈਨੂੰ ਪਾਈ ਤਵੀਤੀ।

ਨੀਂ ਝਾਕ ਸਾਹਮਣੇ ਮੇਰੇ ਹੁਣ ਤੂੰ ਕਿਉਂ ਬੈਠੀ ਚੁੱਪ ਕੀਤੀ।

ਤੂੰ ਕੁਲਵਿੰਦਰ ਕੁਰੇ, ਜੱਗੋਂ ਤੇਰਵੀਂ ਕੀਤੀ।

ਫੁੱਫੜ ਤੇ ਜੀਜਾ ਭਾਵੇਂ ਇੱਕੋ ਹੀ ਘਰ ਦੇ ਦੋਵੇਂ ਸਤਿਕਾਰਯੋਗ ਪਾਤਰ ਹੁੰਦੇ ਹਨ। ਫੁੱਫੜ ਪੁਰਾਣੀ ਪੀੜ੍ਹੀ ਦਾ ਹੋਣ ਕਰਕੇ ਸਿਆਣੇ ਵਰਗ ਵਿੱਚ ਗਿਣਿਆ ਜਾਂਦਾ ਹੈ। ਇਸ ਕਰਕੇ ਉਸ ਦੁਆਰਾ ਕੀਤੇ ਕਾਰਜਾਂ ਨੂੰ ਵੀ ਸਲਾਹਿਆ ਜਾਂਦਾ ਹੈ। ਉਮਰਾਂ ਦਾ ਤਜਰਬਾ ਹੋਣ ਕਰਕੇ ਫੁੱਫੜਾਂ ਦੁਆਰਾ ਕਰਵਾਏ ਗਏ ਸਾਕ ਵੀ ਹੰਢਣਯੋਗ ਤੇ ਕਾਬਲੇਤਾਰੀਫ਼ ਹੁੰਦੇ ਹਨ। ਇੱਕ ਮੁਟਿਆਰ ਆਪਣੇ ਜੀਜੇ ਦੁਆਰਾ ਸਹੇੜੇ ਗਏ ਸਾਕ ਤੋਂ ਖ਼ਫ਼ਾ ਹੁੰਦੀ ਹੋਈ ਉਸ ਨੂੰ ਮਰੋੜਾ ਵੀ ਦੇ ਜਾਂਦੀ ਹੈ ਤੇ ਨਾਲ ਫੁੱਫੜ ਦੀ ਪ੍ਰਸ਼ੰਸਾ ਵੀ ਕਰ ਜਾਂਦੀ ਹੈ;

ਛੋਲੇ-ਛੋਲੇ-ਛੋਲੇ<br>ਮੈਨੂੰ ਲੈ ਗਿਆ ਜੀਜਾ ਠੱਗ ਕੇ<br>ਭਾਗਾਂ ਵਾਲੀਆਂ ਦੇ ਫੁੱਫੜ ਵਿਚੋਲੇ।

ਜਦੋਂ ਕਿਸੇ ਮੁਟਿਆਰ ਨੂੰ ਉਸ ਦੀਆਂ ਰੀਝਾਂ ਦੇ ਹਾਣ ਦਾ ਵਰ ਮਿਲ ਜਾਵੇ ਤਾਂ ਉਹ ਮੁਟਿਆਰ ਖ਼ੁਸ਼ੀ ਵਿੱਚ ਫੁੱਲੀ ਨਹੀਂ ਸਮਾਉਂਦੀ। ਉਸ ਦੇ ਅੰਦਰੋਂ ਉੱਠਿਆ ਖ਼ੁਸ਼ੀ ਦਾ ਗੁਬਾਰ ਗਿੱਧੇ ਦੀਆਂ ਬੋਲੀਆਂ ਵਿੱਚ ਧਮੱਚੜ ਆ ਪੁੱਟਦਾ ਹੈ। ਜਿੱਥੇ ਉਹ ਮੁਟਿਆਰ ਆਪਣੇ ਹਾਣ ਦੇ ਵਰ ਮਿਲਣ 'ਤੇ ਖ਼ੁਸ਼ ਹੈ ਉੱਥੇ ਉਹ ਆਪਣੀ ਇੱਕ ਬੋਲੀ ਰਾਹੀਂ ਆਪਣੇ ਵਿਚੋਲੇ ਨੂੰ ਵੀ ਅਸੀਸਾਂ ਦੇ ਜਾਂਦੀ ਹੈ;

ਤੇਰੀ ਮੇਰੀ ਜੋੜੀ, ਜਿਵੇਂ ਦੁੱਧ 'ਤੇ ਮਲਾਈ ਐ।

ਜੀਵੇ ਉਹ ਵਿਚੋਲਾ, ਜੀਹਨੇ ਤੇਰੀ ਦੱਸ ਪਾਈ ਐ।

ਹਰ ਮੁਟਿਆਰ ਚਾਹੁੰਦੀ ਹੈ ਕਿ ਉਸ ਦਾ ਉਸ ਦੇ ਆਪਣੇ ਮਾਪਿਆਂ ਨਾਲ ਵੀ ਮੋਹ ਵੀ ਜਿਉਂ ਦਾ ਤਿਉਂ ਬਣਿਆ ਰਹੇ, ਪਰ ਸੰਯੋਗ ਵੱਸ ਉਸ ਦਾ ਵਿਆਹ ਕਿਤੇ ਦੂਰ ਦੇ ਇਲਾਕੇ ਵਿੱਚ ਹੋ ਜਾਂਦਾ ਹੈ। ਉਹ ਇਸ ਅਣਹੋਣੀ ਘਟਨਾ ਦਾ ਦੋਸ਼ ਆਪਣੇ ਵਿਚੋਲੇ ਸਿਰ ਜਾ ਮੜ੍ਹਦੀ ਹੈ। ਕਚੀਚੀਆਂ ਵੱਟਦੀ ਹੋਈ ਉਹ ਇੱਕ ਬੋਲੀ ਰਾਹੀਂ ਆਪਣਾ ਗੁੱਸਾ ਇਉਂ ਪ੍ਰਗਟ ਕਰਦੀ ਹੈ;

ਵੈਰੀ ਵਿਚੋਲਾ ਵੈਰ ਕੱਢ ਗਿਆ,<br>ਦੂਰ ਦੇ ਦਿੱਤੀਆਂ ਲਾਵਾਂ।

ਸੁਣਨ ਵਾਲਾ ਨਾ ਨੇੜੇ-ਤੇੜੇ, ਕੀਹਨੂੰ ਦੁੱਖ ਸੁਣਾਵਾਂ।

ਜੇ ਤੂੰ ਵਿਚੋਲਿਆ ਮਿਲ ਜੇਂ 'ਕੱਲਾ,<br>ਮੈਂ ਵੀ ਦਿਲ ਦੀਆਂ ਲਾਹਵਾਂ।<br>ਤੇਰੀ ਸੁੱਥਣ 'ਤੇ, ਤੱਤਾ ਖੁਰਚਣਾ ਲਾਵਾਂ।

ਸੋ ਵਿਚੋਲੇ ਪ੍ਰਤੀ ਲੋਕ-ਬੋਲੀਆਂ ਵਿੱਚ ਰਲੇ-ਮਿਲੇ ਭਾਵ ਦੇਖਣ ਤੇ ਸੁਣਨ ਨੂੰ ਮਿਲਦੇ ਹਨ। ਸਾਡੀ ਲੋਕ-ਧਾਰਾ ਵਿੱਚ ਵਿਚੋਲੇ ਦਾ ਮਹੱਤਵਪੂਰਨ ਸਥਾਨ ਹੈ। ਵਿਆਹ ਤੋਂ ਬਾਅਦ ਭਾਵੇਂ ਇਸ ਪਾਤਰ ਨਾਲ ਕਿਹੋ ਜਿਹਾ ਵੀ ਸਲੂਕ ਕੀਤਾ ਜਾਵੇ, ਪ੍ਰੰਤੂ ਵਿਆਹ ਸ਼ੁਰੂ ਹੋਣ ਸਮੇਂ ਤਾਂ ਇਸ ਪਾਤਰ ਦੀ ਪ੍ਰਸ਼ੰਸਾ ਇਸ ਬੋਲੀ ਨਾਲ ਕੀਤੀ ਜਾਂਦੀ ਹੈ;

ਡੱਬਾ ਖੇਸ ਵੇ ਵਿਚੋਲਿਆ ਤੈਨੂੰ, ਜੇ ਮੈਨੂੰ ਸੁੱਖ ਮਿਲਿਆ

ਅੱਜਕੱਲ੍ਹ ਭਾਵੇਂ ਵਿਚੋਲੇ ਦੇ ਰੂਪ ਬਦਲ ਚੁੱਕੇ ਹਨ, ਪ੍ਰੰਤੂ ਵਿਚੋਲੇ ਦੀ ਭੂਮਿਕਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਭਾਵੇਂ ਕਿੰਨਾਂ ਵੀ ਚੰਗਾ ਖਾਨਦਾਨ ਹੋਵੇ ਵਿਚੋਲੇ ਦੀ ਸ਼ਮੂਲੀਅਤ ਨੂੰ ਮਨਫੀ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸ ਤੱਥ ਦੀ ਗਵਾਹੀ ਵੀ ਲੋਕ-ਬੋਲੀਆਂ ਇਉਂ ਭਰਦੀਆਂ ਹਨ;

ਕੰਮ ਬਾਝ ਨਾ ਵਿਚੋਲਿਆਂ ਬਣਦਾ,<br>ਘਰ ਭਾਵੇਂ ਹੋਵੇ ਲੱਖ ਦਾ।

# ਪੱਲੇ ਰਿਜ਼ਕ ਨਾ ਬੰਨ੍ਹਦੇ...

ਜਗਜੀਤ ਸਿੰਘ ਲੋਹਟਬੱਦੀ

ਕੁਦਰਤ ਅਸੀਮ ਹੈ...ਅਨੰਤ ਹੈ...ਅਤੋਲ ਹੈ...ਉਸ ਦੀਆਂ ਦਾਤਾਂ ਅਮੋਲ ਨੇ ਜਿਨ੍ਹਾਂ ਦਾ ਕਿਸੇ ਨੇ ਥਾਹ ਨਹੀਂ ਪਾਇਆ। ਕੋਈ ਅੰਦਾਜ਼ਾ ਨਹੀਂ ਲਾ ਸਕਿਆ। ਸਾਡੀ ਸੋਚ ਉੱਥੇ ਤੱਕ ਉਡਾਰੀ ਨਹੀਂ ਮਾਰ ਸਕਦੀ। ਉਸ ਦੇ ਜਲੌਅ ਦੀ ਝਲਕ ਸਾਡੀਆਂ ਅੱਖਾਂ ਝੱਲ ਨਹੀਂ ਸਕਦੀਆਂ। ਉਸ ਦੇ ਸੁਹੱਪਣ ਨੂੰ ਸਾਡੀਆਂ ਕਲਮਾਂ ਬਿਆਨ ਨਹੀਂ ਕਰ ਸਕਦੀਆਂ। ਮਾਨਵ ਸਾਲਾਂ-ਬੱਧੀ ਗੋਂਦਾਂ ਗੁੰਦਦਾ ਹੈ, ਪਰ ਕੁਦਰਤ ਪਲਾਂ ਛਿਣਾਂ ਵਿੱਚ ਆਹਰੇ ਲਾ ਦਿੰਦੀ ਐ। ਅਸੀਂ ਆਪਣੇ ਨਿਗੂਣੇ ਜਿਹੇ ਵਣਜ-ਵਿਹਾਰ ਦਾ ਹਿਸਾਬ ਕਿਤਾਬ ਰੱਖਣ ਨੂੰ ਤਰੱਦਦ ਸਮਝਦੇ ਹਾਂ, ਪਰ ਸੋਚਿਐ ਕਦੇ ਕਿ ਪ੍ਰਕਿਰਤੀ ਨੇ ਧਰਤ, ਆਕਾਸ਼, ਪਾਤਾਲ ਵਸਦੇ ਪ੍ਰਾਣੀਆਂ, ਜੀਵ ਜੰਤੂਆਂ, ਬਨਸਪਤੀ ਨੂੰ ਕਿੰਝ ਤਵਾਜ਼ਨ ਵਿੱਚ ਰੱਖਿਐ? ਕਿਵੇਂ ਹਰ ਛੋਟੇ ਵੱਡੇ ਜੀਵ ਦੀ ਖਾਧ ਖ਼ੁਰਾਕ, ਰਹਿਣ ਸਹਿਣ ਅਤੇ ਟਿਕਾਣਾ ਵਿਉਂਤਵੱਧ ਕੀਤੈ?

ਸਿਆਣਿਆਂ ਦਾ ਕਥਨ ਹੈ, ਜੀਵ ਲੱਖਾਂ ਜੂਨਾਂ ਵਿੱਚ ਭੌਂਦੈ...ਭਟਕਣਾ ਪੱਲੇ ਪੈਂਦੀ ਐ... ਜੰਮਣ ਮਰਨ ਦੇ ਗੇੜ ਵਿੱਚ ਪੈਂਦੈ...ਚੁਰਾਸੀ ਦਾ ਚੱਕਰ ਰਹਿੰਦੈ...ਮੇਰੀ ਮੇਰੀ ਕਰਦੈ। ਇਹ ਵੀ ਧਾਰਨਾ ਹੈ ਕਿ ਮਨੁੱਖਾ ਜੀਵਨ 'ਸਰਬੋਤਮ' ਹੈ...ਵਾਰ ਵਾਰ ਨਹੀਂ ਮਿਲਦਾ ਕਿਉਂਕਿ ਮਾਨਵ 'ਸੱਭਿਆ' ਸ਼੍ਰੇਣੀ ਵਿੱਚ ਆਉਂਦੇ ਹਨ, ਉਹ ਬੋਲ ਸਕਦੇ ਹਨ ਅਤੇ ਜੀਵਨ ਸਫਲਾ ਬਣਾਉਣ ਦੀ ਸਮਰੱਥਾ ਰੱਖਦੇ ਹਨ। ਬਾਕੀ ਸਮਸਤ ਪ੍ਰਾਣੀ ਬੇਜ਼ੁਬਾਨ ਹਨ...ਉਜੱਡ ਹਨ, ਵਹਿਸ਼ੀ ਹਨ, ਜੰਗਲੀ ਹਨ! ਸੋਚ ਸਿਰਫ਼ ਪੇਟ ਭਰਨ ਤੱਕ ਸੀਮਿਤ ਹੈ। ਮਨੁੱਖ ਦੇ 'ਪਰਮ ਉੱਤਮ' ਹੋਣ ਦੀ ਇਹ ਵਿਆਖਿਆ ਕਿਸ ਨੇ ਕੀਤੀ ਹੈ?... ਖ਼ੁਦ ਮਨੁੱਖ ਨੇ! ਕੀ ਮਨੁੱਖ ਇਸ 'ਸ੍ਰੇਸ਼ਟਤਾ' ਦੇ ਪਾਏਦਾਨ 'ਤੇ ਪੂਰਾ ਉਤਰਦਾ ਹੈ? ਕੀ ਕੁਦਰਤ ਦੇ ਬਖ਼ਸ਼ੇ 'ਸਦਗੁਣਾਂ' ਨੂੰ ਉਸ ਨੇ ਸ੍ਰਿਸ਼ਟੀ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਵਰਤਿਆ ਹੈ? ਕੀ ਉਸ ਦਾ ਵਰਤਾਰਾ 'ਆਪਣੇ ਭਾਈਚਾਰੇ' ਲਈ ਸੁਖਾਵਾਂ ਹੈ? ਕੀ ਉਸ ਦਾ ਵਿਹਾਰ ਪ੍ਰਕਿਰਤੀ ਅਤੇ 'ਬੇਜ਼ੁਬਾਨਾਂ' ਵਾਸਤੇ ਰਾਹਤ ਭਰਿਆ ਹੈ? ਸ਼ਾਇਦ ਇਸ ਕਸਵੱਟੀ 'ਤੇ ਉਹ ਪੂਰਾ ਨਹੀਂ ਉਤਰਦਾ। ਆਪਣੇ ਤਖ਼ੱਲਸ ਨਾਲ ਇਨਸਾਫ਼ ਕਰਦਾ ਨਹੀਂ ਜਾਪਦਾ।

ਪਰਿੰਦੇ ਪਰਵਾਜ਼ ਭਰਦੇ ਨੇ...ਉਡਾਰੀਆਂ ਮਾਰਦੇ ਨੇ। ਕੋਈ ਵੈਰ ਵਿਰੋਧ ਨਹੀਂ, ਕੋਈ ਲੋਭ ਲਾਲਚ ਨਹੀਂ, ਕੋਈ ਜ਼ਾਤ ਮਜ਼੍ਹਬ ਨਹੀਂ। ਸਾਰੇ 'ਆਪਣੇ' ਨੇ। ਜੋ ਮਿਲਿਆ, ਜਿੱਥੇ ਮਿਲਿਆ, ਖਾ ਲਿਆ। ਪੱਲੇ ਰਿਜ਼ਕ ਨਾ ਬੰਨ੍ਹਦੇ...ਕੱਲ੍ਹ ਵਾਸਤੇ ਝੋਲੀਆਂ ਨਹੀਂ ਭਰਦੇ...ਪੰਡਾਂ ਬੰਨ੍ਹਣ ਤੋਂ ਇਨਕਾਰੀ ਨੇ। ਸਬਰ ਸੰਤੋਖ ਦਾ ਲੜ ਫੜਿਆ ਹੈ। ਕੁਦਰਤ ਦੇ ਸ਼ੈਦਾਈ ਨੇ:

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ, ਜੰਗਲਿ ਜਿੰਨਾ ਵਾਸੁ॥

ਕਕਰੁ ਚੁਗਨਿ ਥਲਿ ਵਸਨਿ, ਰਬ ਨ ਛੋਡਨਿ ਪਾਸੁ॥

ਮਨ ਵਿੱਚ ਸਿਮਰਨ ਹੈ, ਵਿਸ਼ਵਾਸ ਹੈ ਕਿ ਹਜ਼ਾਰਾਂ ਮੀਲ ਦੂਰ ਛੱਡ ਕੇ ਆਏ ਬੱਚਿਆਂ ਦੀ ਦੇਖਭਾਲ ਸਰਬ ਸ਼ਕਤੀਮਾਨ ਕਰੇਗਾ। ਇਹੀ ਅਰਾਧਨਾ ਹੈ, ਇਹੀ ਵੰਦਨਾ ਹੈ। ਕੱਲ੍ਹ ਕਿਸੇ ਨਹੀਂ ਵੇਖਿਆ ਤਾਂ ਚਿੰਤਾ ਕਿਉਂ ? ਕੀੜੀਆਂ ਕਿਣਕਾ ਕਿਣਕਾ ਲੈ ਕੇ ਕਤਾਰ ਵਿੱਚ ਚੱਲਦੀਆਂ ਹਨ। ਹਾਥੀਆਂ ਦੀ ਡਾਰ ਖੁਰਾਕ ਲਈ ਜੰਗਲ ਵਿੱਚ ਭੌਂਦੀ ਐ, ਪਰ ਕੁਦਰਤ ਦਾ ਉਜਾੜਾ ਨਹੀਂ ਕਰਦੀ। ਮੱਛੀਆਂ ਸਮੁੰਦਰ ਖਾਰਾ ਹੋਣ 'ਤੇ ਵੀ ਵਫ਼ਾ ਕਰਦੀਆਂ ਹਨ, ਕਮਲ ਦਾ ਫੁੱਲ ਚਿੱਕੜ ਵਿੱਚ ਖੁਸ਼ਬੋਈ ਵੰਡਦਾ ਹੈ, ਚਕੋਰ ਦੀ ਪ੍ਰੀਤ ਚੰਨ ਨਾਲ ਹੈ। ਪ੍ਰਕਿਰਤੀ ਦੇ ਬਖ਼ਸ਼ਿਸ਼ ਕੀਤੇ ਰੈਣ ਬਸੇਰੇ ਵਿੱਚ ਹੀ ਵਿਸਮਾਦ ਨਾਦ ਹੈ।

ਸੁਣਿਆ ਹੈ ਕਿ ਦਰਵੇਸ਼ਾਂ ਅਤੇ ਫ਼ੱਕਰਾਂ ਦੀਆਂ ਰਮਜ਼ਾਂ ਹਰ ਕਿਸੇ ਦੀ ਸਮਝ ਵਿੱਚ ਨਹੀਂ ਆਉਂਦੀਆਂ। ਇਸੇ ਲਈ ਉਨ੍ਹਾਂ ਦੀਆਂ ਬਸਤੀਆਂ ਨਹੀਂ ਹੁੰਦੀਆਂ। ਉਹ ਦੁਨੀਆਦਾਰੀ ਨੂੰ ਜੱਫ਼ਾ ਨਹੀਂ ਮਾਰਦੇ। ਇੱਕ ਵਾਰ ਇੱਕ ਯਾਤਰੀ ਸੂਫ਼ੀ ਸੰਤ ਕੋਲ ਗਿਆ। ਪਹੁੰਚੇ ਹੋਏ ਫ਼ਕੀਰ ਸਨ। ਬੜਾ ਹੈਰਾਨ ਹੋਇਆ 'ਐਨੀ ਸਾਦੀ ਝੌਂਪੜੀ!' ਸਿਰਫ਼ ਇੱਕ ਤੱਪੜ ਤੇ ਮਿੱਟੀ ਦੇ ਤੇਲ ਦਾ ਦੀਵਾ। ਅਚੰਭਾ ਜਤਾਇਆ, ਸੂਫ਼ੀ, ਤੇਰਾ ਫਰਨੀਚਰ ਕਿੱਥੇ ਆ?

ਸੂਫ਼ੀ ਨੇ ਮੋੜਵਾਂ ਸਵਾਲ ਕੀਤਾ, ਤੇਰਾ ਕਿੱਥੇ ਆ?

ਯਾਤਰੀ ਕਹਿੰਦਾ, ਮੈਂ ਤਾਂ ਮਹਿਮਾਨ ਹਾਂ।

ਸੰਤ ਕਹਿੰਦਾ, ਮੈਂ ਵੀ ਤਾਂ ਮਹਿਮਾਨ ਹੀ ਹਾਂ।

'ਸ੍ਰੇਸ਼ਟ' ਪ੍ਰਾਣੀ ਮਨੁੱਖ ਨੇ ਧਰਤੀ 'ਤੇ ਕਿੱਲੇ ਗੱਡੇ ਨੇ। ਪੱਕੇ ਵਸੇਬੇ ਦਾ ਤਹੱਮਲ ਕੀਤਾ ਹੈ। ਪੰਡਾਂ ਬੰਨ੍ਹ ਰਿਹਾ ਹੈ ਤਾਂ ਕਿ ਘੱਟੋ ਘੱਟ ਸੱਤ ਪੀੜ੍ਹੀਆਂ ਆਰਾਮ ਫਰਮਾ ਸਕਣ! 'ਅਸਲੀ ਘਰ' ਭੁਲਾਈ ਬੈਠੇ ਹਨ। ਸਿਕੰਦਰ ਦੁਨੀਆ ਜਿੱਤਣ ਨਿਕਲਿਆ ਸੀ। ਚਾਰ ਚੁਫ਼ੇਰੇ ਚੀਕ ਚਿਹਾੜਾ, ਲੁੱਟ ਖਸੁੱਟ, ਬਰਬਾਦੀ ਦਾ ਮੰਜ਼ਰ ਦੇਖਿਆ। ਤਾਕੀਦ ਕੀਤੀ, ਮੇਰੀ ਅਰਥੀ ਉਠਾਉਣ ਵੇਲੇ ਮੇਰੇ ਹੱਥ ਕੱਫ਼ਣ ਤੋਂ ਬਾਹਰ ਰੱਖਿਉ। ਪਤਾ ਲੱਗੇ, ਹੀਰੇ ਜਵਾਹਰਾਤ ਨਾਲ ਲਿਜਾਣ ਦੀ ਆਗਿਆ ਨਹੀਂ। 'ਦਿਮਾਗੀ' ਤੇ 'ਕਾਢੀ' ਮਨੁੱਖ ਰੱਬ ਦਾ ਸ਼ਰੀਕ ਬਣਿਆ ਹੈ। ਚੁਰਾਸੀ ਲੱਖ ਜੂਨਾਂ ਵਿੱਚੋਂ ਇਕੱਲਾ ਪ੍ਰਾਣੀ ਹੈ, ਜਿਹਨੂੰ ਆਉਣ ਵਾਲੇ ਕੱਲ੍ਹ ਦਾ ਫਿਕਰ ਐ...ਜ਼ਰਬਾਂ ਤਕਸੀਮਾਂ ਦਿੰਦਾ ਹੈ। ਭਾਵੇਂ ਅਗਲੇ ਪਲ ਦਾ ਪਤਾ ਨਹੀਂ...ਹੋਣੀ ਕਿੱਥੇ ਤਾਕ ਲਗਾ ਕੇ ਖੜ੍ਹੀ ਹੈ। ਕੁਦਰਤ 'ਤੇ ਭਰੋਸਾ ਨਹੀਂ। ਮਾਸੂਮਾਂ, ਬੇਜ਼ੁਬਾਨਾਂ ਦੀ ਛੱਡੋ, ਆਪਣੇ ਲਾਣੇ ਵਾਲਿਆਂ ਨੂੰ ਵੀ ਕੀੜੇ ਮਕੌੜੇ ਈ ਸਮਝਦੇ ਹਨ। ਬ੍ਰਹਿਮੰਡ ਵਿੱਚ 'ਸਰਦਾਰੀ' ਚਾਹੀਦੀ ਹੈ। ਧਰਤੀ, ਪਾਣੀ ਅਤੇ ਆਬੋ-ਹਵਾ 'ਤੇ ਕਬਜ਼ਾ ਕਰਨਾ ਹੈ। ਤੇਲ ਦੇ ਖੂਹਾਂ 'ਤੇ ਅੱਖ ਹੈ। ਸਰਹੱਦਾਂ ਵਧਾਉਣ ਦੀ ਫਿਕਰ ਹੈ। ਹਥਿਆਰ, ਹਜ਼ਾਰਾਂ ਮੀਲ ਦੂਰ ਮਾਰ ਕਰਦੇ ਹਨ। ਐਮਾਜ਼ੋਨ ਦੇ ਜੰਗਲ ਜਲ ਰਹੇ ਹਨ। ਨਿਆਮਤਾਂ ਮਧੋਲ ਸੁੱਟੀਆਂ ਹਨ!

ਵਿਸ਼ਵ ਦੀ ਵੰਡ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਹਜ਼ਾਰਾਂ ਟਨ ਅੰਨ ਦੀ ਬਰਬਾਦੀ, ਭੁੱਖਮਰੀ 'ਤੇ ਸਵਾਲ ਖੜ੍ਹੇ ਕਰਦੀ ਹੈ। ਵਿਰੋਧੀ ਨੂੰ ਠਿੱਬੀ ਲਾ ਕੇ ਤਬਾਹੀ ਦੀ ਤਸਵੀਰ ਹੁਣ ਰੂਹ ਨਹੀਂ ਕੰਬਾਉਂਦੀ। ਹਮਜਾਇਆਂ ਨੂੰ ਨੇਸਤੋ-ਨਾਬੂਦ ਕਰਨ ਵੇਲੇ ਜ਼ਮੀਰ ਲਾਹਨਤਾਂ ਨਹੀਂ ਪਾਉਂਦੀ। ਖ਼ਾਨਾ-ਬਦੋਸ਼ਾਂ ਦੀਆਂ ਆਹਾਂ, ਖੰਡਰ ਹੋਈਆਂ ਇਮਾਰਤਾਂ, ਵਿਲਕਦੇ ਬੱਚਿਆਂ ਦੀਆਂ ਚੀਕਾਂ ਸੁਣ ਕੇ ਵੀ ਮਨ ਨੂੰ ਡੋਬੂ ਨਹੀਂ ਪੈਂਦੇ। ਆਪਣੇ ਧਾਰਮਿਕ ਅਕੀਦੇ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਾਂ। ਭੁੱਲ ਜਾਂਦੇ ਹਾਂ ਕਿ ਲਹੂ ਦਾ ਰੰਗ ਲਾਲ ਹੀ ਹੁੰਦਾ ਹੈ। ਸੱਤ ਪੁਸ਼ਤਾਂ ਦਾ ਜੁਗਾੜ ਜੁ ਕਰਨਾ ਹੈ। ਜਿਨ੍ਹਾਂ ਨੂੰ ਘਟੀਆ ਸਮਝ ਕੇ ਦੁਰਕਾਰਦੇ ਹਾਂ, ਕਦੇ ਉਨ੍ਹਾਂ ਜਿੰਨੀ ਵਫ਼ਾ ਦਿਖਾਈ ਹੈ? ਸਿਰਫ਼ ਦੋ ਬੁਰਕੀਆਂ ਖਾ ਕੇ ਵੀ ਉਹ ਮਾਲਕ ਦੇ ਸ਼ੁਕਰ-ਗੁਜ਼ਾਰ ਹਨ। ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਸਾਖਸ਼ਾਤ ਗਵਾਹੀ ਭਰਦਾ ਹੈ;

ਰਾਤੀਂ ਜਾਗੇਂ ਕਰੇਂ ਇਬਾਦਤ, ਰਾਤ ਨੂੰ ਜਾਗਣ ਕੁੱਤੇ, ਤੈਥੋਂ ਉੱਤੇ

ਖਸਮ ਆਪਣੇ ਦਾ ਦਰ ਨਾ ਛੱਡਦੇ, ਭਾਵੇਂ ਮਾਰੇ ਸੌ ਸੌ ਜੁੱਤੇ, ਤੈਥੋਂ ਉੱਤੇ

ਬੁੱਲ੍ਹੈ ਸ਼ਾਹ ਉੱਠ ਯਾਰ ਮਨਾ ਲੈ, ਨਈਂ ਤਾਂ ਬਾਜ਼ੀ ਲੈ ਗਏ ਕੁੱਤੇ, ਤੈਥੋਂ ਉੱਤੇ।

ਫਿਰ ਮਨੁੱਖਾ ਜਨਮ ਸਰਵੋਤਮ ਕਿਵੇਂ ਹੋਇਆ?

ਪੰਛੀ ਤੇ ਦਰਵੇਸ਼ ਕੁਦਰਤ ਦੇ ਨੇੜੇ ਹੁੰਦੇ ਹਨ। ਇਸੇ ਲਈ ਕੁਦਰਤ ਨਾਲ ਇੱਕ ਮਿੱਕ ਨੇ, ਕੁਦਰਤ ਵਿੱਚ ਅਭੇਦ ਨੇ...ਦੁਨਿਆਵੀ ਅਲਾਮਤਾਂ ਤੋਂ ਦੂਰ ਹਨ। ਹੱਦਾਂ ਵਿੱਚ ਬੱਝੇ ਹੋਏ ਨਹੀਂ ...ਮੁਲਕਾਂ ਮਹਾਂਦੀਪਾਂ ਦੀਆਂ ਚਾਰ ਦੀਵਾਰੀਆਂ ਦੇ ਮੁਹਤਾਜ ਨਹੀਂ। ਕਈ ਵਾਰ ਇਨਸਾਨ ਵੀ ਪਰਿੰਦਾ ਬਣਨਾ ਲੋਚਦਾ ਹੈ। ਵਲਗਣਾਂ ਉਸ ਨੂੰ ਪੋਂਹਦੀਆਂ ਨਹੀਂ। ਖੁੱਲ੍ਹੀ ਹਵਾ ਵਿੱਚ ਉਡਾਰੀਆਂ ਜੰਨਤ ਦੀ ਨਿਆਈਂ ਲੱਗਦੀਆਂ ਹਨ। ਨਾ ਕੋਈ ਪਾਸਪੋਰਟ, ਨਾ ਪਰਮਿਸ਼ਨ!

ਬਿਨਾਂ ਵੀਜ਼ੇ ਜਾਂਦੇ ਨੇ ਲਾਹੌਰ ਓਏ ਹਮੀਦਿਆ<br>ਸਾਡੇ ਨਾਲੋਂ ਚੰਗੇ ਨੇ ਜਨੌਰ ਓਏ ਹਮੀਦਿਆ!




# ਬੱਚਿਆਂ ਨੂੰ ਸਿਖਾਓ ਚੰਗੇ ਗੁਣ

**ਵੀਰਪ੍ਰੀਤ ਕੌਰ**

ਦੁਨੀਆ 'ਚ ਮਨੁੱਖ ਕੋਲ ਜੇ ਸਾਰੇ ਸਾਧਨ ਹਨ ਪਰ ਆਦਰਸ਼ ਚਰਿੱਤਰ ਨਹੀਂ ਹੈ ਤਾਂ ਸਭ ਫ਼ਜ਼ੂਲ ਹੈ। ਚਰਿੱਤਰ ਸ਼ਖ਼ਸੀਅਤ ਨੂੰ ਉਭਾਰਦਾ, ਮਨ ਨੂੰ ਉੱਜਵਲ ਕਰਦਾ ਤੇ ਜੀਵਨ ਨੂੰ ਸੰਵਾਰਦਾ ਹੈ। ਚਰਿੱਤਰ ਦੇ ਅਸਰ ਅਧੀਨ ਹੀ ਲੋਕ ਮਿੱਤਰ ਬਣਦੇ ਹਨ। ਵਿਅਕਤੀ ਨੂੰ ਯੋਗਤਾ ਦੀ ਵਜ੍ਹਾ ਨਾਲ ਸਫਲਤਾ ਮਿਲਦੀ ਹੈ ਤੇ ਉਸ ਸਫਲਤਾ ਦੀ ਸਾਂਭ-ਸੰਭਾਲ ਚਰਿੱਤਰ ਨਾਲ ਸੰਭਵ ਹੈ।

## ਅੱਜ ਦੀ ਮਹੱਤਵਪੂਰਨ ਲੋੜ



ਜੇ ਸਫਲ ਵਿਅਕਤੀ ਆਪਣੇ ਚਰਿੱਤਰ ਨੂੰ ਨਹੀਂ ਨਿਖਾਰਦੇ ਤਾਂ ਉਨ੍ਹਾਂ ਦੀ ਸਫਲਤਾ ਸਥਾਈ ਨਹੀਂ ਰਹਿੰਦੀ। ਇਸ ਲਈ ਜੀਵਨ 'ਚ ਚਰਿੱਤਰ ਨੂੰ ਸੁਧਾਰਨਾ ਹੀ ਮਨੁੱਖ ਦਾ ਪਰਮ ਟੀਚਾ ਹੋਣਾ ਚਾਹੀਦਾ ਹੈ। ਅਸੀਂ ਚਾਹੇ ਕਿਸੇ ਵੀ ਖੇਤਰ 'ਚ ਸਰਗਰਮ ਹੋਈਏ, ਸਾਨੂੰ ਆਪਣਾ ਚਰਿੱਤਰ ਬਣਾ ਕੇ ਅਤੇ ਬਚਾ ਕੇ ਰੱਖਣਾ ਚਾਹੀਦਾ ਹੈ। ਗਿਆਨ ਤੋਂ ਬਿਨਾਂ ਚਰਿੱਤਰ ਦਾ ਨਿਰਮਾਣ ਨਹੀਂ ਹੋ ਸਕਦਾ। ਇਸ ਲਈ ਸਿੱਖਿਆ ਦੇ ਨਾਲ-ਨਾਲ ਚਰਿੱਤਰ ਨਿਰਮਾਣ ਅੱਜ ਦੀ ਮਹੱਤਵਪੂਰਨ ਲੋੜ ਹੈ। ਜਿੰਨਾ ਚਿਰ ਹਰ ਵਿਅਕਤੀ ਆਦਰਸ਼ ਮਨੁੱਖ ਨਹੀਂ ਬਣ ਜਾਂਦਾ, ਓਨਾ ਚਿਰ ਆਦਰਸ਼ ਸਮਾਜ ਦੀ ਸਿਰਜਣਾ ਹੋਣੀ ਸੰਭਵ ਨਹੀਂ ਹੈ। ਸਮਾਜ 'ਚ ਦਿਨੋਂ-ਦਿਨ ਨਿਖਾਰ ਦੀ ਥਾਂ ਨਿਘਾਰ ਆ ਰਿਹਾ ਹੈ। ਸਮਾਜ ਵਿੱਚ ਈਰਖਾ, ਮੂਰਖਤਾ, ਹੰਕਾਰ, ਖ਼ੁਦਗਰਜ਼ੀ, ਅਗਿਆਨਤਾ ਆਦਿ ਅਮਾਨਵੀ ਕਦਰਾਂ- ਕੀਮਤਾਂ ਦਾ ਬੋਲਬਾਲਾ ਹੈ। ਇਸ ਲਈ ਬੱਚੇ ਨੂੰ ਮੁੱਢ ਤੋਂ ਹੀ ਚੰਗੇ ਸੰਸਕਾਰ ਦਿੱਤੇ ਜਾਣੇ ਚਾਹੀਦੇ ਹਨ।

## ਦੇਸ਼ ਦਾ ਭਵਿੱਖ ਹੁੰਦੇ ਬੱਚੇ

ਬੱਚੇ ਦੇ ਚਰਿੱਤਰ ਨਿਰਮਾਣ ਦਾ ਪਹਿਲਾ ਸਿੱਖਿਅਕ ਕੇਂਦਰ ਮਾਪੇ, ਦੂਜਾ ਸਕੂਲ ਤੇ ਤੀਜਾ ਧਾਰਮਿਕ ਸੰਸਥਾਵਾਂ ਹਨ। ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ। ਮਨੁੱਖ ਦਾ ਅਸਲੀ ਸਰਮਾਇਆ ਬੱਚੇ ਹੀ ਹੁੰਦੇ ਹਨ। ਬੱਚੇ ਦੇ ਚਰਿੱਤਰ ਨਿਰਮਾਣ 'ਚ ਪਰਿਵਾਰ ਦਾ ਅਹਿਮ ਯੋਗਦਾਨ ਹੁੰਦਾ ਹੈ। ਸਭ ਤੋਂ ਪਹਿਲਾਂ ਮਾਤਾ- ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਚੰਗੇ ਗੁਣਾਂ ਦੀ ਸਿੱਖਿਆ ਦੇਣ ਭਾਵ ਚੰਗੇ ਸੰਸਕਾਰ ਪੈਦਾ ਕਰਨ। ਉਨ੍ਹਾਂ ਨੂੰ ਸਦਾਚਾਰਕ ਗੁਣਾਂ ਦੀ ਸਿੱਖਿਆ ਦੇਣ, ਸਦਾ ਸੱਚ ਬੋਲਣਾ, ਝੂਠ ਨਾ ਬੋਲਣਾ, ਕਿਸੇ ਦਾ ਬੁਰਾ ਨਾ ਕਰਨਾ, ਕਿਸੇ ਦਾ ਦਿਲ ਨਾ ਦੁਖਾਉਣਾ, ਕਿਸੇ ਨਾਲ ਧੋਖਾ ਨਾ ਕਰਨਾ, ਭੈੜੀ ਸੰਗਤ ਤੋਂ ਬਚਣਾ, ਕਿਸੇ ਦਾ ਹੱਕ ਨਾ ਖੋਹਣਾ, ਇਸ ਤੋਂ ਇਲਾਵਾ ਦੂਜਿਆਂ ਨੂੰ ਪਿਆਰ-ਸਤਿਕਾਰ ਦੇਣਾ, ਕ੍ਰੋਧ, ਕਾਮ, ਲੋਭ, ਈਰਖਾ ਤੇ ਅਹੰਕਾਰ ਦਾ ਤਿਆਗ ਕਰਨਾ, ਨਿਮਰਤਾ, ਹਮਦਰਦੀ, ਸਹਿਣਸ਼ੀਲਤਾ, ਦਇਆ, ਸਬਰ-ਸੰਤੋਖ ਦੇ ਧਾਰਨੀ ਹੋਣਾ ਇਹ ਸਭ ਕੁਝ ਬੱਚਾ ਘਰ ਤੋਂ ਹੀ ਸਿੱਖਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪ ਪਹਿਲਾਂ ਉਪਰੋਕਤ ਗੁਣਾਂ ਦੇ ਧਾਰਨੀ ਬਣਨ, ਤਾਂ ਜੋ ਉਨ੍ਹਾਂ ਪਾਸੋਂ ਬੱਚੇ ਸੇਧ ਲੈ ਕੇ ਆਪਣਾ ਜੀਵਨ ਸੁਚੱਜਾ ਬਣਾ ਸਕਣ।

## ਰਿਸ਼ਤਿਆਂ ਬਾਰੇ ਦਿਉ ਜਾਣਕਾਰੀ

ਬੱਚਿਆਂ ਦਾ ਮਨ ਕੋਰਾ ਕਾਗਜ਼ ਹੈ। ਉਸ ਉੱਤੇ ਜਿਸ ਤਰ੍ਹਾਂ ਦੇ ਵਿਚਾਰ ਲਿਖੇ ਜਾਣਗੇ, ਉਸੇ ਤਰ੍ਹਾਂ ਹੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਕਾਸ ਹੋਵੇਗਾ। ਪਰਿਵਾਰ ਵਿਚ ਰਹਿ ਕੇ ਬੱਚਾ ਸੱਭਿਆਚਾਰਕ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਹੈ। ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਿਆ ਜਾਵੇ ਤੇ ਪਰਿਵਾਰਕ ਰਿਸ਼ਤਿਆਂ ਬਾਰੇ ਜਾਣਕਾਰੀ ਮੁੱਢ ਤੋਂ ਹੀ ਦਿੱਤੀ ਜਾਵੇ। ਮਾਪੇ ਬੱਚਿਆਂ ਨੂੰ ਮੋਬਾਈਲ ਦੀ ਵਰਤੋਂ ਦੀ ਜਗ੍ਹਾ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ। ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਕੋਸ਼ਿਸ਼ ਦੇ ਨਾਲ-ਨਾਲ ਉਨ੍ਹਾਂ ਨੂੰ ਅਨੁਸ਼ਾਸਨ 'ਚ ਰਹਿਣ ਲਈ ਪ੍ਰੇਰਿਤ ਕਰਦੇ ਰਹਿਣ।

## ਸਕੂਲ ਨਿਭਾਉਂਦਾ ਅਹਿਮ ਭੂਮਿਕਾ

ਇਸੇ ਤਰ੍ਹਾਂ ਬੱਚੇ ਦਾ ਦੂਜਾ ਸਿੱਖਿਆ ਕੇਂਦਰ ਸਕੂਲ ਹੈ। ਬੱਚੇ ਲਈ ਸਕੂਲ ਦਾ ਵਾਤਾਵਰਣ ਚੰਗਾ ਹੋਣਾ ਚਾਹੀਦਾ ਹੈ ਕਿਉਂਕਿ ਵਾਤਾਵਰਣ ਬੱਚੇ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਅਧਿਆਪਕਾਂ ਵੱਲੋਂ ਅੱਖਰੀ ਗਿਆਨ ਦੇ ਨਾਲ-ਨਾਲ ਬੱਚਿਆਂ ਨੂੰ ਵਿਹਾਰਕ, ਨੈਤਿਕ ਤੇ ਸਰੀਰਕ ਸਿੱਖਿਆ ਵੀ ਦਿੱਤੀ ਜਾਣੀ ਚਾਹੀਦੀ ਹੈ। ਬੱਚੇ ਦਾ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿਚ ਸਕੂਲ ਅਹਿਮ ਭੂਮਿਕਾ ਨਿਭਾਉਂਦਾ ਹੈ। ਅਧਿਆਪਕਾਂ ਨੂੰ ਬੱਚਿਆਂ 'ਚ ਚੰਗੀਆਂ ਕਿਤਾਬਾਂ ਪੜ੍ਹਨ ਦੀ ਰੁਚੀ, ਰਸਾਲੇ, ਅਖ਼ਬਾਰਾਂ ਪੜ੍ਹਨ, ਸਖ਼ਤ ਮਿਹਨਤ ਕਰਨ, ਅਨੁਸ਼ਾਸਨ ਬਣਾ ਕੇ ਰੱਖਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਸੱਚ ਦੇ ਮਾਰਗ 'ਤੇ ਚੱਲਣ, ਨਕਲ ਨਾ ਕਰਨਾ ਆਦਿ ਚੰਗੀਆਂ ਗੱਲਾਂ ਬੱਚੇ ਅੰਦਰ ਵਿਕਸਿਤ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਉਹ ਦੇਸ਼ ਦੇ ਜਾਗਰੂਕ ਨਾਗਰਿਕ ਅਤੇ ਵਧੀਆ ਇਨਸਾਨ ਵਜੋਂ ਵਿਕਸਿਤ ਹੋ ਸਕਣ।

## ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ਬਾਰੇ ਜਾਵੇ ਸਮਝਾਇਆ

ਇਸ ਤੋਂ ਬਾਅਦ ਬੱਚੇ ਦਾ ਸਿੱਖਿਆ ਕੇਂਦਰ ਗੁਰੂ ਘਰ ਹੈ ਯਾਨੀ ਧਾਰਮਿਕ ਸੰਸਥਾਵਾਂ। ਬੱਚੇ ਦਾ ਚਰਿੱਤਰ ਨਿਰਮਾਣ ਕਰਨ 'ਚ ਧਾਰਮਿਕ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੈ। ਬੱਚਿਆਂ ਨੂੰ ਦੱਸਿਆ ਜਾਵੇ ਕਿ ਗੁਰਬਾਣੀ ਸਾਨੂੰ ਕੀ ਸਿੱਖਿਆ ਦਿੰਦੀ ਹੈ, ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਬਾਰੇ ਉਨ੍ਹਾਂ ਨੂੰ ਸਮਝਾਇਆ ਜਾਵੇ ਤਾਂ ਜੋ ਉਹ ਸਿੱਖੀ ਦੇ ਅਮੀਰ ਵਿਰਸੇ ਨਾਲ ਜੁੜ ਸਕਣ। ਇਸ ਨਾਲ ਬੱਚੇ ਦਾ ਚੰਗਾ ਚਰਿੱਤਰ ਨਿਰਮਾਣ ਹੋ ਸਕਦਾ ਹੈ। ਬੱਚੇ ਵਿਚ ਸਹਿਜ, ਸੰਜਮ, ਧੀਰਜ, ਦਇਆ, ਸਬਰ-ਸੰਤੋਖ, ਸਹਿਣਸ਼ੀਲਤਾ ਜਿਹੇ ਗੁਣ ਵਿਕਸਿਤ ਹੁੰਦੇ ਹਨ। ਬੱਚਾ ਚੰਗਾ ਮਨੁੱਖ ਬਣ ਕੇ ਚੰਗੇ ਸਮਾਜ ਦੀ ਸਿਰਜਣਾ ਕਰੇਗਾ। ਇਕ ਚੰਗੇ ਸਮਾਜ ਵਿੱਚੋਂ ਹੀ ਚੰਗੇ ਇਨਸਾਨ, ਅਧਿਆਪਕ, ਰਾਜਨੀਤਕ ਤੇ ਧਾਰਮਿਕ ਆਗੂ, ਡਾਕਟਰ, ਇੰਜੀਨੀਅਰ ਤੇ ਚੰਗੇ ਵਕੀਲ ਪੈਦਾ ਹੋਣਗੇ।

# ਪ੍ਰੀਖਿਆ ਨੂੰ ਹਊਆ ਨਾ ਬਣਾਉਣ ਬੱਚੇ

**ਪ੍ਰੋ. ਕੁਸੁਮ ਟਾਕ**



ਪ੍ਰੀਖਿਆ ਅੰਗਰੇਜ਼ੀ ਭਾਸ਼ਾ ਦੇ ਇਗਜ਼ਾਮੀਨੇਸ਼ਨ ਦਾ ਪੰਜਾਬੀ ਅਨੁਵਾਦ ਹੈ। ਸਿੱਖਿਆ ਦੇ ਖੇਤਰ 'ਚ ਪ੍ਰੀਖਿਆ ਉਹ ਪ੍ਰੀਕਿਰਿਆ ਹੈ, ਜਿਸ ਰਾਹੀਂ ਵਿਦਿਆਰਥੀ ਦੇ ਗਿਆਨ ਦੀ ਸਮਝ, ਹੁਨਰ ਤੇ ਯੋਗਤਾ ਦੀ ਜਾਂਚ ਕੀਤੀ ਜਾਂਦੀ ਹੈ। ਇਹ ਵਿਦਿਆਰਥੀਆਂ ਦੀ ਨਿਸ਼ਚਿਤ ਸਮੇਂ ਦੌਰਾਨ ਕੀਤੀ ਗਈ ਮੁਕੰਮਲ ਤਿਆਰੀ ਦੀ ਪਰਖ ਕਰ ਕੇ ਉਸਦਾ ਦਾ ਨਤੀਜਾ ਪ੍ਰਦਰਸ਼ਿਤ ਕਰਦੀ ਹੈ। ਇਸ ਤਰ੍ਹਾਂ ਪ੍ਰੀਖਿਆ ਵਿਦਿਆਰਥੀ ਨੂੰ ਵਿਸ਼ੇਸ਼ ਮਾਪਦੰਡਾਂ 'ਤੇ ਖਰਾ ਉਤਾਰਨ ਦੀ ਤਕਨੀਕ ਮਾਤਰ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਵਿਦਿਆਰਥੀ ਹੋਣਹਾਰ ਤੇ ਤਿਆਰੀ ਕਰਨ ਦੇ ਬਾਵਜੂਦ ਪ੍ਰੀਖਿਆ ਵਿੱਚੋਂ ਚੰਗੇ ਅੰਕ ਪ੍ਰਾਪਤ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਪੇਪਰ ਲਿਖਣ ਦੀ ਤਕਨੀਕ ਜਾਂ ਰਣਨੀਤੀ ਨਹੀਂ ਪਤਾ ਹੁੰਦੀ। ਅਸਲ 'ਚ ਪ੍ਰੀਖਿਆ ਵਿਚ ਵਧੀਆ ਪੇਪਰ ਲਿਖਣਾ ਵੀ ਕਲਾ ਹੈ, ਜਿਹੜੀ ਸਹੀ ਯੋਜਨਾ, ਅਨੁਸ਼ਾਸਨ, ਸਮੇਂ ਦੀ ਪਾਬੰਦੀ ਤੇ ਸੁਚੱਜੀ ਪੇਸ਼ਕਾਰੀ ਨਾਲ ਸੰਭਵ ਹੈ। ਮੌਜੂਦਾ ਸਮੇਂ 'ਚ ਲਿਖਤੀ ਪ੍ਰੀਖਿਆ ਹਰਮਨ ਪਿਆਰੀ ਹੈ। ਪ੍ਰੀਖਿਆ ਦੌਰਾਨ ਵਧੀਆ ਪੇਪਰ ਹੱਲ ਕਰਨ ਲਈ ਵਿਆਪਕ ਰਣਨੀਤੀ ਬਣਾ ਕੇ, ਉਸ ਉੱਤੇ ਅਨੁਸ਼ਾਸਿਤ ਹੋ ਕੇ ਕੰਮ ਕਰਨ ਦੀ ਲੋੜ ਹੁੰਦੀ ਹੈ। ਵਧੀਆਂ ਪੇਪਰ ਉਦੋਂ ਹੀ ਸੰਭਵ ਹੈ, ਜਦੋਂ ਤਿਆਰ ਕੀਤੀ ਰਣਨੀਤੀ ਅਨੁਸਾਰ ਦਰਸਾਏ ਪੜਾਵਾਂ ਦੀ ਪਾਲਣਾ ਕੀਤੀ ਜਾਵੇ।

ਵਧੀਆ ਪੇਪਰ ਲਿਖਣ ਤੋਂ ਪਹਿਲਾਂ ਉਸ ਦਾ ਆਧਾਰ ਮਜ਼ਬੂਤ ਹੋਣਾ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਸਿਲੇਬਸ ਬਾਰੇ ਮੁਕੰਮਲ ਜਾਣਕਾਰੀ ਹੋਣੀ ਜ਼ਰੂਰੀ ਹੈ। ਪਾਠ-ਪੁਸਤਕਾਂ ਦੇ ਅਧਿਐਨ ਤੇ ਅਭਿਆਸ, ਨੋਟਸ ਤਿਆਰ ਕਰਨੇ, ਅੰਦਰੂਨੀ ਪ੍ਰਸ਼ਨਾਂ ਦੀ ਚੰਗੀ ਸਮਝ, ਪਿਛਲੇ ਸਾਲਾਂ ਵਿਚ ਆਏ ਪ੍ਰਸ਼ਨ ਪੱਤਰ ਦੀ ਸਮਝ,ਮਾਡਲ ਟੈਸਟ ਪੇਪਰਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ। ਰੋਜ਼ਾਨਾ ਦੁਹਰਾਈ ਕਰਨ ਨਾਲ ਜਿੱਥੇ ਵਿਸ਼ੇ ਉੱਤੇ ਪਕੜ ਬਣਦੀ ਹੈ, ਉੱਥੇ ਗਿਆਨ ਵਿੱਚ ਵੀ ਵਾਧਾ ਹੁੰਦਾ ਹੈ।

## ਅਧਿਆਪਕ ਦੀ ਭੂਮਿਕਾ

ਪ੍ਰੀਖਿਆ ਅਸਲ ਵਿੱਚ ਉੱਤਮ ਅਧਿਆਪਕ ਦੀ ਸੈਸ਼ਨ ਦੌਰਾਨ ਕਰਵਾਈ ਗਈ ਤਿਆਰੀ ਦਾ ਨਤੀਜਾ ਹੈ। ਯੋਗ ਅਧਿਆਪਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਅਰਥੀਆਂ ਨੂੰ ਸਹੀ ਦਿਸ਼ਾ ਦਿਖਾਉਣ, ਸਮੇਂ-ਸਮੇਂ 'ਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ। ਉਹ ਆਪਣੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਉੱਤਰ-ਪੁਸਤਿਕਾ ਲਿਖਣ ਦੀ ਤਕਨੀਕ ਦੱਸਣ ਤੇ ਘਰੇਲੂ ਮੁਲਾਂਕਣ ਦੌਰਾਨ ਬਤੌਰ ਪ੍ਰੀਖਿਅਕ ਡਿਊਟੀ ਨਿਭਾਉਣ। ਉਹ ਆਪਣੇ ਵਿਦਿਆਰਥੀਆਂ ਦਾ ਮਨੋਬਲ ਹਮੇਸ਼ਾ ਉੱਪਰ ਰੱਖਣ ਲਈ ਯਤਨਸ਼ੀਲ ਰਹਿਣ।

## ਮਾਪਿਆਂ ਦਾ ਯੋਗਦਾਨ

ਪ੍ਰੀਖਿਆ ਦੌਰਾਨ ਵਿਦਿਆਰਥੀ ਅਕਸਰ ਆਪਣੇ ਉੱਤੇ ਅਣ-ਉਚਿਤ ਦਬਾਅ ਬਣਾ ਲੈਂਦੇ ਹਨ। ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਅਜਿਹੀ ਸਥਿਤੀ ਨਾ ਆਉਣ ਦੇਣ। ਉਹ ਆਪਣੇ ਬੱਚਿਆਂ 'ਚ ਪੂਰਨ ਵਿਸ਼ਵਾਸ ਦਿਖਾਉਂਦੇ ਹੋਏ ਉਚਿਤ ਮਾਹੌਲ ਦਿੰਦੇ ਹੋਏ ਵਧੀਆ ਕਾਰਗੁਜਾਰੀ ਲਈ ਪ੍ਰੇਰਿਤ ਕਰਨ। ਬੱਚੇ ਦੀ ਸਿਹਤ, ਪੌਸ਼ਟਿਕ ਖ਼ੁਰਾਕ ਤੇ ਸਹੀ ਨੀਂਦ ਦਾ ਧਿਆਨ ਰੱਖਣਾ ਮਾਪਿਆ ਦੀ ਮੁੱਢਲੀ ਜ਼ਿੰਮੇਵਾਰੀ ਹੈ।

## ਪ੍ਰਸ਼ਨ ਪੱਤਰ ਨੂੰ ਧਿਆਨ ਨਾਲ ਪੜ੍ਹਨਾ

ਪ੍ਰੀਖਿਆ ਕੇਂਦਰ ਵਿੱਚ ਪਹੁੰਚਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ, ਖ਼ੁਦ ਨੂੰ ਉਸ ਮਾਹੌਲ ਵਿੱਚ ਢਾਲ ਲਓ। ਜਦੋਂ ਨਿਗਰਾਨ ਵੱਲੋਂ ਪ੍ਰਸ਼ਨ ਪੱਤਰ ਦਿੱਤਾ ਜਾਵੇ, ਬਿਨਾਂ ਸਮਾਂ ਬਰਬਾਦ ਕੀਤੇ ਉਸ ਨੂੰ ਧਿਆਨ ਨਾਲ ਪੜ੍ਹਿਆ ਜਾਵੇ। ਅਕਸਰ ਦੇਖਿਆ ਜਾਂਦਾ ਹੈ ਕਿ ਕਾਹਲ ਵਿੱਚ ਵਿਦਿਆਰਥੀ ਪ੍ਰਸ਼ਨ ਨੂੰ ਅਧੂਰਾ ਸਮਝ ਲੈਂਦੇ ਹਨ, ਜਿਸ ਨਾਲ ਅੰਕਾਂ ਦਾ ਨੁਕਸਾਨ ਹੁੰਦਾ ਹੈ। ਹਰ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਉਸ ਪ੍ਰਸ਼ਨ ਦੇ ਕਿੰਨੇ ਅੰਕ ਹਨ, ਦਾ ਧਿਆਨ ਵੀ ਜ਼ਰੂਰੀ ਹੈ। ਅੰਕਾਂ ਨੂੰ ਦੇਖ ਕੇ ਸਮਝ ਹੋਣੀ ਚਾਹੀਦੀ ਹੈ ਕਿ ਉਸ ਦਾ ਉੱਤਰ ਕਿੰਨੇ ਸ਼ਬਦਾਂ 'ਚ ਦੇਣਾ ਬਣਦਾ ਹੈ। ਵਿਦਿਆਰਥੀਆਂ ਨੂੰ 'ਵਿਆਖਿਆ ਕਰੋ','ਸੰਖੇਪ ਵਿੱਚ ਲਿਖੋ','ਕਾਰਨ ਦੱਸੋ' ਵਰਗੇ ਪ੍ਰਸ਼ਨਾਂ ਦੇ ਉੱਤਰ ਦੇਣ ਬਾਰੇ ਗਿਆਨ ਹੋਣਾ ਚਾਹੀਦਾ ਹੈ।

## ਸਮੇਂ ਦੀ ਸਹੀ ਯੋਜਨਾ

ਪ੍ਰੀਖਿਆ ਵਿੱਚ ਉੱਤਰ ਜਿੰਨਾ ਅਹਿਮ ਹੈ, ਓਨਾ ਹੀ ਸਮਾਂ ਵੀ ਕੀਮਤੀ ਹੈ। ਪੇਪਰ ਸ਼ੁਰੂ ਕਰਨ ਤੋਂ ਪਹਿਲਾਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਹਰ ਭਾਗ ਜਾਂ ਪ੍ਰਸ਼ਨ ਲਈ ਕਿੰਨਾ ਸਮਾਂ ਦਿੱਤਾ ਜਾਵੇ। ਵੱਧ ਅੰਕਾਂ ਵਾਲੇ ਪ੍ਰਸ਼ਨਾਂ ਲਈ ਜ਼ਿਆਦਾ ਸਮਾਂ ਅਤੇ ਘੱਟ ਅੰਕਾਂ ਵਾਲਿਆਂ ਲਈ ਘੱਟ ਸਮਾਂ ਨਿਰਧਾਰਤ ਕਰ ਕੇ ਰੱਖਣਾ ਚਾਹੀਦਾ ਹੈ। ਆਖ਼ਰੀ 10-15 ਮਿੰਟ ਦੁਹਰਾਈ ਲਈ ਜ਼ਰੂਰ ਬਚਾ ਕੇ ਰੱਖਣੇ ਚਾਹੀਦੇ ਹਨ।

## ਉੱਤਰ ਦੀ ਪ੍ਰਭਾਵਸ਼ੀਲਤਾ

ਪ੍ਰਸ਼ਨ ਦਾ ਉੱਤਰ ਦੇਣ ਸਮੇਂ ਸ਼ੁਰੂਆਤ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ। ਉੱਤਰ ਦੀ ਸੁਚੱਜੀ ਤੇ ਸਪੱਸ਼ਟ ਪੇਸ਼ਕਾਰੀ ਨਾਲ ਪ੍ਰੀਖਿਅਕ ਉੱਤੇ ਸਕਾਰਾਤਮਿਕ ਪ੍ਰਭਾਵ ਸੁਭਾਵਿਕ ਹੈ। ਤੁਹਾਡੀ ਪੇਪਰ ਲਈ ਕੀਤੀ ਸਫਲ ਕੋਸ਼ਿਸ ਅੰਕਾਂ ਵਿੱਚ ਨਿਸ਼ਚਿਤ ਤੌਰ 'ਤੇ ਵਾਧਾ ਕਰੇਗੀ। ਵੱਡੇ ਪ੍ਰਸ਼ਨਾਂ ਵਿੱਚ ਉੱਤਰ ਦੇਣ ਸਮੇਂ ਦੋ- ਚਾਰ ਲਾਈਨਾਂ ਵਿੱਚ ਭੂਮਿਕਾ ਲਿਖੀ ਜਾਵੇ, ਫਿਰ ਮੁੱਖ ਵਿਸ਼ੇ ਨੂੰ ਲਿਖਿਆ ਜਾਵੇ ਤੇ ਅੰਤ 'ਚ ਸੰਖੇਪ ਵਿੱਚ ਸਿੱਟਾ ਰਿਪੋਰਟ ਰਾਹੀਂ ਉੱਤਰ ਨੂੰ ਸਮਾਪਤ ਕੀਤਾ ਜਾਵੇ। ਇਸ ਤਰ੍ਹਾਂ ਉੱਤਰ ਵਿੱਚ ਪ੍ਰਭਾਵਸ਼ੀਲਤਾ ਆਉਂਦੀ ਹੈ। ਬੇਲੋੜੀ ਵਿਆਖਿਆ ਤੋਂ ਗੁਰੇਜ਼ ਕੀਤਾ ਜਾਵੇ, ਇਹ ਅੰਕਾਂ ਨੂੰ ਘਟਾਉਣ ਦਾ ਕੰਮ ਕਰਦੀ ਹੈ।

## ਖ਼ਾਸ ਨੁਕਤੇ

ਉੱਤਰ ਲਿਖਣ ਸਮੇਂ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਪ੍ਰਸ਼ਨ ਵਿਚ ਪੁੱਛੇ ਗਏ ਖ਼ਾਸ ਨੁਕਤਿਆਂ ਨੂੰ ਰੇਖਾਂਕਿਤ ਕੀਤਾ ਜਾਵੇ ਤਾਂ ਜੋ ਪ੍ਰੀਖਿਅਕ ਨੂੰ ਉਹ ਸਪੱਸ਼ਟ ਦਿਖਾਈ ਦੇਵੇ। ਇਹ ਨਾ ਹੋਵੇ ਕਿ ਉਹ ਉੱਤਰ ਵਿੱਚ ਖ਼ਾਸ ਨੁਕਤਾ ਲੱਭਦਾ ਰਹਿ ਜਾਵੇ। ਉੱਤਰ ਪੁਸਤਿਕਾ ਸਾਫ਼ ਅਤੇ ਪੜ੍ਹਨਯੋਗ ਹੋਣੀ ਲਾਜ਼ਮੀ ਸ਼ਰਤ ਹੈ। ਭੈੜੀ ਜਾਂ ਅਸਪੱਸ਼ਟ ਲਿਖਾਵਟ ਕਰਕੇ ਪ੍ਰੀਖਿਅਕ ਨੂੰ ਉੱਤਰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ। ਜਿੱਥੋਂ ਤੱਕ ਸੰਭਵ ਹੋਵੇ, ਹੈਡਿੰਗ, ਸਿਰਲੇਖ, ਉਪ-ਸਿਰਲੇਖ, ਬਿੰਦੂਆਂ ਅਤੇ ਪੈਰਾਗ੍ਰਾਫਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡਾਇਗ੍ਰਾਮ, ਨਕਸ਼ੇ ਜਾਂ ਚਾਰਟ ਸਾਫ਼ ਤੇ ਸਪੱਸ਼ਟ ਅੰਕਾਂ ਵਿੱਚ ਵਾਧਾ ਕਰਦੇ ਹਨ।

## ਭਾਸ਼ਾ ਤੇ ਸ਼ਬਦਾਵਲੀ ਦਾ ਧਿਆਨ

ਉੱਤਰ ਪੁਸਤਿਕਾ ਲਿਖਣ ਸਮੇਂ ਭਾਸ਼ਾ ਸੌਖੀ, ਸਪੱਸ਼ਟ ਤੇ ਗ਼ਲਤੀਆਂ ਤੋਂ ਮੁਕਤ ਹੋਣੀ ਚਾਹੀਦੀ ਹੈ। ਵਿਆਕਰਨਿਕ ਤੇ ਵਿਰਾਮ ਚਿੰਨ੍ਹਾਂ ਦਾ ਧਿਆਨ ਰੱਖਣਾ ਲਾਜ਼ਮੀ ਹੈ। ਬੇਲੋੜੇ ਔਖੇ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ। ਇਹ ਗੱਲ ਯਾਦ ਰੱਖੋ ਕਿ ਪ੍ਰੀਖਿਅਕ ਸਪੱਸ਼ਟ ਲੇਖਣੀ ਅਤੇ ਸਮਝ ਨੂੰ ਅੰਕ ਦਿੰਦਾ ਹੈ, ਨਾ ਕਿ ਭਾਰੀ ਸ਼ਬਦਾਂ ਨੂੰ।

## ਪ੍ਰੀਖਿਆ ਦੌਰਾਨ ਆਤਮ-ਵਿਸ਼ਵਾਸ

ਪ੍ਰੀਖਿਆ ਦੌਰਾਨ ਤਣਾਅ ਤੇ ਚਿੰਤਾ ਮੁਕਤ ਹੋ ਕੇ ਆਤਮ-ਵਿਸ਼ਵਾਸ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਜੇ ਪ੍ਰੀਖਿਆਰਥੀ ਕਿਸੇ ਤਰ੍ਹਾਂ ਦਾ ਤਣਾਅ ਮਹਿਸੂਸ ਕਰ ਰਿਹਾ ਹੈ ਤਾਂ ਹੋ ਸਕਦਾ ਉਹ ਕੁਝ ਪ੍ਰਸ਼ਨਾਂ ਦੇ ਉੱਤਰ ਭੁੱਲ ਸਕਦਾ ਹੈ। ਮੰਨ ਲਵੋ ਕੋਈ ਪ੍ਰਸ਼ਨ ਤੁਰੰਤ ਯਾਦ ਨਾ ਆਵੇ ਤਾਂ ਘਬਰਾਉਣ ਦੀ ਬਜਾਏ ਅਗਲਾ ਪ੍ਰਸ਼ਨ ਕਰਨਾ ਚਾਹੀਦਾ ਹੈ। ਸਮਾਂ ਰਹਿ ਕੇ ਕਈ ਵਾਰ ਉੱਤਰ ਯਾਦ ਆ ਜਾਂਦਾ ਹੈ। ਸ਼ਾਂਤ-ਚਿੱਤ ਨਾਲ ਲਿਖਿਆ ਗਿਆ ਉੱਤਰ ਹਮੇਸ਼ਾ ਵਧੀਆ ਅੰਕ ਦਿਵਾਉਂਦਾ ਹੈ।

ਆਖ਼ਰ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪ੍ਰੀਖਿਆ ਦੌਰਾਨ ਵਧੀਆ ਪੇਪਰ ਲਿਖਣ ਲਈ ਸਿਰਫ਼ ਗਿਆਨ ਦਾ ਹੋਣਾ ਕਾਫ਼ੀ ਨਹੀਂ ਸਗੋਂ ਸਹੀ ਯੋਜਨਾ, ਅਭਿਆਸ ਤੇ ਆਤਮ-ਵਿਸ਼ਵਾਸ ਵੀ ਓਨਾ ਹੀ ਜ਼ਰੂਰੀ ਹੈ। ਜਿਹੜੇ ਵਿਦਿਆਰਥੀ ਪ੍ਰੀਖਿਆ ਤੋਂ ਪਹਿਲਾਂ ਪੂਰੀ ਤਿਆਰੀ ਕਰਦੇ ਹਨ ਅਤੇ ਪ੍ਰੀਖਿਆ ਦੌਰਾਨ ਠੰਢੇ ਦਿਮਾਗ਼ ਨਾਲ ਸੁਚੱਜੇ ਢੰਗ ਨਾਲ ਉੱਤਰ ਲਿਖਦੇ ਹਨ, ਉਹ ਨਿਸ਼ਚਿਤ ਹੀ ਸਫਲਤਾ ਹਾਸਿਲ ਕਰਦੇ ਹਨ।



# ਇੱਕ ਬਾਲੀ ਹੁੰਦਾ ਸੀ...

-ਤਰਲੋਚਨ ਲੋਚੀ

ਉਹ ਜੋ ਫੁੱਲ ਟੁੱਟਣ 'ਤੇ ਵੀ ਕੰਬ ਉੱਠਦਾ ਸੀ, ਉਸ ਦੇ ਹੱਥੀਂ ਆਏ ਨੇ ਹਥਿਆਰ ਕਿਵੇਂ? ਪਿਛਲੇ ਹਫ਼ਤੇ ਜਦੋਂ ਮੈਂ ਆਪਣੀ ਇੱਕ ਗ਼ਜ਼ਲ ਦਾ ਇਹ ਸ਼ਿਅਰ ਲਿਖਿਆ ਤਾਂ ਉਦੋਂ ਮੈਨੂੰ ਬਾਲੀ ਰਹਿ-ਰਹਿ ਕੇ ਚੇਤੇ ਆਇਆ। ਉਸ ਦਾ ਪੂਰਾ ਨਾਂਅ ਤਾਂ ਇਕਬਾਲ ਸੀ ਪਰ ਪਿਆਰ ਨਾਲ ਸਾਰੇ ਉਸ ਨੂੰ ਬਾਲੀ ਹੀ ਕਹਿੰਦੇ। ਉਮਰੋਂ ਉਹ ਸਾਡੇ ਤੋਂ ਵੱਡਾ ਸੀ ਪਰ ਉਹ ਰਹਿੰਦਾ ਸਾਡਾ ਹਾਣੀ ਬਣ ਕੇ ਸੀ। ਹਾਕੀ ਦਾ ਕਮਾਲ ਦਾ ਖਿਡਾਰੀ ਸੀ ਉਹ, ਗੇਂਦ ਲੈ ਕੇ ਹਵਾ ਹੋ ਜਾਂਦਾ ਸੀ ਤੇ ਫੇਰ ਗੋਲ ਵਾਲਾ ਫੱਟਾ ਖੜਕਾ ਕੇ ਹੀ ਮੁੜਦਾ ਸੀ ਵਿਰੋਧੀ ਟੀਮ ਨੂੰ ਉਸ ਦਾ ਏਨਾ ਖੌਫ਼ ਹੁੰਦਾ ਸੀ ਤੇ ਉਨ੍ਹਾਂ ਦੀ ਸਿਰਫ਼ ਇਹੋ ਕੋਸ਼ਿਸ਼ ਹੁੰਦੀ ਸੀ ਕਿ ਛੇਤੀ ਕੀਤਿਆਂ ਗੇਂਦ ਬਾਲੀ ਕੋਲ ਨਾ ਜਾਵੇ। ਉਹ ਵਿਰੋਧੀ ਟੀਮ ਦੇ ਖਿਡਾਰੀਆਂ ਦਾ ਘੇਰਾ ਤੋੜਦਾ ਤੇ ਫਿਰ ਗੇਂਦ ਉਸ ਦੇ ਹੱਥੇ ਚੜ੍ਹ ਜਾਂਦੀ ਤਾਂ ਫਿਰ ਸਿੱਧੇ ਫੱਟੇ ਖੜਕਣ ਦੀ ਹੀ ਆਵਾਜ਼ ਆਉਂਦੀ ਤੇ ਦਰਸ਼ਕਾਂ ਦੀਆਂ ਤਾੜੀਆਂ ਤੇ ਕੂਕਾਂ ਨਾਲ ਅਸਮਾਨ ਵੀ ਗੂੰਜ ਉੱਠਦਾ।

ਖਿਡਾਰੀ ਤਾਂ ਉਹ ਕਮਾਲ ਦਾ ਹੈ ਈ ਸੀ ਪਰ ਉਸ ਤੋਂ ਵੀ ਵੱਡਾ ਉਹ ਇਨਸਾਨ ਸੀ, ਆਪਣੀ ਧਰਤੀ ਤੇ ਆਪਣੀ ਮਿੱਟੀ ਨਾਲ ਜੁੜਿਆ ਹੋਇਆ। ਨਿੱਕੀ ਉਮਰੇ ਹੀ ਉਸ ਨੂੰ ਲੋਕ ਸੇਵਾ ਦਾ ਐਸਾ ਝੱਸ ਪਿਆ ਕਿ ਉਹ ਆਪਣੇ ਜ਼ਰੂਰੀ ਕੰਮ ਕਾਜ ਛੱਡ ਕੇ ਵੀ ਲੋੜਵੰਦਾਂ ਦੀ ਮਦਦ ਲਈ ਪਹੁੰਚ ਜਾਂਦਾ।

ਘਰਦਿਆਂ ਦਾ ਉਹ ਇੱਕੋ-ਇੱਕ ਪੁੱਤ ਸੀ। ਉਸ ਦੇ ਬਾਪ ਦੀ ਕਰਿਆਨੇ ਦੀ ਦੁਕਾਨ ਸੀ, ਸੁੱਖ ਨਾਲ ਕਾਰੋਬਾਰ ਬਹੁਤ ਵਧੀਆ ਸੀ ਪਰ ਬਾਲੀ ਦੁਕਾਨ 'ਤੇ ਕਦੇ-ਕਦੇ ਹੀ ਬਹਿੰਦਾ। ਉਹ ਤਾਂ ਸਾਰਾ ਦਿਨ ਲੋਕਾਂ ਦੇ ਕੰਮਾਂ-ਕਾਰਾਂ ਵਿੱਚ ਹੀ ਗੁਆਚਿਆ ਰਹਿੰਦਾ। ਥਾਣੇ, ਕਚਹਿਰੀ ਵਿੱਚ ਵੀ ਉਸ ਦੇ ਬਹੁਤ ਜਾਣਕਾਰ ਸਨ, ਉਹ ਕਿਸੇ ਦਾ ਅੜਿਆ ਕੰਮ ਮਿੰਟਾਂ ਸਕਿੰਟਾਂ ਵਿੱਚ ਕਰਵਾ ਦਿੰਦਾ ਤੇ ਲੋਕ ਉਸ ਨੂੰ ਦੁਆਵਾਂ ਦਿੰਦੇ। ਉਸ ਦਾ ਬਾਪ ਵੀ ਬੜਾ ਨੇਕ ਇਨਸਾਨ ਸੀ, ਸਭ ਨੂੰ ਮਿੱਠਾ ਬੋਲਣ ਵਾਲਾ ਤੇ ਤੇਰਾਂ-ਤੇਰਾਂ ਤੋਲਣ ਵਾਲਾ। ਉਸ ਨੇ ਵੀ ਬਾਲੀ ਨੂੰ ਦੁਕਾਨ 'ਤੇ ਬਹਿਣ ਲਈ ਕਦੇ ਜ਼ੋਰ ਨਹੀਂ ਸੀ ਪਾਇਆ ਤੇ ਨਾ ਹੀ ਕਦੇ ਕੋਈ ਸ਼ਿਕਾਇਤ ਕੀਤੀ ਸੀ। ਬਾਪ ਸੋਚਦਾ, ਚਲੋ ਇੱਕੋ-ਇੱਕ ਪੁੱਤਰ ਹੈ, ਨਾਲੇ ਉਹ ਕਿਹੜਾ ਕੋਈ ਗ਼ਲਤ ਕੰਮ ਕਰਦਾ ਫਿਰਦਾ ਹੈ, ਉਹ ਤਾਂ ਲੋਕਾਂ ਦੇ ਭਲੇ ਲਈ ਹੀ ਭੱਜਿਆ ਰਹਿੰਦਾ ਹੈ। ਜਦੋਂ ਕਦੇ ਆਉਂਦੇ-ਜਾਂਦੇ ਲੋਕ, ਉਸ ਦੇ ਬਾਪ ਕੋਲ ਉਸਦੀਆਂ ਤਾਰੀਫ਼ਾਂ ਕਰਦੇ ਤਾਂ ਬਾਪ ਖ਼ੁਸ਼ ਹੁੰਦਾ ਤੇ ਵਾਹਿਗੁਰੂ ਦਾ ਸ਼ੁਕਰ ਕਰਦਾ। ਵਾਹਿਗੁਰੂ ਵਾਹਿਗੁਰੂ ਕਰਦਾ ਉਹ ਆਪਣੇ ਆਹਰ 'ਚ ਰੁੱਝਿਆ ਰਹਿੰਦਾ। ਸਭ ਕੁਝ ਠੀਕ-ਠਾਕ ਤਾਂ ਚੱਲ ਰਿਹਾ ਸੀ ਕਿ ਵਕਤ ਨੇ ਐਸੀ ਕਰਵਟ ਬਦਲੀ ਕਿ ਪੂਰਾ ਪੰਜਾਬ ਦਹਿਸ਼ਤ ਦੇ ਮਾਹੌਲ ਵਿੱਚ ਜਿਊਣ ਲਈ ਮਜਬੂਰ ਹੋ ਗਿਆ। ਹਨੇਰੀ ਐਸੀ ਚੜ੍ਹੀ ਕਿ ਏਸੇ ਦੌਰਾਨ ਹੀ ਬਲੂ ਸਟਾਰ ਅਪਰੇਸ਼ਨ ਹੋ ਗਿਆ। ਰੋਜ਼ ਹੀ ਕਰਫਿਊ ਲੱਗਣ ਲੱਗੇ। ਕਰਫਿਊ ਨੇ ਲੋਕਾਂ ਦੀ ਮੱਤ ਮਾਰ ਦਿੱਤੀ। ਸਾਰੇ ਸੋਚਦੇ ਕਿ ਕਦੋਂ ਕਰਫਿਊ ਖੁੱਲ੍ਹੇ ਤੇ ਉਹ ਛੇਤੀ ਛੇਤੀ ਦਰਬਾਰ ਸਾਹਿਬ ਪਹੁੰਚਣ। ਬਹੁਤ ਦਿਨਾਂ ਬਾਅਦ ਅਸੀਂ ਸਾਰੇ ਦੋਸਤ ਗਰਾਊਂਡ ਵਿੱਚ ਖੇਡਣ ਤੋਂ ਮਗਰੋਂ ਘਾਹ 'ਤੇ ਆਰਾਮ ਕਰ ਰਹੇ ਸਾਂ ਕਿ ਸਾਨੂੰ ਦੂਰੋਂ ਆਉਂਦਾ ਬਾਲੀ ਦਿਸਿਆ। ਅਕਸਰ ਤੇਜ਼ ਕਦਮੀਂ ਤੁਰਨ ਵਾਲਾ ਬਾਲੀ, ਅੱਜ ਇਉਂ ਤੁਰ ਰਿਹਾ ਸੀ ਜਿਵੇਂ ਲੰਮੇ ਸਮੇਂ ਤੋਂ ਬਿਮਾਰ ਬੰਦਾ ਥੋੜ੍ਹਾ-ਥੋੜ੍ਹਾ ਠੀਕ ਹੋਣ 'ਤੇ ਹੌਲੀ-ਹੌਲੀ ਤੁਰਦਾ ਹੈ। ਉਹ ਸਾਡੇ ਨੇੜੇ ਆਇਆ ਤਾਂ ਉਸ ਦਾ ਹਸੂੰ ਹਸੂੰ ਕਰਦਾ ਚਿਹਰਾ ਵੀ ਅੱਜ ਬੁਝਿਆ-ਬੁਝਿਆ ਜਿਹਾ ਸੀ। ਗੱਲਾਂ 'ਚੋਂ ਗੱਲ ਕੱਢ ਕੇ ਹੱਸਣ ਹਸਾਉਣ ਵਾਲਾ, ਨਿੱਕੀ-ਨਿੱਕੀ ਗੱਲ 'ਤੇ ਕਹਿਕਹੇ ਲਾਉਣ ਵਾਲਾ ਬਾਲੀ, ਅੱਜ ਉਦਾਸ? ਅਸੀਂ ਸਾਰੇ ਹੀ ਉਸ ਦੀ ਹਾਲਤ ਦੇਖ ਕੇ ਪ੍ਰੇਸ਼ਾਨ ਹੋ ਗਏ। ਉਹ ਚੁੱਪ ਕਰ ਕੇ ਸਾਡੇ ਨਾਲ ਘਾਹ 'ਤੇ ਬੈਠ ਗਿਆ, ਆਪਣੀਆਂ ਨਜ਼ਰਾਂ ਘੁਮਾ ਕੇ ਸਾਡੇ ਸਾਰਿਆਂ ਵੱਲ ਦੇਖਣ ਲੱਗਿਆ ਤੇ ਅਚਾਨਕ ਉਸ ਨੇ ਆਪਣੀ ਢਿੱਲੀ ਜਿਹੀ ਪੈਂਟ ਦੀ ਜੇਬ 'ਚੋਂ ਇੱਕ ਤਿੱਖਾ ਜਿਹਾ ਚਾਕੂ ਕੱਢਿਆ ਤੇ ਸਾਡੇ ਦੇਖਦਿਆਂ-ਦੇਖਦਿਆਂ ਜ਼ੋਰ ਨਾਲ ਧਰਤੀ 'ਚ ਗੱਡ ਦਿੱਤਾ ਤੇ ਗੁੱਸੇ ਵਿੱਚ ਬੋਲਿਆ, 'ਬਦਲਾ ਲਵਾਂਗੇ ਬਦਲਾ, ਜਿਨ੍ਹਾਂ ਜਾਬਰਾਂ ਨੇ ਸਾਡੀ ਧਰਤੀ ਦੀ ਹਿੱਕ ਪਾੜੀ ਐ ਨਾ, ਏਸੇ ਚਾਕੂ ਨਾਲ ਉਨ੍ਹਾਂ ਦੀਆਂ ਹਿੱਕਾਂ ਪਾੜਾਂਗੇ ਹਿੱਕਾਂ!' ਏਨਾ ਕਹਿੰਦਿਆਂ ਉਸ ਦਾ ਚਿਹਰਾ ਪੂਰਾ ਲਾਲ ਸੀ ਤੇ ਅੱਖਾਂ ਵਿੱਚ ਰੋਹ!' ਉਸ ਦੀ ਗੱਲ ਸੁਣ ਕੇ ਅਸੀਂ ਅੰਦਰੋਂ ਡਰ ਗਏ! ਉਮਰੋਂ ਨਿੱਕੇ ਹੋਣ ਕਰ ਕੇ ਸਾਡਾ ਉਸ ਤੋਂ ਕੁਝ ਪੁੱਛਣ ਜੇਰਾ ਹੀ ਨਾ ਪਿਆ! ਉਸ ਤੋਂ ਬਾਅਦ ਉਹ ਚੁੱਪ ਚਾਪ ਬੈਠਾ ਰਿਹਾ ਤੇ ਫਿਰ ਇੱਕਦਮ ਉਸ ਨੇ ਧਰਤੀ 'ਚ ਗੱਡਿਆ ਚਾਕੂ ਜ਼ੋਰ ਨਾਲ ਕੱਢਿਆ ਤੇ ਇਕੱਠਾ ਜਿਹਾ ਕਰਕੇ ਆਪਣੀ ਜੇਬ ਵਿੱਚ ਪਾ ਲਿਆ ਤੇ ਫਿਰ ਉਹ ਹੌਲੀ ਜਿਹੇ ਉੱਠਿਆ ਤੇ ਥੱਕੇ-ਥੱਕੇ ਕਦਮਾਂ ਨਾਲ ਤੁਰਦਾ ਸਾਡੀਆਂ ਅੱਖਾਂ ਤੋਂ ਓਝਲ ਹੋ ਗਿਆ ਤੇ ਅਸੀਂ ਹੈਰਾਨ-ਪ੍ਰੇਸ਼ਾਨ ਉਹ ਦੇ ਵੱਲ ਦੇਖਦੇ ਹੀ ਰਹਿ ਗਏ!

ਉਸ ਤੋਂ ਬਾਅਦ ਉਹ ਆਪਣੇ ਘਰੋਂ ਵੀ ਕਿਤੇ ਦੂਰ ਚਲਾ ਗਿਆ। ਇਸ ਦੀ ਕਿਸੇ ਨੂੰ ਕੋਈ ਖ਼ਬਰ ਨਹੀਂ ਸੀ ਕਿ ਉਹ ਕਿੱਥੇ ਗਿਆ ਹੈ। ਥੋੜ੍ਹੇ ਚਿਰਾਂ ਬਾਅਦ ਖ਼ਬਰ ਮਿਲੀ ਕਿ ਉਹ ਕਿਸੇ ਲਿਬਰੇਸ਼ਨ ਫੋਰਸ ਦਾ ਮੈਂਬਰ ਬਣ ਗਿਆ ਤੇ ਫਿਰ ਉਸ ਤੋਂ ਤਿੰਨ ਕੁ ਮਹੀਨਿਆਂ ਬਾਅਦ ਇੱਕ ਮਨਹੂਸ ਖ਼ਬਰ ਆਈ ਕਿ ਉਹ ਕਿਸੇ ਮੁਕਾਬਲੇ ਵਿੱਚ ਮਾਰਿਆ ਗਿਆ। ਉਸ ਦੀ ਮੌਤ ਦੀ ਖ਼ਬਰ ਸੁਣ ਕੇ ਮੈਂ ਥਾਵੇਂ ਹੀ ਸੁੰਨ ਹੋ ਗਿਆ ਤੇ ਮੇਰੀ ਤਾਂ ਧਾਹ ਨਿਕਲ ਗਈ। ਉਸ ਦਿਨ ਮੈਂ ਕਿੰਨਾ ਹੀ ਚਿਰ ਕਮਰੇ ਵਿੱਚ ਬੈਠਾ ਇਕੱਲਾ ਰੋਂਦਾ ਰਿਹਾ ਤੇ ਬਾਲੀ ਦਾ ਹੱਸਦਾ ਹਸਾਉਂਦਾ ਚਿਹਰਾ ਮੇਰੀਆਂ ਅੱਖਾਂ ਮੂਹਰੇ ਘੁੰਮਦਾ ਰਿਹਾ। ਅੱਜ ਵੀ ਸੋਚਦਾ ਹਾਂ ਕਿ ਉਸ ਲਾਲ ਹਨੇਰੀ ਨੇ ਮਾਪਿਆਂ ਦੇ ਕਿੰਨੇ ਜਵਾਨ ਪੁੱਤ ਖਾ ਲਏ, ਮਾਵਾਂ, ਧੀਆਂ ਤੇ ਭੈਣਾਂ ਦੀਆਂ ਚੀਕਾਂ ਅਣਸੁਣੀਆਂ ਹੀ ਰਹਿ ਗਈਆਂ। ਘਰਾਂ ਦੇ ਘਰ ਉੱਜੜ ਗਏ, ਕਿਸੇ ਕੋਲ ਕੋਈ ਲੇਖਾ-ਜੋਖਾ ਤੇ ਨਾ ਹੀ ਕੋਈ ਹਿਸਾਬ। ਅੱਜ ਚਿਰਾਂ ਬਾਅਦ ਜਦੋਂ ਮੈਂ ਇਹ ਸ਼ੇਅਰ ਲਿਖਿਆ ਤਾਂ ਮੇਰੀਆਂ ਅੱਖਾਂ ਮੂਹਰੇ ਬਾਲੀ ਦਾ ਹੱਸਦਾ ਚਿਹਰਾ ਆ ਗਿਆ। ਲੋੜਵੰਦਾਂ ਦੇ ਕੰਮਾਂ ਲਈ ਭੱਜਦਾ-ਭਜਾਉਂਦਾ,ਹਾਕੀ ਦੇ ਮੈਦਾਨ ਵਿੱਚ ਗੋਲ ਕਰਦਿਆਂ ਫੱਟੇ ਖੜਕਾਉਂਦਾ,ਦਰਸ਼ਕਾਂ ਤੋਂ ਵਾਹ-ਵਾਹ ਲੁੱਟਦਾ ਤੇ ਹੋਰ ਵੀ ਬੜਾ ਕੁਝ ਯਾਦ ਆ ਗਿਆ... ਮੇਰੀਆਂ ਅੱਖਾਂ ਫਿਰ ਨਮ ਹੋ ਗਈਆਂ ਤੇ ਅੰਦਰੋਂ ਇੱਕ ਆਵਾਜ਼ ਆਈ, 'ਭਾਵੇਂ ਤੂੰ ਸਾਡੇ ਵਿੱਚ ਨਹੀਂ ਰਿਹਾ ਬਾਲੀ, ਇਹੋ ਕੌੜੀ ਹਕੀਕਤ ਹੈ ਪਰ ਤੂੰ ਸਾਡੇ ਚੇਤਿਆਂ ਵਿੱਚ ਹਮੇਸ਼ਾ ਰਹੇਂਗਾ।'

# ਮਿੰਨੀ ਕਹਾਣੀਆਂ

## ਕੀਮਤ

ਜਤਿੰਦਰ ਮੋਹਨ



ਬੱਸ ਅੱਡੇ ਤੋਂ ਬੱਸ ਚੱਲੀ। ਬਹੁਤ ਜ਼ਿਆਦਾ ਭੀੜ ਨਹੀਂ ਸੀ। ਹੌਲੀ ਹੌਲੀ ਬੱਸ ਚਲਦੀ ਆਈ। ਇਹ ਸਫ਼ਰ ਬਹੁਤਾ ਨਹੀਂ ਸੀ, ਤੀਹ ਕੁ ਕਿਲੋਮੀਟਰ ਦਾ ਹੀ ਸੀ। ਵੱਖ-ਵੱਖ ਪਿੰਡਾਂ ਵਿੱਚੋਂ ਸਵਾਰੀਆਂ ਚੜ੍ਹਨ ਨਾਲ ਭੀੜ ਹੋ ਗਈ ਪਰ ਰਫ਼ਤਾਰ ਵਿੱਚ ਬਹੁਤਾ ਫ਼ਰਕ ਨਾ ਪਿਆ। ਹੁਣ ਮੇਰੇ ਸਟੇਸ਼ਨ 'ਤੇ ਪਹੁੰਚਣ ਵਿੱਚ ਬਹੁਤੀ ਦੇਰ ਨਹੀਂ ਸੀ ਲੱਗਣੀ ਕਿਉਂਕਿ ਦੂਰੀ ਅੱਠ ਕੁ ਕਿਲੋਮੀਟਰ ਹੀ ਸੀ। ਬਹੁਤ ਸਾਰੇ ਮੁਸਾਫ਼ਿਰ ਬੱਸ ਦੀ ਰਫ਼ਤਾਰ ਤੋਂ ਖ਼ੁਸ਼ ਨਹੀਂ ਸਨ।

ਕੋਈ ਕਹਿ ਰਿਹਾ ਸੀ, "ਯਾਰ, ਬੱਸ ਹੈ ਜਾਂ ਗੱਡਾ ਇੰਨੀ ਹੌਲੀ ਸਪੀਡ!"

"ਯਾਰ, ਇਹ ਪ੍ਰਾਈਵੇਟ ਵਾਲੇ ਤਾਂ ਕਰਦੇ ਹੀ ਇਹੀ ਕੰਮ ਨੇ।"

"ਨਹੀਂ ਕੋਈ ਟਾਈਮ ਤਾਂ ਹੋਊ?"

"ਪੁੱਛਣਾ ਚਾਹੀਦਾ ਹੈ ਕੰਡਕਟਰ ਤੋਂ।" ਵਿੱਚੋਂ ਹੀ ਕਿਸੇ ਨੇ ਕਿਹਾ। ਬੱਸ ਅੱਡੇ ਤੋਂ ਚੱਲ ਪਈ। ਕੰਡਕਟਰ ਟਿਕਟਾਂ ਕੱਟਦਾ ਕੱਟਦਾ ਆ ਗਿਆ ਤਾਂ ਇੱਕ ਮੁਸਾਫ਼ਿਰ ਨੇ ਪੁੱਛਿਆ, "ਯਾਰ, ਬਾਹਲਾ ਟਾਈਮ ਨੀਂ ਲਾ ਤਾ?" "ਭਰਾਵਾ, ਇੱਕ ਟਾਈਮ ਮੂਹਰੇ ਮਿਸ ਸੀ, ਇੱਕ ਪਿੱਛੇ ਮਿਸ ਐ, ਫਿਰ ਦੇਖਣਾ ਪੈਂਦੈ।"

ਮੁਸਾਫ਼ਿਰ ਚੁੱਪ ਕਰ ਗਿਆ। ਅਚਾਨਕ ਬਸ ਕੰਡਕਟਰ ਦੇ ਮੋਬਾਈਲ ਫੋਨ ਦੀ ਘੰਟੀ ਵੱਜੀ। ਉਸ ਨੇ ਚੁੱਕਿਆ ਤੇ ਕੋਈ ਗੱਲ ਕੀਤੀ। ਕੰਡਕਟਰ ਹੱਸਿਆ ਤੇ ਉਸ ਨੇ ਥੈਲੇ ਵਿੱਚੋਂ ਕੱਢ ਕੇ ਇੱਕ ਲੰਮੀ ਸੀਟੀ ਮਾਰੀ। ਮਸਤ ਤੋਰ ਤੁਰ ਰਿਹਾ ਡਰਾਈਵਰ ਸਮਝ ਗਿਆ। ਉਸ ਨੇ ਬੱਸ ਦੀ ਰਫ਼ਤਾਰ ਵਧਾ ਲਈ। ਹੁਣ ਇਹ ਬਹੁਤ ਤੇਜ਼ੀ ਨਾਲ ਜਾ ਰਹੀ ਸੀ। ਇੰਨੀ ਤੇਜ਼ ਰਫ਼ਤਾਰ ਕਿ ਸਭ ਸਵਾਰੀਆਂ ਹੈਰਾਨ ਹੋ ਗਈਆਂ। ਬੱਸ ਦੀ ਰਫ਼ਤਾਰ ਦੇਖ ਕੇ ਸੜਕ 'ਤੇ ਸਫ਼ਰ ਕਰਨ ਵਾਲੇ ਆਪਣੇ ਆਪ ਪਾਸੇ ਹੋ ਜਾਂਦੇ। ਉਹ ਡਰਦੇ ਸਨ। ਦੁਰਘਟਨਾ ਹੋਣ ਦਾ ਪੂਰਾ ਡਰ ਸੀ।

"ਡਰਾਈਵਰ ਸਾਹਿਬ ਏਨੀ ਕੀ ਕਾਹਲ ਐ? ਅਸੀਂ ਵੀ ਸਹੀ ਸਲਾਮਤ ਘਰੇ ਪਹੁੰਚਣੈ।" ਵਿੱਚੋਂ ਕਿਸੇ ਨੇ ਕਿਹਾ।

"ਨਾਲੇ ਕਹਿੰਦੇ ਹੋ ਇਹਨੂੰ ਚਲਾਉਣੀ ਨਹੀਂ ਆਉਂਦੀ,ਇਹ ਹੌਲੀ ਹੌਲੀ ਤੋਰਦੈ।" ਡਰਾਈਵਰ ਨੇ ਕਿਹਾ ਤਾਂ ਲੋਕ ਡਰਦੇ ਮਾਰੇ ਇਧਰ ਉਧਰ ਦੇਖਣ ਲੱਗੇ। ਥੋੜ੍ਹਾ ਜਿਹਾ ਪੈਂਡਾ ਹੀ ਮੁਹਾਲ ਲੱਗ ਰਿਹਾ ਸੀ। ਅਚਾਨਕ ਵਧੀ ਰਫ਼ਤਾਰ ਤੋਂ ਦੁਖੀ ਹੋ ਕੇ ਮੈਂ ਨਾਲ ਬੈਠੇ ਸੱਜਣ ਤੋਂ ਪੁੱਛਿਆ, "ਇਕਦਮ ਸਪੀਡ ਕਿਵੇਂ ਵਧ ਗਈ ਭਾਈ ਸਾਹਿਬ?" ਉਸ ਨੇ ਉੱਤਰ ਦਿੱਤਾ, "ਭਾਈ ਸਾਹਿਬ, ਸਾਡਾ ਤਾਂ ਰੋਜ਼ ਦਾ ਹੀ ਵਾਹ ਹੈ। ਇਹ ਜਦੋਂ ਇਸ ਅੱਡੇ ਤੋਂ ਚਲਦੇ ਨੇ ਤਾਂ ਏਦਾਂ ਹੀ ਭਜਾਉਂਦੇ ਨੇ।"

"ਕਿਉਂ?"

"ਕਿਉਂਕਿ ਅੱਗੇ ਦੂਜੀ ਬੱਸ ਖੜ੍ਹੀ ਹੁੰਦੀ ਹੈ। ਉਹ ਇਨ੍ਹਾਂ ਨੂੰ ਕਰਾਸ ਦੇਣ ਬਦਲੇ ਪੈਸੇ ਦਿੰਦੇ ਹਨ।" "ਅੱਛਾ।"

ਮੈਂ ਸਮਝ ਗਿਆ। ਥੋੜ੍ਹੇ ਸਮੇਂ ਵਿੱਚ ਬੱਸ ਅਗਲੇ ਅੱਡੇ 'ਤੇ ਪਹੁੰਚ ਗਈ। ਸਵਾਰੀਆਂ ਉਤਰ ਕੇ ਅਗਲੀ ਤਿਆਰ ਖੜ੍ਹੀ ਬੱਸ ਵਿੱਚ ਚੜ੍ਹਨ ਲੱਗੀਆਂ। ਦੋਵੇਂ ਬੱਸਾਂ ਦੇ ਕੰਡਕਟਰਾਂ ਨੇ ਇੱਕ ਦੂਜੇ ਨੂੰ ਜੱਫੀ ਪਾਈ ਤੇ ਇੱਕ ਦੂਜੇ ਪ੍ਰਤੀ ਸਨੇਹ ਪ੍ਰਗਟ ਕੀਤਾ। ਬੱਸ ਦਾ ਡਰਾਈਵਰ ਹੱਸ ਰਿਹਾ ਸੀ। ਸਾਹਮਣੇ ਵਾਲੀ ਬੱਸ ਦੇ ਕੰਡਕਟਰ ਨੇ ਸਾਡੇ ਵਾਲੀ ਬੱਸ ਦੇ ਕੰਡਕਟਰ ਨੂੰ 200 ਦਾ ਨੋਟ ਫੜਾਇਆ ਤਾਂ ਉਹ ਖ਼ੁਸ਼ ਹੋ ਗਿਆ। ਮੈਂ ਤੇ ਮੇਰੇ ਨਾਲ ਬੈਠਾ ਸੱਜਣ ਉੱਥੇ ਖੜ੍ਹੇ ਦੇਖ ਰਹੇ ਸਾਂ। ਉਸ ਨੇ ਮੈਨੂੰ ਦੱਸਿਆ, "ਭਾਈ ਸਾਹਿਬ, ਇਨ੍ਹਾਂ ਬੱਸਾਂ ਵਿੱਚ ਚੜ੍ਹੇ ਬਿਨਾਂ ਸਰਦਾ ਨਹੀਂ ਪਰ ਜਦ ਇਹ ਕਰਾਸ ਦੇਣ ਵੇਲੇ ਬੱਸ ਭਜਾਉਂਦੇ ਹਨ ਤਾਂ ਉਸੇ ਵੇਲੇ ਬੱਸ ਦੀਆਂ 50-60 ਸਵਾਰੀਆਂ ਦੀ ਕੀਮਤ ਮਹਿਜ਼ 200 ਰੁਪਏ ਹੀ ਹੁੰਦੀ ਹੈ।" "ਬਿਲਕੁਲ।" ਮੈਂ ਕਿਹਾ। ਮੇਰੇ ਮਨ 'ਤੇ ਡੂੰਘੀ ਸੱਟ ਲੱਗੀ।

## ਅਜ਼ੀਜ਼

ਰਛਪਾਲ ਸਿੰਘ ਰੈਸਲ

ਮੇਰਾ ਮਨਭਾਉਂਦਾ ਸਾਹਿਤਕਾਰ ਆਪਣੇ ਚਹੇਤਿਆਂ ਨੂੰ ਉਸ ਦੀ ਆਪਣੀ ਨਵੀਂ ਛਪੀ ਕਿਤਾਬ ਤੋਹਫ਼ੇ ਵਜੋਂ ਭੇਟ ਕਰ ਰਿਹਾ ਸੀ। ਉਸ ਨੇ ਆਪਣੇ ਨਾਲ ਲਿਆਂਦੀਆਂ ਕਿਤਾਬਾਂ ਦੀ ਆਖਰੀ ਕਾਪੀ ਹਵਾ 'ਚ ਉਲਾਰਦਿਆਂ ਪੁੱਛਿਆ, 'ਆਹ ਕਿਸਨੂੰ ਦਈਏ।' ਮੈਂ ਹੌਸਲਾ ਜਿਹਾ ਕਰਕੇ ਅੱਗੇ ਜਾ ਕੇ ਹੱਸਦਿਆਂ ਕਿਹਾ, 'ਇਹ ਤੁਸੀਂ ਮੈਨੂੰ ਦੇ ਦਿਓ ਜੀ।' ਉਸ ਹੱਥ ਪਿੱਛੇ ਖਿੱਚਦਿਆਂ ਕਿਹਾ, 'ਨਹੀਂ ਇਹ ਮੈਂ ਆਪਣੇ ਕਿਸੇ ਅਜ਼ੀਜ਼ ਨੂੰ ਦੇਣੀ ਹੈ।' ਗੱਲਾਂ ਕਰਦਿਆਂ-ਕਰਦਿਆਂ ਉਹ ਇਨਸਾਨ ਵੀ ਆ ਗਿਆ ਜਿਸ ਬਾਰੇ ਉਹ ਗੱਲ ਕਰ ਰਿਹਾ ਸੀ। ਉਸ ਕਿਤਾਬ ਆਪਣੇ ਅਜ਼ੀਜ਼ ਨੂੰ ਦੇ ਦਿੱਤੀ ਤੇ ਉਸ ਇਨਸਾਨ ਨੇ ਮੇਰੇ ਸਾਹਮਣੇ ਹੀ ਕਿਤਾਬ ਆਪਣੀ ਕਾਰ ਦੀ ਡਿੱਗੀ ਵਿੱਚ ਰੱਖ ਦਿੱਤੀ। ਤਕਰੀਬਨ ਮਹੀਨੇ ਕੁ ਬਾਅਦ ਅਸੀਂ ਫਿਰ ਇਕੱਠੇ ਹੋਏ ਤਾਂ ਉਸ ਅਜ਼ੀਜ਼ ਦੀ ਗੱਡੀ 'ਚ ਪਈ ਉਸੇ ਕਿਤਾਬ 'ਤੇ ਮੇਰੀ ਨਜ਼ਰ ਪਈ ਜਿਸ ਉੱਤੇ ਧੂੜ ਜੰਮ ਗਈ ਸੀ।

## ਮੱਝ ਬਨਾਮ ਮੋਬਾਈਲ

ਰਾਜ ਕੌਰ ਕਮਾਲਪੁਰ

ਪੇਕਿਆਂ ਤੋਂ ਭਰਾ ਦਾ ਫੋਨ ਸੀ। ਭਰਾ ਭੈਣ ਨੂੰ ਦੱਸ ਰਿਹਾ ਸੀ, "ਭੈਣ! ਆਪਾਂ ਨਵੀਂ ਮੱਝ ਖ਼ਰੀਦੀ ਐ।"

"ਅੱਛਾ! ਚੰਗਾ ਕੀਤਾ। ਵਧਾਈਆਂ ਹੋਣ! ਸੁਣਿਆ ਏ... ਹੁਣ ਤਾਂ ਮੱਝਾਂ ਦੇ ਭਾਅ ਵੀ ਆਸਮਾਨੀ ਚੜ੍ਹ ਰਹੇ ਨੇ? ਭੈਣ ਨੇ ਪੁੱਛਿਆ। ਹਾਂ ਰੇਟ ਤਾਂ ਬਥੇਰਾ ਏ। ਪੂਰਾ ਇੱਕ ਲੱਖ ਅੱਠ ਹਜ਼ਾਰ ਰੁਪਏ ਲੱਗ ਗਿਆ।" ਭਰਾ ਨੇ ਵੀ ਮਹਿੰਗਾਈ ਦਾ ਜ਼ਿਕਰ ਕਰਦਿਆਂ ਦੱਸਿਆ।

ਦੁੱਧ ਤਾਂ ਵਧੀਆ ਦਿੰਦੀ ਹੋਣੀ ਏ?" ਭੈਣ ਨੇ ਫੇਰ ਪੁੱਛਿਆ। ਹਾਂ! ਦੁੱਧ ਤਾਂ ਵਧੀਆ ਦਿੰਦੀ ਐ ... ਅੱਠ-ਦਸ ਕਿਲੋ ਹੈਗਾ। ਹੋਰ ਵੀ ਵਧ ਜਾਵੇਗੀ। ਅਜੇ ਤਾਂ ਸੱਜਰ ਸੂਈ ਏ। ਭੈਣ ਨੇ ਭਰਾ ਨੂੰ ਕਿਹਾ, "ਚਲੋ ਚੰਗਾ ਕੀਤਾ। ਸਾਰਾ ਟੱਬਰ ਘਰ ਦਾ ਦੁੱਧ ਪੀਵੇਗਾ। ਇੱਥੇ ਪੈਸਾ ਲੱਗਿਆ ਦੁਖਦਾ ਨਹੀਂ।

ਦੂਜੇ-ਤੀਜੇ ਦਿਨ ਫਿਰ ਵੀਰ ਦਾ ਫੋਨ ਆਇਆ, ਭੈਣ, ਖ਼ੁਸ਼ਖ਼ਬਰੀ ਐ।" ਭੈਣ ਨੇ ਕਾਹਲੀ ਨਾਲ ਪੁੱਛਿਆ, "ਛੇਤੀ ਦੱਸ ਵੀਰਾ!" ਅਸਲ ਵਿੱਚ ਪੇਕਿਆਂ ਦੀ ਗੱਲ ਦਾ ਚਾਅ ਹੀ ਏਨਾ ਹੁੰਦਾ ਹੈ।

ਭੈਣ ...ਤੇਰੇ ਵੀਰ ਨੇ ਸਵਾ ਲੱਖ ਰੁਪਏ ਦਾ ਮੋਬਾਈਲ ਲਿਆ ਏ। ਸਵਾ ਲੱਖ? ..ਲੈ ਦੱਸ! ਸਵਾ ਲੱਖ ਨੂੰ.. ਇਹਨੇ ਕਿਹੜਾ ਦੁੱਧ ਦੇਣੈ? ਤੇਰੇ ਤੋਂ ਇੱਕ ਮੱਝ ਹੋਰ ਨਾ ਖ਼ਰੀਦੀ ਗਈ? ਸਾਰਾ ਟੱਬਰ ਰੱਜ-ਰੱਜ ਦੁੱਧ ਪੀਂਦਾਂ, ਨਾਲੇ ਅਜੇ ਪੈਸੇ ਬਚਦੇ। ਇਹਨੇ ਤਾਂ ਸਗੋਂ ਹੋਰ ਪੈਸਾ ਖਾਣਾ ਏ।"

ਭਰਾ ਨੇ ਹੀ ਹੀ ਕਰ ਕੇ ਫੋਨ ਕੱਟ ਦਿੱਤਾ।

## ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ

ਰਜਵਿੰਦਰ ਪਾਲ ਸ਼ਰਮਾ

ਸਾਮਾਨ ਨਾਲ ਭਰੀ ਟਰਾਲੀ ਦੇਖ ਜਗਤਾਰ ਦਾ ਪਿਤਾ ਮੰਗਲ ਸਿੰਘ ਕਹਿਣ ਲੱਗਿਆ, "ਪੁੱਤ ਵਜ਼ਨ ਘੱਟ ਪਾ ਲਿਆ ਕਰ। ਕੁੱਝ ਨਹੀਂ ਹੁੰਦਾ, ਦੋ ਰੁਪਏ ਘੱਟ ਬਣ ਜਾਣਗੇ।" "ਬਾਪੂ ਤੂੰ ਐਵੇਂ ਨਾ ਕਰੀ ਜਾਇਆ ਕਰ, ਚੁੱਪ ਕਰਕੇ ਬਹਿ ਜਾ।" ਜਗਤਾਰ ਨੇ ਗੁੱਸੇ ਵਿੱਚ ਬਾਪੂ ਨੂੰ ਕਿਹਾ। ਅਗਲੇ ਦਿਨ ਜਦੋਂ ਜਗਤਾਰ ਟਰਾਲੀ ਘਰੋਂ ਬਾਹਰ ਕੱਢਣ ਲੱਗਿਆ ਤਾਂ ਭਾਰ ਜ਼ਿਆਦਾ ਹੋਣ ਕਰਕੇ ਟਰਾਲੀ ਮਿੱਟੀ ਵਿੱਚ ਬੈਠ ਗਈ। ਬਹੁਤ ਜ਼ੋਰ ਅਜ਼ਮਾਇਸ਼ ਕੀਤੀ ਪਰ ਟਰਾਲੀ ਨਾ ਨਿਕਲੀ। ਹਾਰ ਕੇ ਇੱਕ ਹੋਰ ਖਾਲੀ ਟਰਾਲੀ ਮੰਗਵਾ ਕੇ ਭਰੀ ਟਰਾਲੀ ਦਾ ਵਜ਼ਨ ਘੱਟ ਕੀਤਾ, ਫਿਰ ਕਿਤੇ ਜਾ ਕੇ ਟਰਾਲੀ ਬਾਹਰ ਨਿਕਲੀ। ਬੈਠਕ ਵਿੱਚ ਬੇਵੱਸ ਪਿਆ ਮੰਗਲ ਸਿੰਘ ਇਹ ਸਾਰਾ ਕੁੱਝ ਦੇਖ ਰਿਹਾ ਸੀ। ਮਨ ਵਿੱਚ ਸੋਚਣ ਲੱਗਿਆ, ਪਹਿਲਾਂ ਹੀ ਜ਼ੇਕਰ ਵਜ਼ਨ ਟਰਾਲੀ ਦੇ ਹਿਸਾਬ ਨਾਲ ਪਾ ਲਿਆ ਜਾਂਦਾ ਤਾਂ ਆਹ ਜੋ ਖੱਜਲ-ਖੁਆਰੀ ਸਵੇਰ ਦੀ ਹੋਈ ਆ ਇਹ ਨਾ ਹੁੰਦੀ। ਚਲੋ ਭਾਈ ਕੀ ਕੀਤਾ ਜਾ ਸਕਦਾ। ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਬਾਅਦ ਵਿੱਚ ਹੀ ਪਤਾ ਲੱਗਦੈ।

# ਕਾਵਿ ਸੰਸਾਰ



## ਚੁੱਪ ਦਾ ਜੰਗਲ

ਸਰਬਜੀਤ ਕੌਰ ਜੱਸ

ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ 'ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ 'ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ 'ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ 'ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ 'ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ, ਸੰਵਰੀਏ
ਚੁੱਪ ਦੇ ਜੰਗਲ 'ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ 'ਤੇ!

## .ਗ਼ਜ਼ਲ

ਗੁਰਮੀਤ ਸਿੰਘ ਸੋਹੀ

ਜੋ ਦਮ ਭਰਦੇ ਨੇ ਸਾਥ ਨਿਭਾਉਣ ਦਾ
ਉਨ੍ਹਾਂ ਦੇ ਵਾਅਦੇ ਨਹੀਂ ਝੂਠੇ ਲਾਰੇ ਹੁੰਦੇ
ਜੋ ਮਜ਼ਹਬਾਂ ਜਾਤਾਂ ਪਿੱਛੇ ਨੇ ਬਹਿਸ ਕਰਦੇ
ਉਹ ਲੋਕ ਧਰਮੀ ਨਹੀਂ ਹਤਿਆਰੇ ਹੁੰਦੇ
ਜੋ ਸਿਆਸਤ ਦੀ ਖੇਡ ਦੇ ਖਿਡਾਰੀ ਕਹਾਉਂਦੇ
ਉਨ੍ਹਾਂ ਦੇ ਸਾਲਾਂਬੱਧੀ ਜੇਲ੍ਹ 'ਚ ਗੁਜ਼ਾਰੇ ਹੁੰਦੇ
ਜੋ ਕੁੱਲੀਆਂ ਵਿੱਚ ਵਿਲਕਦੇ ਸਰੀਰ ਭੁੱਖੇ
ਕੁਝ ਗ਼ਰੀਬੀ, ਕੁਝ ਵਕਤ ਦੇ ਮਾਰੇ ਹੁੰਦੇ
ਜੋ ਢਿੱਡ ਭਰਨ ਲਈ ਸੜਕਾਂ 'ਤੇ ਰੋਟੀ ਲੱਭਦੇ
ਉਹ ਅਨਾਥ ਤਾਂ ਦੱਸੋ ਕਿਨ੍ਹਾਂ ਦੇ ਸਹਾਰੇ ਹੁੰਦੇ
'ਸੋਹੀ' ਦੇਸ਼ ਦੀ ਤਰੱਕੀ ਬਾਰੇ ਘੱਟ ਸੋਚਦੇ
ਲੁੱਟਣ ਵਾਲੇ ਇੱਕ ਨਹੀਂ, ਬਹੁਤ ਸਾਰੇ ਹੁੰਦੇ

## ਧੁੰਦ ਭਰਿਆ ਰਾਹ

ਕਰਮਜੀਤ ਕੌਰ ਕਿਸ਼ਾਂਵਲ

ਅੰਦਰ ਦੀ
ਧੁਰ ਤਹਿ ਤੱਕ
ਅੱਪੜਨ ਵਾਸਤੇ
ਖ਼ੁਦ ਹੀ ਤਹਿ ਕਰਨਾ ਪੈਣਾ
ਸੋਚਾਂ ਦੀਆਂ ਉਲਝਣਾਂ ਦਾ
ਧੁੰਦ ਭਰਿਆ ਰਾਹ
ਇਸ ਸਫ਼ਰ 'ਤੇ ਚੱਲਦਿਆਂ
ਰਸਤਿਆਂ ਦੀ ਰੇਤ ਦਾ ਇਲਮ
ਇਸ ਕਦਰ ਹੋ ਰਿਹਾ
ਕਿ ਜਾਪਦਾ
ਪੈਰਾਂ ਦੀਆਂ ਤਲੀਆਂ 'ਚ
'ਅੱਖਾਂ ਦੇ ਉੱਗ' ਜਾਣ ਵਰਗਾ
ਕੁੱਝ ਵਾਪਰ ਗਿਆ ਹੈ!



## ਕੁਦਰਤ ਨਾਲ਼ ਜੁੜ ਜਾਈਏ...

ਸੰਜੀਵ ਧਰਮਾਣੀ

ਆਓ ! ਮਨ ਲਗਾ ਕੇ
ਕੁਝ ਪੌਦੇ ਲਗਾ ਲਈਏ ,
ਆਓ ! ਲਗਾਏ ਪੌਦਿਆਂ ਨੂੰ
ਬੱਚਿਆਂ ਵਾਂਗੂੰ ਪਾਲ਼ ਲਈਏ ,
ਆਓ ! ਸਭ ਕੁਝ ਭੁਲਾ ਕੇ
ਕੁਦਰਤ ਨਾਲ਼ ਜੁੜ ਜਾਈਏ ।

ਆਓ ! ਪੰਛੀਆਂ - ਪਰਿੰਦਿਆਂ ਤੇ ਜਾਨਵਰਾਂ ਲਈ
ਦਾਣਾ - ਪਾਣੀ ਭੋਜਨ ਪਾ ਦੇਈਏ ,
ਆਓ ! ਇਨ੍ਹਾਂ ਦੀ ਭੁੱਖ - ਪਿਆਸ ਮਿਟਾ ਦੇਈਏ ,
ਆਓ ! ਕੁਝ ਪਲ ਲਈ
ਅਦਭੁੱਤ ਨਿਆਰੀ ਕੁਦਰਤ ਨਾਲ਼ ਜੁੜ ਜਾਈਏ।

ਸਮਾਂ ਕੁਝ ਕੱਢ ਕੇ
ਚੰਨ - ਤਾਰਿਆਂ ਨੂੰ ਤੱਕੀਏ ,
ਬੂਟ - ਜੁਰਾਬਾਂ ਖੋਲ੍ਹ
ਪੈਰ ਧਰਤੀ 'ਤੇ ਰੱਖੀਏ ,
ਅਸਲ ਸੁੱਖ - ਸਕੂਨ ਵੱਲ ਮੁੜ ਜਾਈਏ
ਆਓ ! ਕੁਦਰਤ ਨਾਲ਼ ਜੁੜ ਜਾਈਏ ।

ਦਾਤਣ ਦੀ ਵਰਤੋਂ ਕਰਕੇ
ਖੂਹਾਂ ਤੋਂ ਪਾਣੀ ਭਰਕੇ
ਵਿਰਸੇ ਵੱਲ ਫਿਰ ਆ ਜਾਈਏ ,
ਸੱਥਾਂ ਵਿੱਚ ਪਾ ਕੇ ਸਾਝਾਂ



ਦਿਲ ਦੀਆਂ ਰਮਜ਼ਾਂ ਸੁਣਾ ਜਾਈਏ ,
ਆਓ ! ਕੁਦਰਤ ਵੱਲ ਆ ਜਾਈਏ ।

ਕਰਕੇ ਸਵੇਰ ਦੀ ਸੈਰ
ਭੁਲਾ ਕੇ ਮਨ - ਮੁਟਾਵ ਤੇ ਵੈਰ ,
ਤੰਦਰੁਸਤੀ ਤੇ ਭਾਈਚਾਰਕਤਾ ਵੱਲ ਆ ਜਾਈਏ,
ਆਓ ! ਕੁਦਰਤ ਵੱਲ ਮੁੜ ਕੇ
ਕੁਦਰਤ ਨਾਲ਼ ਜੁੜ ਕੇ
ਕੁਦਰਤ ਨਾਲ਼ ਪਿਆਰ ਪਾ ਜਾਈਏ ।



## ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ

ਸੁਰਜੀਤ ਸਖੀ

ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ।
ਬਿਨ ਦਸਤਕ ਟੱਪ ਔਣ ਵਰੋਲੇ, ਬੂਹਾ ਚਾਰਦੀਵਾਰੀ ਦਾ।
ਮੈਂ ਤਾਂ ਆਪਣਾ ਖ਼ੂਨ ਵਹਾ ਕੇ, ਧੋਵਾਂ ਚਿਹਰੇ ਫੁੱਲਾਂ ਦੇ,
ਮੈਂ ਕੀ ਜਾਣਾਂ, ਬਾਗੀਂ ਲੱਗੀਆਂ, ਨਜ਼ਰਾਂ ਕਿਵੇਂ ਉਤਾਰੀ ਦਾ।
ਸਿਮ੍ਰਤੀਆਂ ਵਿੱਚ ਜੰਗਲ ਵੱਸਦਾ, ਲੋਕੀਂ ਬਣੇ ਮਸ਼ੀਨਾਂ ਵਾਂਗ,
ਜਿਓਂ ਪਿੰਜਰੇ ਦਾ ਪੰਛੀ ਕੋਈ, ਸੁਪਨਾ ਲਵੇ ਉਡਾਰੀ ਦਾ।
ਮੀਂਹ , ਗਰਦਿਸ਼, ਤੂਫ਼ਾਨ, ਹਨ੍ਹੇਰੀ ਤੇਰੇ ਸਿਰ ਤੋਂ ਲੰਘੇ ਨੇ,
ਮਿੱਤਰਾ , ਫਿਰ ਵੀ ਝੰਮ ਝੰਮ ਕਰਦਾ, ਰੰਗ ਤੇਰੀ ਫੁਲਕਾਰੀ ਦਾ।
ਉਹ ਤੇ ਉਸ ਦੇ ਜੰਗਲ ਪਰਬਤ,ਦਿਲ ਦੇ ਅੰਦਰ ਰਹਿੰਦੇ ਨੇ,
ਫ਼ੁਰਸਤ ਦਾ ਹਰ ਪਲ ਪਲ ਅੱਜ ਕੱਲ੍ਹ, ਉਸ ਦੇ ਨਾਲ ਗੁਜ਼ਾਰੀ ਦਾ।

## ਬੜੇ ਹੀ ਖ਼ੂਬਸੂਰਤ ਹਰ ਨਗਰ 'ਚ

ਅਮਰਦੀਪ ਸੰਧਾਵਾਲੀਆ

ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ 'ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ 'ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ 'ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ 'ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
'ਅਮਰ' ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ

## ਹਕੀਕਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਹਕੀਕਤ ਤਾਂ ਅੰਤ ਉੱਘੜੇਗੀ ਹੀ,
ਤੂੰ ਸੱਚ ਨੂੰ ਮੰਨ ਜਾਂ ਨਾ ਮੰਨ ਬਈ।
ਸਰਵਰ ਤਾਂ ਭਰ ਕੇ ਉੱਛਲੇਗਾ ਹੀ,
ਤੂੰ ਬਾਨ੍ਹਣੂੰ ਬੰਨ੍ਹ ਜਾਂ ਨਾ ਬੰਨ੍ਹ ਬਈ।

ਸੱਚੀ ਗੱਲ ਤਾਂ ਕੌੜੀ ਹੀ ਹੈ,
ਗਲੇ ਚੋਂ ਲੰਘਣੀ ਹੈ ਬੜੀ ਔਖੀ,
ਲੱਖ ਤੂੰ ਕੋਸ਼ਿਸ ਕਰ ਕੇ ਭਾਵੇਂ,
ਜ਼ਹਿਰ ਨੂੰ ਬਣਾ ਕਲਾਕੰਦ ਬਈ।

ਖ਼ੂਹ ਵਿੱਚ ਮਾਰੀ ਹਰ ਬੜ੍ਹਕ ਦਾ,
ਜਵਾਬ ਬਰਾਬਰ ਮਿਲਦਾ ਹੈ,
ਸੁਣਨੇ ਦੀ ਹਿੰਮਤ ਰੱਖ ਬੱਲਿਆ,
ਖੁਲ੍ਹੇ ਰੱਖ ਆਪਣੇ ਕੰਨ ਬਈ।

ਆਊਂ ਬਤਾਊਂ ਕਰ ਲੱਖ ਵਾਰੀ,
ਭਾਵੇਂ ਨੌਂ ਤੇਆਂ ਬਾਈ ਕਰ ਤੂੰ,
ਸੱਤੀਂ ਵੀਹੀਂ ਸੌ ਗਿਣ ਕੇ ਭਾਵੇਂ,
ਚਾੜ੍ਹੀ ਜਾਹ ਨਵਾਂ ਚੰਨ ਬਈ।

ਨੌਸਰਾਂ ਸਦਾ ਹੀ ਨਹੀਂ ਪੁੱਗਦੀਆਂ,
ਨਾ ਹੀ ਹੋਣ ਪੌਂ ਬਾਰਾਂ ਹਰ ਦਮ,
ਤਿੰਨ ਕਾਣੇ ਤੇਰੇ 'ਤੇ ਹੱਸਣ,
ਐਵੇਂ ਨਾ ਰਹਿ ਪਰਸੰਨ ਬਈ।

ਕਹਿੰਦੇ ਝੂਠ ਦੇ ਪੈਰ ਨਹੀਂ ਹੁੰਦੇ,
ਭਾਵੇਂ ਕਿੰਨੇ ਪੜਦੇ ਕੋਈ ਪਾਵੇ,
ਦੁਨੀਆ ਨੂੰ ਧੋਖੇ ਵਿੱਚ ਰੱਖ ਕੇ,
ਨਾ ਕਰਾ ਫੋਕੀ ਧੰਨ ਧੰਨ ਬਈ।

ਗੁਰੂ ਪੀਰ ਬਹੁਤ ਕੁੱਛ ਕਹਿ ਗਏ,
ਤੈਨੂੰ ਪੈਰ ਪੈਰ 'ਤੇ ਸਦੀਆਂ ਤੋਂ,
ਜੇ ਹਾਲੇ ਵੀ ਸਮਝ ਨਹੀਂ ਆਈ,
ਤਾਂ ਭਰਨਾ ਪਊਗਾ ਡੰਨ ਬਈ।

ਕੀਤੀ ਦਾ ਫਲ ਇੱਥੇ ਹੀ ਹੈ,
ਨਰਕ, ਸਵਰਗ ਵੀ ਇੱਥੇ ਹੀ,
ਨਾ ਰਹਿ ਕਿਸੇ ਭੁਲੇਖੇ ਵਿੱਚ ਤੂੰ,
ਇਸ ਤਰਕ ਨੂੰ ਦਿਲ ਤੋਂ ਮੰਨ ਬਈ।

## .ਗ਼ਜ਼ਲ

ਰਣਜੀਤ ਸਰਾਂਵਾਲੀ

ਸ਼ਿਅਰਾਂ ਵਿੱਚ ਗਹਿਰਾਈ ਲਈ ਖ਼ੁਦ ਗਹਿਰਾ ਹੋਇਆ ਹੋਵੇ
ਅੱਥਰੂਆਂ ਦੇ ਜ਼ਿਕਰ ਤੋਂ ਪਹਿਲਾਂ ਸ਼ਾਇਰ ਰੋਇਆ ਹੋਵੇ
ਨੈਣਾਂ ਵਿਚਲੇ ਧੁੰਦਲਕੇ ਨੂੰ ਪਾਸੇ ਕਰ ਕੇ ਭਾਲ਼ੀਂ
ਜਿਸ ਲਈ ਭੱਜਿਆ ਫਿਰਦੈਂ ਸ਼ਾਇਦ ਕਿਤੇ ਖਲੋਇਆ ਹੋਵੇ
ਐਨੇ ਥਾਈਂ ਵਗਦਾ ਹੈ ਜੋ ਸੂਹੇ ਰੰਗ ਦਾ ਪਾਣੀ
ਹੋ ਸਕਦੈ ਸਿਆਸਤ ਨੇ ਅਪਣਾ ਚਿਹਰਾ ਧੋਇਆ ਹੋਵੇ
ਸਫ਼ਰ 'ਚ ਲੋੜੋਂ ਵੱਧ ਸਮਾਨ ਉਠਾਉਂਦੇ ਨਈਓਂ ਜਿਹੜੇ
ਤੁਰਨੋਂ ਪਹਿਲਾਂ ਖ਼ਬਰੇ ਉਨ੍ਹਾਂ ਕੀ ਕੀ ਢੋਇਆ ਹੋਵੇ
ਦੁਨੀਆ ਦਾ ਹਰ ਰਿਸ਼ਤਾ ਧੌਣ ਝੁਕਾਉਂਦਾ ਹੈ ਖ਼ੁਸ਼ ਹੋ ਕੇ
ਬੰਦੇ ਕੋਲ਼ੇ ਸਮਝੌਤਿਆਂ ਦਾ ਹਾਰ ਪਰੋਇਆ ਹੋਵੇ

## ਹਰੀ ਪੱਤੀ

ਅਮਨਦੀਪ ਕੌਰ ਜੋਗਾ

ਹਾਲ਼ੇ ਤਾਂ ਹਰੀ ਪੱਤੀ ਹਾਂ ਇੰਝ ਨਾ ਤੂੰ ਝਾੜ ਸਾਨੂੰ
ਹੋ ਗਈ ਜ਼ਰਦ ਤਾਂ ਖ਼ੁਦ-ਬ-ਖ਼ੁਦ ਮੇਰੇ ਪੱਤੇ ਝੜਨਗੇ
ਕਿੰਨਾ ਧੂੰਆਂ ਸੱਥਰ ਕੀਤਾ ਜੰਮ ਪਈ ਹਾਂ ਦਰ ਤੇਰੇ 'ਤੇ
ਜਦ ਖੜੀ ਮੈਂ ਪੈਰਾਂ 'ਤੇ ਇਹ ਲੋਕੀ ਨਾਲ ਮੇਰੇ ਖੜਨਗੇ
ਸੁੰਨਸਾਨ ਨੇ ਇਹ ਰਾਹਵਾਂ ਇਕੱਲੀ ਹੀ ਤੁਰ ਪਈ ਹਾਂ ਮੈਂ
ਬਣੀ ਜਦ ਪੱਕਾ ਰਾਹ ਲੋਕੀ ਅੱਗੇ ਨਿਕਲਣ ਲਈ ਲੜਨਗੇ
ਤਿਤਲੀਆਂ ਨੂੰ ਫੜਨਾ ਤੇ ਮਿੱਟੀਆ 'ਚ ਰੁਲਣਾ
ਆਦਤ ਮੇਰੀ
ਕੀ ਪਤਾ ਸੀ ਤਿਤਲੀਆਂ 'ਤੇ ਇਲਜ਼ਾਮ ਲੋਕੀ
ਮੜਨਗੇ
ਜਿਉਂਦੇ ਜੀਅ ਜਿਨ੍ਹਾਂ ਚੋਭਾਂ ਨਾਲ ਮੜ ਦਿੱਤਾ ਤੈਨੂੰ
ਵੇਖੀ ਇੱਕ ਦਿਨ ਕਦਰ ਤੇਰੀ ਉਹੀ ਲੋਕੀ ਹੀ ਕਰਨਗੇ।
*******

## ਸੁਣੀ ਜਦ ਹਕੀਕਤ

ਸਰਿਤਾ ਤੇਜੀ

ਉਹ ਅੱਖ ਦੇ ਇਸ਼ਾਰੇ ਚ ਸਭ ਕਹਿ ਗਿਆ
ਮਿਰਾ ਦਿਲ ਲਬਾਂ ਤੇ ਅਟਕ ਰਹਿ ਗਿਆ।
ਕਹਾਣੀ ਨਾ ਉਹ ਦਰਦ ਦੀ ਕਹਿ ਸਕੇ
ਚਿਰੋਕਾ ਹੁੰਗਾਰੇ ਮੈਂ ਭਰ ਰਹਿ ਗਿਆ।
ਭਰੇ ਨੈਣ ਤੈਥੋਂ ਛੁਪਾਏ ਜਦੋਂ
ਜੁਦਾ ਹਰ ਕਿਸੇ ਤੋਂ ਮੈਂ ਹੋ ਬਹਿ ਗਿਆ।
ਨਜ਼ਰ ਫ਼ੇਰ ਉਸ ਵੇਖਿਆ ਨਾ ਕਦੇ
ਉਸਰ ਕੇ ਵਫ਼ਾ ਦਾ ਮਹਲ ਢਹਿ ਗਿਆ।
ਜੁੜੇ ਰਿਜ਼ਕ ਦੇਸ ਆਪਣੇ ਨਾ ਜਦੋਂ
ਤਦੇ ਉਹ ਹਕੂਮਤ ਦੇ ਸੰਗ ਖਹਿ ਗਿਆ।
ਨਾ ਮੁੜਿਆ ਕਦੇ ਰੋਕ ਲਾਈ ਬੜੀ
ਜੋ ਪਾਣੀ ਪੁਲਾਂ ਹੇਠ ਦੀ ਵਹਿ ਗਿਆ।
ਕਿਵੇਂ ਜਾ ਹਵਾ ਵਿੱਚ ਗੁੱਡੀ ਚੜ੍ਹੀ
ਸੁਣੀ ਜਦ ਹਕੀਕਤ ਨਸ਼ਾ ਲਹਿ ਗਿਆ।

## “ਚੱਕ ਦੇ ਪੰਜਾਬ”

# ਪੰਜਾਬ ਨੂੰ ਪਹਿਲੀ ਵਾਰ ਮਿਲੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਟਰਾਫ਼ੀ ਦੀ ਮੇਜ਼ਬਾਨੀ

## ਭਾਰਤ, ਪਾਕਿਸਤਾਨ, ਸਾਊਥ ਕੋਰੀਆ, ਜਪਾਨ ਸਣੇ ਹੋਰਨਾਂ ਕਈ ਦੇਸ਼ਾਂ ਦੀਆਂ ਟੀਮਾਂ ਲੈਣਗੀਆਂ ਹਿੱਸਾ

### 20 ਸਾਲ ਬਾਅਦ ਪੰਜਾਬ 'ਚ ਹੋਣਗੇ ਅੰਤਰਰਾਸ਼ਟਰੀ ਹਾਕੀ ਮੈਚ





ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਕਤੂਬਰ ਮਹੀਨੇ ਦੇ ਅਖੀਰ ਵਿੱਚ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਟਰਾਫ਼ੀ ਹੋਣ ਜਾ ਰਹੀ ਹੈ। ਇਸ ਲਈ ਏਸ਼ੀਅਨ ਹਾਕੀ ਫ਼ੈਡਰੇਸ਼ਨ ਅਤੇ ਭਾਰਤੀ ਹਾਕੀ ਫ਼ੈਡਰੇਸ਼ਨ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੇ ਮੁਕਾਬਲੇ ਅਕਤੂਬਰ ਦੇ ਅਖੀਰ ਵਿੱਚ ਕਰਵਾਏ ਜਾਣਗੇ।

ਇਹ ਮੁਕਾਬਲੇ ਮੋਹਾਲੀ ਅਤੇ ਜਲੰਧਰ ਦੇ ਖੇਡ ਮੈਦਾਨਾਂ ਵਿੱਚ ਕਰਵਾਏ ਜਾਣਗੇ। ਇਸ ਵਿੱਚ ਭਾਰਤ, ਪਾਕਿਸਤਾਨ, ਸਾਊਥ ਕੋਰੀਆ, ਜਪਾਨ ਸਣੇ ਹੋਰਨਾਂ ਕਈ ਦੇਸ਼ਾਂ ਦੀਆਂ ਟੀਮਾਂ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਸੱਭਿਆਚਾਰ ਨੂੰ ਵੀ ਪ੍ਰਫ਼ੁੱਲਿਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 44 ਸਾਲ ਬਾਅਦ ਬੈਡਮਿੰਟਨ ਦੇ ਅੰਡਰ 13 ਜੀ ਨੈਸ਼ਨਲ ਚੈਂਪੀਅਨਸ਼ਿਪ ਵੀ ਦਸੰਬਰ ਮਹੀਨੇ ਵਿੱਚ ਜਲੰਧਰ ਵਿਖੇ ਹੋਣ ਜਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡਾਂ ਨੂੰ ਪ੍ਰਫ਼ੁੱਲਿਤ ਕਰਨ ਲਈ ਤਿਆਰ ਕੀਤੀ ਗਈ ਖੇਡ ਨੀਤੀ ਵਿੱਚ ਖਿਡਾਰੀਆਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲਿਆਂ ਦੀ ਤਿਆਰੀਆਂ ਲਈ ਵੀ ਵੱਡੀ ਰਕਮ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਦੌਰਾਨ ਏਸ਼ੀਅਨ ਖੇਡਾਂ ਲਈ ਖਿਡਾਰੀਆਂ ਨੂੰ ਅੱਠ-ਅੱਠ ਲੱਖ ਰੁਪਏ ਅਤੇ ਓਲੰਪਿਕ ਖੇਡਾਂ ਦੀ ਤਿਆਰੀ ਲਈ ਖਿਡਾਰੀਆਂ ਨੂੰ 15-15 ਲੱਖ ਰੁਪਏ ਦਿੱਤੇ ਜਾ ਰਹੇ ਹਨ। ਜਦੋਂਕਿ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿੱਚ ਜਿੱਤ ਹਾਸਿਲ ਕਰਨ ਵਾਲੇ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਨਗਦ ਇਨਾਮ ਵੀ ਦਿੱਤੇ ਜਾਂਦੇ ਹਨ।

### ਜਨਰੇਸ਼ਨ ਵਿੱਚ ਆਵੇਗਾ ਬਦਲਾਓ

ਖੇਡ ਮਾਹਿਰਾਂ ਦੀ ਮੰਨੀਏ ਤਾਂ ਉਹਨਾਂ ਦਾ ਕਹਿਣਾ ਹੈ ਕਿ ਜਦੋਂ ਪੰਜਾਬ ਦੇ ਲੋਕ ਆਪਣੇ ਹੀਰੋ ਖਿਡਾਰੀਆਂ ਨੂੰ ਖੇਡਦੇ ਹੋਏ ਵੇਖਣਗੇ ਤਾਂ ਉਹ ਵੀ ਉਹਨਾਂ ਦੀ ਤਰ੍ਹਾਂ ਹੀ ਬਣਨ ਦਾ ਸੁਪਨਾ ਵੇਖਣਗੇ। ਸਾਲ 2006 ਵਿੱਚ ਗਗਨਪ੍ਰੀਤ ਅਤੇ ਰਾਜਪਾਲ ਵਰਗੇ ਸਟਾਰ ਖਿਡਾਰੀਆਂ ਨੂੰ ਪੰਜਾਬ ਦੇ ਲੋਕਾਂ ਨੇ ਨੇੜਿਓਂ ਖੇਡਦੇ ਹੋਏ ਵੇਖਿਆ ਸੀ ਤਾਂ ਅੱਜ ਦੇਸ਼ ਨੂੰ ਪੰਜਾਬ ਤੋਂ ਸਟਾਰ ਖਿਡਾਰੀ ਮਿਲੇ ਹਨ। ਆਸ ਹੈ ਕਿ ਇਹਨਾਂ ਸਟਾਰ ਖਿਡਾਰੀਆਂ ਨੂੰ ਖੇਡਦੇ ਵੇਖ ਕੇ ਸਾਨੂੰ ਪੰਜਾਬ ਤੋਂ ਆਉਣ ਵਾਲੇ ਸਟਾਰ ਖਿਡਾਰੀ ਮਿਲਣਗੇ। ਇਹ ਸਾਡੇ ਲਈ ਆਈ.ਸੀ.ਸੀ.ਇਵੈਂਟ ਦੀ ਤਰ੍ਹਾਂ ਹੈ।

### ਮਹੱਤਵਪੂਰਨ ਹੈ ਇਹ ਇਵੈਂਟ....

* ਸਾਲ 2006 ਵਿੱਚ ਭਾਰਤੀ ਟੀਮ ਆਖ਼ਰੀ ਵਾਰ ਪੰਜਾਬ ਵਿੱਚ ਖੇਡੀ ਸੀ। ਇਹ ਮੈਚ ਜਲੰਧਰ ਵਿੱਚ ਪਾਕਿਸਤਾਨ ਦੀ ਹਾਕੀ ਟੀਮ ਦੇ ਨਾਲ ਹੋਇਆ ਸੀ, ਜੋ ਇੱਕ ਟੈਸਟ ਸੀਰੀਜ਼ ਦਾ ਹਿੱਸਾ ਸੀ। ਇਸ ਦੇ ਬਾਅਦ ਭਾਰਤੀ ਹਾਕੀ ਟੀਮ ਕਦੇ ਵੀ ਪੰਜਾਬ ਵਿੱਚ ਨਹੀਂ ਖੇਡੀ।

* ਮੌਜੂਦਾ ਭਾਰਤੀ ਹਾਕੀ ਟੀਮ ਵਿੱਚ 10 ਪਲੇਅਰ ਪੰਜਾਬ ਦੇ ਖੇਡਦੇ ਹਨ। ਇਹਨਾਂ ਖਿਡਾਰੀਆਂ ਨੂੰ ਪੰਜਾਬ ਦੇ ਜੂਨੀਅਰ ਹਾਕੀ ਖਿਡਾਰੀਆਂ ਅਤੇ ਇੱਥੋਂ ਦੇ ਪ੍ਰਸ਼ੰਸਕਾਂ ਨੇ ਕਦੇ ਵੀ ਆਪਣੇ ਸਾਹਮਣੇ ਖੇਡਦੇ ਹੋਏ ਨਹੀਂ ਵੇਖਿਆ ਹੈ। ਹੁਣ ਇਹ ਚੰਗਾ ਮੌਕੇ ਹੋਵੇਗਾ ਆਪਣੇ ਸਟਾਰ ਖਿਡਾਰੀਆਂ ਨੂੰ ਆਪਣੇ ਸਾਹਮਣੇ ਖੇਡਦੇ ਹੋਏ ਵੇਖਣ ਲਈ।

*ਭਾਰਤੀ ਹਾਕੀ ਟੀਮ ਦੇ ਪਿਛਲੇ ਤਿੰਨ ਕਪਤਾਨ ਪੰਜਾਬ ਦੀ ਦੇਣ ਹਨ। ਮਨਪ੍ਰੀਤ ਸਿੰਘ ਅਤੇ ਹਰਮਨਪ੍ਰੀਤ ਸਿੰਘ ਨੇ ਭਾਰਤ ਨੂੰ ਲੰਬੇ ਸਮੇਂ ਤੋਂ ਬਾਅਦ ਓਲੰਪਿਕ ਮੈਡਲ ਦਿਵਾਇਆ। ਇਸ ਦੇ ਇਲਾਵਾ ਹਾਰਦਿਕ ਸਿੰਘ ਵੀ ਪੰਜਾਬ ਤੋਂ ਹੈ।

## ਪੰਜਾਬ 40 ਸਾਲਾਂ ਬਾਅਦ ਕਰੇਗਾ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ ਦੀ ਮੇਜ਼ਬਾਨੀ



ਜਲੰਧਰ/ਏ.ਟੀ.ਨਿਊਜ਼: ਪੰਜਾਬ ਬੈਡਮਿੰਟਨ ਐਸੋਸੀਏਸ਼ਨ (ਪੀ ਬੀ ਏ) ਦੇ ਸਕੱਤਰ ਰਿਤਿਨ ਖੰਨਾ ਨੇ ਦੱਸਿਆ ਕਿ ਸੂਬਾ 40 ਸਾਲਾਂ ਬਾਅਦ ਕੌਮੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰੇਗਾ। ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ (ਬੀ ਏ ਆਈ) ਨੇ 38ਵੀਂ ਸਬ-ਜੂਨੀਅਰ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ ਦੀ ਜ਼ਿੰਮੇਵਾਰੀ ਪੰਜਾਬ ਨੂੰ ਸੌਂਪੀ ਹੈ।

ਰਿਤਿਨ ਖੰਨਾ ਨੇ ਦੱਸਿਆ ਕਿ ਇਹ ਚੈਂਪੀਅਨਸ਼ਿਪ 9 ਤੋਂ 12 ਦਸੰਬਰ 2026 ਤੱਕ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ, ਜਲੰਧਰ ਵਿੱਚ ਕਰਵਾਈ ਜਾਵੇਗੀ। ਇਸ ਵਿੱਚ 33 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਲਗਪਗ 350 ਖਿਡਾਰੀ ਹਿੱਸਾ ਲੈਣਗੇ। ਪੰਜਾਬ ਵਿੱਚ ਇਸ ਤੋਂ ਪਹਿਲਾਂ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ 1987 ਵਿੱਚ ਜਲੰਧਰ 'ਚ ਹੀ ਹੋਈ ਸੀ। ਖੰਨਾ ਨੇ ਦੱਸਿਆ ਕਿ ਪੀ ਬੀ ਏ ਲਗਾਤਾਰ ਬੀ ਏ ਆਈ ਦੇ ਸੰਪਰਕ ਵਿੱਚ ਸੀ ਅਤੇ ਸਟੇਡੀਅਮ ਦੀਆਂ ਵਧੀਆ ਸੁਵਿਧਾਵਾਂ ਦੇ ਨਿਰੀਖਣ ਤੋਂ ਬਾਅਦ ਹੀ ਮੇਜ਼ਬਾਨੀ ਦਾ ਇਹ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਤੂਆਂ ਨੂੰ ਕੁੱਲ 10 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਇਕ ਕਰੋੜ ਰੁਪਏ ਦੀ ਲਾਗਤ ਨਾਲ ਵੱਡਾ ਸੁਧਾਰ ਕੀਤਾ ਗਿਆ ਹੈ। ਹੁਣ ਇੱਥੇ 10 ਕੋਰਟ, ਜਿਮ, ਰੈਸਟੋਰੈਂਟ, ਖੇਡ ਦੇ ਸਾਮਾਨ ਦੀਆਂ ਦੁਕਾਨਾਂ ਅਤੇ ਫਿਜ਼ਿਓਥੈਰੇਪੀ ਸੈਂਟਰ ਦੀਆਂ ਸਹੂਲਤਾਂ ਉਪਲਬਧ ਹਨ।

## ਅਗਲੇ ਸਾਲ ਹੋਣਗੀਆਂ ਰਾਸ਼ਟਰਮੰਡਲ ਯੂਥ ਖੇਡਾਂ

ਨਵੀਂ ਦਿੱਲੀ/ਏ.ਟੀ.ਨਿਊਜ਼: ਰਾਸ਼ਟਰਮੰਡਲ ਯੂਥ ਗੇਮਜ਼ ਦਾ ਅੱਠਵਾਂ ਐਡੀਸ਼ਨ ਅਗਲੇ ਸਾਲ 2027 ਵਿੱਚ ਮਾਲਟਾ ਅਤੇ ਗੋਜ਼ੋ ਵਿੱਚ 29 ਅਕਤੂਬਰ ਤੋਂ 4 ਨਵੰਬਰ ਤੱਕ ਕਰਵਾਇਆ ਜਾਵੇਗਾ। ਖੇਡਾਂ ਦਾ ਉਦਘਾਟਨੀ ਸਮਾਰੋਹ 29 ਅਕਤੂਬਰ ਨੂੰ ਹੋਵੇਗਾ, ਜਿਸ ਮਗਰੋਂ 30 ਅਕਤੂਬਰ ਤੋਂ 4 ਨਵੰਬਰ ਤੱਕ ਛੇ ਦਿਨਾਂ ਦਾ ਰੋਮਾਂਚਕ ਖੇਡ ਪ੍ਰੋਗਰਾਮ ਚੱਲੇਗਾ। ਇਨ੍ਹਾਂ ਖੇਡਾਂ ਵਿੱਚ ਕੁੱਲ ਅੱਠ ਖੇਡਾਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਤੈਰਾਕੀ ਅਤੇ ਪੈਰਾ ਤੈਰਾਕੀ, ਐਥਲੈਟਿਕਸ ਤੇ ਪੈਰਾ ਐਥਲੈਟਿਕਸ, ਨੈੱਟਬਾਲ, ਕਿਸ਼ਤੀਚਾਲਨ, ਸਕੁਐਸ਼, ਟ੍ਰਾਈਥਲੋਨ, ਵਾਟਰ ਪੋਲੋ ਅਤੇ ਵੇਟਲਿਫਟਿੰਗ ਸ਼ਾਮਲ ਹਨ। ਰਾਸ਼ਟਰਮੰਡਲ ਖੇਡਾਂ ਦੀ ਮੁੱਖ ਕਾਰਜਕਾਰੀ ਕੇਟੀ ਸੈਡਲੀਅਰ ਨੇ ਇੱਕ ਮੀਡੀਆ ਬਿਆਨ ਵਿੱਚ ਕਿਹਾ, ‘‘ਮਾਲਟਾ 2027 ਉਤਸ਼ਾਹਜਨਕ ਅਤੇ ਮੁਕਾਬਲੇਬਾਜ਼ ਮਾਹੌਲ ਦਾ ਵਾਅਦਾ ਕਰਦਾ ਹੈ। ਇੱਥੋਂ ਦੀਆਂ ਵਿਸ਼ਵ ਪੱਧਰੀ ਸਹੂਲਤਾਂ ਸਾਡੇ ਨੌਜਵਾਨ ਐਥਲੀਟਾਂ ਨੂੰ ਨਵਾਂ ਤਜਰਬਾ ਦੇਣਗੀਆਂ।’’

## ਖੇਡਾਂ ਦੇ ਨਾਲ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦੇਣ ਖਿਡਾਰੀ: ਪੀ.ਵੀ. ਸਿੰਧੂ



ਗੁਰੂਗ੍ਰਾਮ/ਏ.ਟੀ.ਨਿਊਜ਼: ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰਨ ਅਤੇ ਦੋ ਵਾਰ ਦੀ ਓਲੰਪਿਕ ਤਗ਼ਮਾ ਜੇਤੂ ਪੀ ਵੀ ਸਿੰਧੂ ਨੇ ਅੱਜ ਉਭਰਦੇ ਖਿਡਾਰੀਆਂ ਨੂੰ ਖੇਡਾਂ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖਣ ਦੀ ਵੀ ਸਲਾਹ ਦਿੱਤੀ ਹੈ। ਡੀ ਪੀ ਐੱਸ ਇੰਟਰਨੈਸ਼ਨਲ ਸਕੂਲ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਿੰਧੂ ਨੇ ਕਿਹਾ ਕਿ ਖੇਡਾਂ ਵਿੱਚ ਕਰੀਅਰ ਬਣਾਉਣ ਲਈ ਪੜ੍ਹਾਈ ਨੂੰ ਅਣਗੌਲਿਆਂ ਕਰਨਾ ਜੋਖ਼ਮ ਭਰਿਆ ਹੋ ਸਕਦਾ ਹੈ। ਇੱਕ ਵੀ ਗੰਭੀਰ ਸੱਟ ਖਿਡਾਰੀ ਦਾ ਕਰੀਅਰ ਖ਼ਤਮ ਕਰ ਸਕਦੀ ਹੈ। ਸਾਬਕਾ ਆਲਮੀ ਚੈਂਪੀਅਨ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ 2015 ਵਿੱਚ ਖੱਬੇ ਪੈਰ ਦੇ ਸਟ੍ਰੈੱਸ ਫਰੈਕਚਰ ਕਾਰਨ ਉਹ ਛੇ ਮਹੀਨੇ ਖੇਡ ਤੋਂ ਦੂਰ ਰਹੀ ਸੀ। ਉਸ ਸਮੇਂ ਉਸ ਦੇ ਮਨ ਵਿੱਚ ਡਰ ਪੈਦਾ ਹੋ ਗਿਆ ਸੀ ਕਿ ਉਹ ਦੁਬਾਰਾ ਖੇਡ ਸਕੇਗੀ ਜਾਂ ਨਹੀਂ। ਹਾਲਾਂਕਿ, ਉਸ ਨੇ ਹਿੰਮਤ ਨਹੀਂ ਹਾਰੀ ਅਤੇ 2016 ਦੀਆਂ ਰੀਓ ਓਲੰਪਿਕ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ। ਸਿੰਧੂ ਨੇ ਕਿਹਾ, “ਤੁਸੀਂ 45, 50 ਜਾਂ 60 ਸਾਲ ਦੀ ਉਮਰ ਤੱਕ ਉੱਚ ਪੱਧਰ 'ਤੇ ਨਹੀਂ ਖੇਡ ਸਕਦੇ। ਇੱਕ ਦਿਨ ਤੁਹਾਨੂੰ ਖੇਡ ਤੋਂ ਸੰਨਿਆਸ ਲੈਣਾ ਹੀ ਪਵੇਗਾ ਪਰ ਵਿੱਦਿਆ ਹਮੇਸ਼ਾ ਤੁਹਾਡੇ ਨਾਲ ਰਹੇਗੀ।”

ਉਸ ਨੇ ਦੱਸਿਆ ਕਿ ਉਸ ਨੇ ਖੁਦ ਖੇਡਾਂ ਦੇ ਨਾਲ ਐੱਮ ਬੀ ਏ ਦੀ ਪੜ੍ਹਾਈ ਪੂਰੀ ਕੀਤੀ ਹੈ। ਉਸ ਨੇ ਕਿਹਾ ਕਿ ਸੱਟਾਂ ਬਾਰੇ ਕੁਝ ਪਤਾ ਨਹੀਂ ਹੁੰਦਾ, ਇਹ ਕਦੇ ਵੀ ਲੱਗ ਸਕਦੀਆਂ ਹਨ, ਇਸ ਲਈ ਜ਼ਿੰਦਗੀ ਵਿੱਚ ਦੂਜਾ ਬਦਲ (ਪੜ੍ਹਾਈ) ਤਿਆਰ ਰੱਖਣਾ ਚਾਹੀਦਾ ਹੈ।

## ਪੜ੍ਹਾਈ ਤੇ ‘ਰਗਬੀ ਖੇਡ’ ਨੂੰ ਸਮਰਪਿਤ ਹੈ ਅਮਨਦੀਪ ਕੌਰ




ਖੇਡ ਜਗਤ ਵਿੱਚ ਉੱਚਾ ਮੁਕਾਮ ਹਾਸਲ ਕਰਨਾ ਅਜੋਕੇ ਸਮਾਜ 'ਚ ਕੁੜੀਆਂ ਲਈ ਕੋਈ ਸੌਖਾ ਕੰਮ ਨਹੀਂ ਹੈ। ਪਰ ਜਦੋਂ ਮਾਪਿਆਂ ਦੀ ਹੱਲਾਸ਼ੇਰੀ, ਅਧਿਆਪਕਾਂ ਦੀ ਯੋਗ ਅਗਵਾਈ ਅਤੇ ਖਿਡਾਰੀ ਦੀ ਖ਼ੁਦ ਦੀ ਸਖ਼ਤ ਮਿਹਨਤ ਦਾ ਸੁਮੇਲ ਹੋ ਜਾਵੇ ਤਾਂ ਸੱਚਮੁਚ ਉਸ ਨੂੰ ਆਪਣੀ ਮੰਜ਼ਿਲ ਅਤੇ ਆਪਣਾ ਮੁਕਾਮ ਹਾਸਲ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਪਰ ਖਿਡਾਰੀ ਦਾ ਟੀਚਾ ਜ਼ਰੂਰ ਸਪੱਸ਼ਟ ਹੋਣਾ ਚਾਹੀਦਾ ਹੈ। ਅਮਨਦੀਪ ਸਕੂਲ ਵਿੱਚ ਪੜ੍ਹਦਿਆਂ ਜੈਵਲਿਨ ਥ੍ਰੋਅ ਕਰਦੀ ਸੀ ਪਰ ਬਾਅਦ ਵਿੱਚ ਉਸ ਨੇ ਰਗਬੀ ਖੇਡਣ ਦਾ ਮਨ ਬਣਾਇਆ। ਹੁਣ ਉਹ ਭਾਰਤੀ ਰਗਬੀ ਟੀਮ ਦੀ ਨੁਮਾਇੰਦਗੀ ਕਰਦਿਆਂ ਏਸ਼ਿਆਈ ਖੇਡਾਂ ਵਿੱਚ ਤਗ਼ਮਾ ਜਿੱਤਣਾ ਚਾਹੁੰਦੀ ਹੈ। ਉਸ ਨੇ ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰੀਆਂ ਹਨ। ਉਸ ਨੇ ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਧੀਰਪੁਰ ਵਿੱਚ ਨਿਰੋਲ ਪੇਂਡੂ ਤੇ ਗ਼ਰੀਬ ਪਰਿਵਾਰ 'ਚੋਂ ਉੱਠ ਕੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਿਆ। ਵਿਸ਼ੇਸ਼ ਗੱਲ ਇਹ ਕਿ ਅਮਨਦੀਪ ਇੰਡੀਆ ਰਗਬੀ ਟੀਮ ਵਿੱਚ ਚੁਣੀ ਜਾਣ ਵਾਲੀ ਪੰਜਾਬ ਦੀ ਪਹਿਲੀ ਖਿਡਾਰਨ ਹੈ ਜਿਸ ਨੇ ਥਾਈਲੈਂਡ, ਚੀਨ ਤੇ ਸ੍ਰੀਲੰਕਾ ਆਦਿ ਦੇਸ਼ਾਂ ਵਿੱਚ ਹੋਏ ਕੌਮਾਂਤਰੀ ਮੁਕਾਬਲਿਆਂ 'ਚ ਭਾਰਤੀ ਟੀਮ ਦੀ ਨੁਮਾਇੰਦਗੀ ਕੀਤੀ। ਪਿਤਾ ਮਲੂਕ ਸਿੰਘ ਦੀ ਧੀ ਅਮਨਦੀਪ ਕੌਰ ਨੇ ਪਿੰਡ ਦੇ ਸਰਕਾਰੀ ਸਕੂਲ ਤੋਂ ਮੁੱਢਲੀ ਸਿੱਖਿਆ ਹਾਸਲ ਕਰਨ ਉਪਰੰਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਧਾਵਾ (ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਦਾਖ਼ਲਾ ਲਿਆ ਜਿੱਥੇ ਸਰੀਰਕ ਸਿੱਖਿਆ ਦੀ ਲੈਕਚਰਾਰ ਸਤਿੰਦਰਵੀਰ ਕੌਰ ਨੇ ਉਸ ਨੂੰ ਜੈਵਲਿਨ ਥ੍ਰੋਅ 'ਚ ਭਾਗ ਲੈਣ ਲਈ ਪ੍ਰੇਰਿਆ ਅਤੇ ਤਰਾਸ਼ਿਆ। ਸਿੱਟੇ ਵਜੋਂ ਅਮਨਦੀਪ ਕੌਰ ਨੇ ਜੈਵਲਿਨ ਸੁੱਟਣ ਦਾ ਅਭਿਆਸ ਆਰੰਭ ਕਰ ਦਿੱਤਾ। ਇੱਥੋਂ ਹੀ ਉਸ ਦੀ ਖੇਡਾਂ 'ਚ ਭਾਗ ਲੈਣ ਦੀ ਮੁੱਢਲੀ ਸ਼ੁਰੂਆਤ ਦਾ ਆਗਾਜ਼ ਹੋਇਆ। ਅਮਨਦੀਪ ਕੌਰ ਨੇ ਜੀਅ-ਜਾਨ ਨਾਲ ਮਿਹਨਤ ਕੀਤੀ ਤੇ ਸਕੂਲੀ ਮੁਕਾਬਲਿਆਂ 'ਚ ਭਾਗ ਲੈਂਦਿਆਂ ਜ਼ਿਲ੍ਹਾ ਤੇ ਸਟੇਟ ਪੱਧਰ ਉੱਤੇ ਜੈਵਲਿਨ ਥ੍ਰੋਅ 'ਚ ਚੰਗਾ ਪ੍ਰਦਰਸ਼ਨ ਕੀਤਾ।ਬਾਰ੍ਹਵੀਂ ਜਮਾਤ ਰੰਧਾਵਾ ਸਕੂਲ ਤੋਂ ਚੰਗੇ ਅੰਕਾਂ 'ਚ ਪਾਸ ਕਰਨ ਪਿੱਛੋਂ ਅਮਨਦੀਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚ ਬੀ ਪੀ ਈ ਐੱਸ (ਤਿੰਨ ਸਾਲਾ ਗ੍ਰੈਜੂਏਸ਼ਨ ਕੋਰਸ) ਵਿੱਚ ਦਾਖ਼ਲਾ ਲੈ ਲਿਆ। ਉਪਰੰਤ ਪੜ੍ਹਾਈ ਦੇ ਨਾਲ-ਨਾਲ ਉਸ ਨੇ ਜੈਵਲਿਨ ਥ੍ਰੋਅ ਦਾ ਅਭਿਆਸ ਨਿਰੰਤਰ ਜਾਰੀ ਰੱਖਿਆ ਤੇ ਚੰਗਾ ਪ੍ਰਦਰਸ਼ਨ ਕੀਤਾ। ਪਰ ਦੋ ਸਾਲ ਬਾਅਦ ਉਸ ਦੀ ਖੇਡ ਦੁਨੀਆ ਵਿੱਚ ਉਦੋਂ ਨਵਾਂ ਮੋੜ ਆਇਆ ਜਦੋਂ ਸਹਾਇਕ ਪ੍ਰੋਫੈਸਰ ਤੇ ਕੋਚ ਸੰਦੀਪ ਕੁਮਾਰ ਦੀ ਅਗਵਾਈ ਹੇਠ ਅਮਨਦੀਪ ਕੌਰ ਨੇ ਰਗਬੀ ਖੇਡ ਖੇਡਣ ਦਾ ਮਨ ਬਣਾ ਲਿਆ।

# ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬੀ ਸਿਨੇਮਾ ਦੀ ਸਥਿਤੀ


ਅੰਗ੍ਰੇਜ਼ ਸਿੰਘ ਵਿਰਦੀ

ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦੀ ਜੇਕਰ ਤਾਰੀਖ਼ ਪੜ੍ਹੀ ਜਾਵੇ ਤਾਂ ਪੰਜਾਬੀ ਸਿਨੇਮਾ ਵਿੱਚ ਜਿੰਨੀਆਂ ਵੀ ਬਿਹਤਰੀਨ ਫਿਲਮਾਂ ਬਣੀਆਂ ਜ਼ਿਆਦਾਤਰ ਉਹ ਲਾਹੌਰ ਫਿਲਮ ਇੰਡਸਟਰੀ ਦੀ ਹੀ ਦੇਣ ਸਨ। ਲਾਹੌਰ ਸਾਂਝੇ ਪੰਜਾਬ ਦੀ ਰਾਜਧਾਨੀ, ਪੰਜਾਬੀ ਸੱਭਿਆਚਾਰ ਦੀ ਤਰਜ਼ਮਾਨੀ ਕਰਦਾ ਇੱਕ ਅਜਿਹਾ ਖ਼ੂਬਸੂਰਤ ਸ਼ਹਿਰ ਸੀ ਜੋ ’47 ਤੋਂ ਪਹਿਲਾਂ ਕਲਾ ਅਤੇ ਸਾਹਿਤਕ ਸਰਗਰਮੀਆਂ ਦਾ ਵੱਡਾ ਕੇਂਦਰ ਹੋਇਆ ਕਰਦਾ ਸੀ। ਇਸ ਦਾ ਅਸਰ ਉਸ ਵੇਲੇ ਦੇ ਪੰਜਾਬੀ ਸਿਨੇਮਾ ’ਤੇ ਵੀ ਦਿਖਾਈ ਦਿੰਦਾ ਸੀ, ਪਰ ਪੰਜਾਬੀ ਫਿਲਮ ਇੰਡਸਟਰੀ ਦਾ ਇਹ ਸਭ ਤੋਂ ਵੱਡਾ ਕੇਂਦਰ ਲਾਹੌਰ ਵੰਡ ਤੋਂ ਬਾਅਦ ਪਾਕਿਸਤਾਨ ਦੇ ਹਿੱਸੇ ਆ ਗਿਆ।










’47 ਦੀ ਵੰਡ ਵੇਲੇ ਹੋਈ ਫਿਰਕੂ ਹਿੰਸਾ ਵਿੱਚ ਇੱਥੋਂ ਦੇ ਲਗਭਗ ਸਾਰੇ ਫਿਲਮ ਸਟੂਡੀਓ ਅੱਗ ਦੀ ਭੇਂਟ ਚੜ੍ਹ ਗਏ। ਸਾਰੇ ਹਿੰਦੂ ਤੇ ਸਿੱਖ ਫਿਲਮੀ ਕਲਾਕਾਰਾਂ ਅਤੇ ਸਟੂਡੀਓ ਮਾਲਕਾਂ ਨੂੰ ਲਾਹੌਰ ਛੱਡ ਕੇ ਆਪਣੀਆਂ ਜਾਨਾਂ ਬਚਾਅ ਕੇ ਮਜਬੂਰੀ ਵਿੱਚ ਭਾਰਤ ਆਉਣਾ ਪਿਆ। ਇਸ ਨਾਲ ਲਾਹੌਰ ਫਿਲਮ ਇੰਡਸਟਰੀ ਪੂਰੀ ਤਰ੍ਹਾਂ ਉੱਜੜ ਗਈ। ’47 ਦੀ ਵੰਡ ਕਰਕੇ ਪੰਜਾਬੀਆਂ ਵਾਂਗ ਲਾਹੌਰ ਦੀ ਪੰਜਾਬੀ ਫਿਲਮ ਇੰਡਸਟਰੀ ਵੀ ਘਰੋਂ ਬੇਘਰ ਹੋ ਗਈ ਤੇ ਮੁੜ ਕੇ ਉਸ ਨੂੰ ਕਦੇ ਲਾਹੌਰ ਵਰਗਾ ਆਪਣਾ ਸਾਂਝਾ ਘਰ ਨਸੀਬ ਨਾ ਹੋਇਆ। ਪਾਕਿਸਤਾਨ ਬਣਨ ਤੋਂ ਬਾਅਦ ਲਾਹੌਰ ਤੋਂ ਹਿਜ਼ਰਤ ਕਰ ਕੇ ਜੋ ਫਿਲਮੀ ਲੋਕ ਭਾਰਤ ਆਏ, ਉਨ੍ਹਾਂ ਵਿੱਚੋਂ ਜ਼ਿਆਦਾਤਰ ਹਿੰਦੀ ਫਿਲਮਾਂ ਵਿੱਚ ਕਾਮਯਾਬ ਹੋਣ ਲਈ ਸੰਘਰਸ਼ ਕਰਨ ਲੱਗੇ ਤੇ ਕੁਝ ਕਾਮਯਾਬ ਵੀ ਹੋ ਗਏ, ਪਰ ਉਨ੍ਹਾਂ ਨੇ ਮੁੜ ਕੇ ਪੰਜਾਬੀ ਫਿਲਮ ਇੰਡਸਟਰੀ ਦੀ ਬਾਂਹ ਨਾ ਫੜੀ। ਗਿਣਤੀ ਦੇ ਕੁਝ ਬਹੁਤ ਥੋੜ੍ਹੇ ਪੰਜਾਬੀ ਕਲਾਕਾਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਸਦਕੇ ਪੰਜਾਬੀ ਫਿਲਮ ਇੰਡਸਟਰੀ ਫਿਰ ਤੋਂ ਹੌਲੀ ਹੌਲੀ ਆਪਣੇ ਪੈਰਾਂ ਸਿਰ ਖੜ੍ਹੀ ਹੋਣ ਲੱਗੀ। ਚੜ੍ਹਦੇ ਪੰਜਾਬ ਤੋਂ ਹਜ਼ਾਰਾ ਮੀਲ ਦੂਰ ਮੁੰਬਈ ਫਿਲਮ ਇੰਡਸਟਰੀ ਵਿੱਚ ਹਿੰਦੀ ਫਿਲਮਾਂ ਦੇ ਨਾਲ ਨਾਲ ਪਹਿਲਾਂ ਵਾਂਗ ਪੰਜਾਬੀ ਫਿਲਮਾਂ ਦਾ ਵੀ ਨਿਰਮਾਣ ਹੋਣ ਲੱਗਾ, ਕਲਕੱਤਾ ਫਿਲਮ ਇੰਡਸਟਰੀ ਬੰਦ ਹੋਣ ਕਰਕੇ ਉੱਥੋਂ ਦੇ ਫਿਲਮੀ ਕਲਾਕਾਰ ਵੀ ਮੁੰਬਈ ਹੀ ਆ ਗਏ ਸਨ, ਸੋ ਉੱਥੇ ਜੋ ਪਹਿਲਾਂ ਪੰਜਾਬੀ ਫਿਲਮਾਂ ਬਣਦੀਆਂ ਸਨ, ਉਹ ਵੀ ਬੰਦ ਹੋ ਗਈਆਂ।

ਚੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮਾ ਦਾ 6 ਅਗਸਤ, 1948 ਵਿੱਚ ਰਿਲੀਜ਼ ਹੋਈ ਪਹਿਲੀ ਪੰਜਾਬੀ ਫਿਲਮ ‘ਚਮਨ’ ਨਾਲ ਮੁੜ ਤੋਂ ਮੁੱਢ ਬੱਝਾ। ਬੰਬਈ ਵਿੱਚ ਬਣੀ ਜੈਮਿਨੀ ਦੀਵਾਨ ਪ੍ਰੋਡਕਸ਼ਨ ਦੀ ਫਿਲਮ ‘ਚਮਨ’ ਦੇ ਪ੍ਰਦਰਸ਼ਨ ਤੋਂ ਬਾਅਦ 1949 ਵਿੱਚ ਕੁਲਦੀਪ ਪਿਕਚਰਜ਼ ਲਿਮਟਿਡ ਬੰਬਈ ਦੇ ਬੈਨਰ ਹੇਠ ਰਜਿੰਦਰ ਸ਼ਰਮਾ ਦੀ ਡਾਇਰੈਕਟ ਕੀਤੀ ਫਿਲਮ ‘ਲੱਛੀ’ ਪ੍ਰਦਰਸ਼ਿਤ ਹੋਈ ਜਿਸ ਦੇ ਗੀਤਾਂ ਨੇ ਚਾਰੇ ਪਾਸੇ ਧੁੰਮਾਂ ਪਾ ਦਿੱਤੀਆਂ ਤੇ ਇਹ ਫਿਲਮ ਚੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮਾ ਦੀ ਪਹਿਲੀ ਸੁਪਰਹਿੱਟ ਫਿਲਮ ਸਾਬਤ ਹੋਈ। ਇਸ ਤੋਂ ਬਾਅਦ 1951 ਵਿੱਚ ਇੱਕ ਹੋਰ ਫਿਲਮ ਸੁਪਰਹਿੱਟ ਹੋਈ ‘ਪੋਸਤੀ’, ਜਿਸ ਦੇ ਗੀਤ ਵੀ ਬੇਹੱਦ ਮਕਬੂਲ ਹੋਏ। ਪੰਜਾਹਵੇਂ ਅਤੇ ਸੱਠਵੇਂ ਦਹਾਕੇ ਵਿੱਚ ਪੰਜਾਬੀ ਫਿਲਮ ਇੰਡਸਟਰੀ ਨੇ ਕਈ ਪੰਜਾਬੀ ਫਿਲਮਾਂ ਜਿਨ੍ਹਾਂ ਦੀਆਂ ਖ਼ੂਬਸੂਰਤ ਕਹਾਣੀਆਂ ਅਤੇ ਮਧੁਰ ਗੀਤਾਂ ਨੂੰ ਉਸ ਜ਼ਮਾਨੇ ਵਿੱਚ ਬੇਹੱਦ ਪਸੰਦ ਕੀਤਾ ਗਿਆ, ਪੰਜਾਬੀ ਸਿਨੇਮਾ ਦੀ ਝੋਲੀ ਪਾਈਆਂ। ਪੰਜਾਬੀ ਲੋਕ ਦਾਸਤਾਨਾਂ, ਕਿੱਸੇ ਕਹਾਣੀਆਂ ਨੂੰ ਫਿਲਮੀ ਪਰਦੇ ’ਤੇ ਲਿਆਉਣ ਦੇ ਨਾਲ ਨਾਲ ਪੰਜਾਬ ਦੀ ਵੰਡ ਦੇ ਦੁਖਾਂਤ ’ਤੇ ਵੀ ਉਸ ਵੇਲੇ ਪੰਜਾਬੀ ਫਿਲਮਾਂ ਬਣਾਈਆਂ ਜਾਣ ਲੱਗੀਆਂ।

ਵੰਡ ਦੇ ਦਰਦ ਨੂੰ ਬਿਆਨ ਕਰਦੀ ਕਲਾਸਿਕ ਪੰਜਾਬੀ ਫਿਲਮ ‘ਚੌਧਰੀ ਕਰਨੈਲ ਸਿੰਘ’ (1962) ਪੰਜਾਬੀ ਸਿਨੇਮਾ ਦੀ ਪਹਿਲੀ ਨੈਸ਼ਨਲ ਐਵਾਰਡ ਹਾਸਲ ਕਰਨ ਵਾਲੀ ਫਿਲਮ ਬਣੀ। ਸਾਲ 1948 ਤੋਂ 1980 ਤੱਕ ਚੜ੍ਹਦੇ ਪੰਜਾਬ ਵਿੱਚ ਕੁੱਲ 170 ਦੇ ਕਰੀਬ ਫਿਲਮਾਂ ਹੀ ਬਣੀਆਂ ਜੋ ਕਿ ਗਿਣਤੀ ਪੱਖੋਂ ਬਹੁਤ ਘੱਟ ਸਨ। ਇਸ ਤੋਂ ਬਾਅਦ ਪੰਜਾਬੀ ਸਿਨੇਮਾ ਨੇ ਕਈ ਦੌਰ ਵੇਖੇ, ਚੰਗੇ ਵੀ ਤੇ ਮਾੜੇ ਵੀ, ਪਰ 6 ਦਸੰਬਰ 1988 ਵਿੱਚ ਅਦਾਕਾਰ ਵਰਿੰਦਰ ਦੀ ਹੱਤਿਆ ਤੋਂ ਬਾਅਦ ਪੰਜਾਬੀ ਫਿਲਮ ਇੰਡਸਟਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਉਸ ਦੇ ਜਾਣ ਤੋਂ ਬਾਅਦ ਪੰਜਾਬੀ ਫਿਲਮਾਂ ਦੇ ਨਿਰਮਾਣ ਵਿੱਚ ਕਮੀ ਦੇ ਨਾਲ ਫਿਲਮਾਂ ਦੇ ਮਿਆਰ ਵਿੱਚ ਵੀ ਗਿਰਾਵਟ ਆਉਣ ਲੱਗੀ।

ਸਾਲ 2000 ਤੱਕ ਪੰਜਾਬੀ ਸਿਨੇਮਾ ਦੀ ਹਾਲਤ ਡਾਂਵਾਡੋਲ ਹੀ ਰਹੀ। ਇਸੇ ਸਮੇਂ ਦੌਰਾਨ 1999 ਵਿੱਚ ਰਿਲੀਜ਼ ਹੋਈਆਂ ‘ਮਾਹੌਲ ਠੀਕ ਹੈ’, ‘ਸ਼ਹੀਦੇ ਮੁਹੱਬਤ’ ਵਰਗੀਆਂ ਖ਼ੂਬਸੂਰਤ ਫਿਲਮਾਂ ਨੇ ਪੰਜਾਬੀ ਸਿਨੇਮਾ ਨੂੰ ਨਵੀ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਅਤੇ ਫਿਰ 2002 ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ ‘ਜੀ ਆਇਆ ਨੂੰ’ ਦੀ ਅਪਾਰ ਸਫਲਤਾ ਤੋਂ ਬਾਅਦ ਨਵੇਂ ਪੰਜਾਬੀ ਸਿਨੇਮਾ ਦਾ ਆਗਾਜ਼ ਹੋਇਆ। ਇਸ ਫਿਲਮ ਦੀ ਸਫਲਤਾ ਤੋਂ ਬਾਅਦ ਫਿਲਮ ਨਿਰਮਾਣ ਵਿੱਚ ਤੇਜ਼ੀ ਆਈ ਅਤੇ ਤਕਨੀਕੀ ਤੌਰ ’ਤੇ ਵੀ ਮਿਆਰੀ ਫਿਲਮਾਂ ਬਣਨ ਲੱਗੀਆਂ। ਫਿਲਮਾਂ ਦੀ ਸਫਲਤਾ ਨਾਲ ਬਹੁਤ ਸਾਰੇ ਫਿਲਮ ਨਿਰਮਾਤਾ ਪੰਜਾਬੀ ਫਿਲਮਾਂ ਦੇ ਨਿਰਮਾਣ ਵਿੱਚ ਦਿਲਚਸਪੀ ਲੈਣ ਲੱਗੇ। ਦੇਖਦੇ ਹੀ ਦੇਖਦੇ ਪੰਜਾਬੀ ਸਿਨੇਮਾ ਆਪਣੇ ਸੁਨਹਿਰੀ ਦੌਰ ਵਿੱਚ ਦਾਖਲ ਹੋ ਗਿਆ। ਅੱਜ ਔਸਤਨ ਸਾਲ ਦੀਆਂ 50 ਤੋਂ 60 ਦੇ ਕਰੀਬ ਪੰਜਾਬੀ ਫਿਲਮਾਂ ਬਣ ਰਹੀਆਂ ਹਨ। ਪੰਜਾਬੀ ਅਦਾਕਾਰ ਦਿਲਜੀਤ ਦੁਸਾਂਝ, ਅਮਰਿੰਦਰ ਗਿੱਲ, ਐਮੀ ਵਿਰਕ, ਨੀਰੂ ਬਾਜਵਾ, ਸੋਨਮ ਬਾਜਵਾ, ਸਰਗੁਣ ਮਹਿਤਾ, ਨਿਮਰਤ ਖਹਿਰਾ ਅੱਜ ਦੇ ਪੰਜਾਬੀ ਸਿਨੇਮਾ ਦੇ ਨਾਮੀ ਚਿਹਰੇ ਹਨ ਜੋ ਪੂਰੀ ਦੁਨੀਆ ਵਿੱਚ ਪੰਜਾਬੀ ਫਿਲਮਾਂ ਦੇ ਸੁਪਰ ਸਟਾਰ ਵਜੋਂ ਪਛਾਣੇ ਜਾਂਦੇ ਹਨ।

ਸਾਲ 1947 ਦੀ ਵੰਡ ਤੋਂ ਬਾਅਦ ਨਵੇਂ ਬਣੇ ਦੇਸ਼ ਪਾਕਿਸਤਾਨ ਦੇ ਲਾਹੌਰ ਸ਼ਹਿਰ ਨੂੰ ਪਾਕਿਸਤਨ ਦੀ ਫਿਲਮ ਇੰਡਸਟਰੀ ਦੇ ਤੌਰ ’ਤੇ ਵੇਖਿਆ ਜਾਣ ਲੱਗਾ, ਪਰ ਤਬਾਹ ਹੋਏ ਫਿਲਮ ਸਟੂਡੀਓ, ਫਿਲਮ ਬਣਾਉਣ ਦੇ ਸਾਜ਼ੋ ਸਾਮਾਨ ਦੀ ਘਾਟ, ਫੰਡਾਂ ਦੀ ਘਾਟ ਕਰਕੇ ਫਿਲਮ ਉਦਯੋਗ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਪਰ ਇਸ ਸਭ ਦੇ ਬਾਵਜੂਦ ਨਵੀਂ ਫਿਲਮ ਇੰਡਸਟਰੀ ਨੇ 7 ਅਗਸਤ 1948 ਨੂੰ ਲਾਹੌਰ ਦੇ ਪ੍ਰਭਾਤ ਸਿਨੇਮਾ ਵਿੱਚ ਆਪਣੀ ਪਹਿਲੀ ਫਿਲਮ ‘ਤੇਰੀ ਯਾਦ’ ਦਾ ਪ੍ਰੀਮੀਅਰ ਕੀਤਾ। ਇਸ ਫਿਲਮ ਤੋਂ ਬਾਅਦ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਪੰਜਾਬੀ ਸਿਨੇਮਾ ਦੀ ਪਹਿਲੀ ਪੰਜਾਬੀ ਫਿਲਮ ‘ਫੇਰੇ’ ਰਿਲੀਜ਼ ਹੋਈ। 28 ਜੁਲਾਈ 1949 ਨੂੰ ਈਦ ਉਲ ਫਿਤਰ ਦੇ ਦਿਹਾੜੇ ’ਤੇ ਰਿਲੀਜ਼ ਹੋਈ ਇਸ ਫਿਲਮ ਨੂੰ ਬੇਹੱਦ ਕਾਮਯਾਬੀ ਹਾਸਲ ਹੋਈ। ਇਸ ਫਿਲਮ ਦੀ ਸਫਲਤਾ ਨੇ ਲਾਹੌਰ ਫਿਲਮ ਇੰਡਸਟਰੀ ਨੂੰ ਨਵਾਂ ਜੀਵਨ ਦਿੱਤਾ। ਅਦਾਕਾਰਾ ਸਵਰਨ ਲਤਾ, ਅਦਾਕਾਰ ਨਜ਼ੀਰ, ਅਲਾਓਦੀਨ, ਐੱਮ. ਇਸਮਾਇਲ ਅਤੇ ਨਜ਼ਰ ਦੀਆਂ ਮੁੱਖ ਭੂਮਿਕਾਵਾਂ ਨਾਲ ਸਜੀ ਇਸ ਫਿਲਮ ਦਾ ਨਿਰਦੇਸ਼ਨ ਮਜੀਦ ਨੇ ਦਿੱਤਾ ਸੀ ਤੇ ਸੁਪਰਵਾਇਜ਼ਰ ਵਜੋਂ ਅਦਾਕਾਰ ਨਿਰਦੇਸ਼ਕ ਨਜ਼ੀਰ ਨੇ ਇਸ ਫਿਲਮ ਦੀ ਪੂਰੀ ਰੂਪਰੇਖਾ ਉਲੀਕੀ ਸੀ। ਇਸ ਫਿਲਮ ਤੋਂ ਬਾਅਦ ਲਹਿੰਦੇ ਪੰਜਾਬ ਦੀ ਪੰਜਾਬੀ ਫਿਲਮ ਇੰਡਸਟਰੀ ਜਿਸ ਨੂੰ ਲੌਲੀਵੁੱਡ ਦਾ ਨਾਂ ਦਿੱਤਾ ਗਿਆ (ਲਾਹੌਰ ਦੇ ਨਾਮ ਅਤੇ ਹੌਲੀਵੁੱਡ ਦੇ ਨਾਮ ਨੂੰ ਮਿਲਾ ਕੇ) ਨੇ ਇੱਕ ਤੋਂ ਬਾਅਦ ਇੱਕ ਕਈ ਖ਼ੂਬਸੂਰਤ ਗੀਤਾਂ ਤੇ ਕਹਾਣੀਆਂ ਨਾਲ ਸਜੀਆਂ ਪੰਜਾਬੀ ਫਿਲਮਾਂ ਦਾ ਨਿਰਮਾਣ ਕੀਤਾ। ਸੰਨ 1948 ਤੋਂ 1980 ਤੱਕ ਲਾਹੌਰ ਫਿਲਮ ਇੰਡਸਟਰੀ ਵਿੱਚ ਪੰਜਾਬੀ ਫਿਲਮਾਂ ਬਣਨ ਦੀ ਗਿਣਤੀ ਉਰਦੂ ਫਿਲਮਾਂ ਨਾਲੋਂ ਕਿਤੇ ਜ਼ਿਆਦਾ ਸੀ। ਉਹ ਦੌਰ ਪਾਕਿਸਤਾਨੀ ਪੰਜਾਬੀ ਫਿਲਮਾਂ ਦਾ ਸੁਨਹਿਰੀ ਦੌਰ ਸੀ। ਕੁਝ ਪੰਜਾਬੀ ਸੁਪਰਹਿੱਟ ਫਿਲਮਾਂ ‘ਯੱਕੇਵਾਲੀ’, ‘ਦੁੱਲਾ ਭੱਟੀ’, ‘ਚੰਨ ਵੇ’, ‘ਜ਼ਬਰੂ’, ‘ਦਿਲਾਂ ਦੇ ਸੌਦੇ’, ‘ਮੁੱਖੜਾ ਚੰਨ ਵਰਗਾ’, ‘ਮਿਰਜ਼ਾ ਜੱਟ’, ‘ਪਾਟੇ ਖਾਨ’, ‘ਨਾਜ਼ੀ’, ‘ਕਰਤਾਰ ਸਿੰਘ’, ‘ਮਲੰਗੀ’, ‘ਹੀਰ ਰਾਂਝਾ’, ‘ਬਸ਼ੀਰਾ’, ‘ਦੋ ਰੰਗੀਲੇ’, ‘ਜਿੱਦੀ’, ‘ਨੌਕਰ ਵਹੁਟੀ ਦਾ’, ‘ਸ਼ਰੀਫ਼ ਬਦਮਾਸ਼’, ‘ਮੌਲਾ ਜੱਟ’, ‘ਦੁਬਈ ਚੱਲੋ’, ‘ਸਾਲਾ ਸਾਹਿਬ’, ‘ਸ਼ੇਰ ਖਾਨ’, ‘ਨੌਕਰ ਤੇ ਮਾਲਕ’, ‘ਇਸ਼ਕ ਨਚਾਵੇ ਗਲੀ ਗਲੀ’, ‘ਧੀ ਰਾਣੀ’ ਅਤੇ ‘ਮਜ਼ਾਜਣ’ ਆਦਿ।

ਚੜ੍ਹਦੇ ਪੰਜਾਬ ਦੀ ਫਿਲਮ ਇੰਡਸਟਰੀ ਨਾਲੋਂ ਪਾਕਿਸਤਾਨ ਦੀ ਪੰਜਾਬੀ ਫਿਲਮ ਇੰਡਸਟਰੀ ਬਹੁਤ ਵੱਡੀ ਸੀ ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੋਂ ਦੇ ਪੰਜਾਬੀ ਫਿਲਮਾਂ ਦੇ ਅਦਾਕਾਰ ਉਰਦੂ ਫਿਲਮਾਂ ਦੇ ਅਦਾਕਾਰਾਂ ਦੇ ਬਰਾਬਰ ਸੁਪਰ ਸਟਾਰ ਦੀ ਹੈਸੀਅਤ ਰੱਖਦੇ ਸਨ।

(**ਬਾਕੀ ਸਫ਼ਾ** 27 ’ਤੇ)

## ‘ਹਾਏ ਜਮਾਲੋ’ ਗੀਤ ਦਾ ਇਤਿਹਾਸਿਕ ਪਿਛੋਕੜ

ਪੁਰਾਤਨ ਤੇ ਪ੍ਰਾਚੀਨ ਗੀਤ ‘ਗੱਡੀ ਆ ਗਈ ਮੈਦਾਨ ’ਤੇ ਹਾਏ ਜਮਾਲੋ’, ਜਿਸ ਨੂੰ ਚੜ੍ਹਦੇ ਪੰਜਾਬ ਦੇ ਗੋਲਡਨ ਸਟਾਰ ਪੰਜਾਬੀ ਲੋਕ ਗਾਇਕ ਮਲਕੀਤ ਸਿੰਘ ਵੱਲੋਂ ‘ਤੂਤਕ ਤੂਤਕ ਤੂਤਕ ਤੂਤੀਆਂ ਹਾਈ ਜਮਾਲੋ’ ਦੇ ਸ਼ਬਦੀ ਬੋਲਾਂ ਰਾਹੀਂ ਗਾਇਆ ਗਿਆ ਸੀ ਜੋ ਕਿ ਆਪਣੇ ਸਮੇਂ ਕਾਫੀ ਮਸ਼ਹੂਰ ਤੇ ਮਕਬੂਲ ਵੀ ਹੋਇਆ ਸੀ। ਪਰ ਅਸਲ ’ਚ ਇਸ ਗੀਤ ਦਾ ਗੂੜ੍ਹਾ ਸਬੰਧ ਪਿਛੋਕੜ ਤੇ ਇਤਿਹਾਸ ਲਹਿੰਦੇ ਪੰਜਾਬ ਪਾਕਿਸਤਾਨ ਦੇ ਸਕੂਰ ਬ੍ਰਿਜ਼ (ਲੇਨਸ ਡਾਊਨ) ਨਾਲ ਹੈ ਜੋ ਕਿ ਬਿਨ੍ਹਾਂ ਕਿਸੇ ਕਾਲਮ, ਬੁਰਜ਼ ਤੇ ਸਪੋਰਟ ਦੇ ਅੱਜ ਵੀ ਚਾਲੂ ਤੇ ਚੰਗੀ ਹਾਲਤ ’ਚ ਖੜ੍ਹਾ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।



ਜਾਣਕਾਰੀ ਅਨੁਸਾਰ ਪਾਕਿਸਤਾਨ ਦਾ ਸਕੂਰ ਬ੍ਰਿਜ਼, ਜੋ ਕਿ ਕੈਂਚੀ ਬ੍ਰਿਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਪੁਲ਼ ਦੀ ਇੱਕ ਚਾਬੀ ਹੋਣ ਤੇ ਬਾਅਦ ’ਚ ਦਰਿਆ ਵਿੱਚ ਡਿੱਗ ਕੇ ਗੁੰਮ ਹੋ ਜਾਣ ਦੀ ਗੱਲ ਵੀ ਪ੍ਰਚੱਲਿਤ ਹੈ। ਇਸ ਦਾ ਨਿਰਮਾਣ ਅੰਗਰੇਜ਼ੀ ਸਾਮਰਾਜ ਸਮੇਂ 140 ਸਾਲ ਪਹਿਲਾਂ ਵੈਸਟਵੁੱਡ ਨਾਮ ਦੀ ਕੰਪਨੀ ਵੱਲੋਂ ਕੀਤਾ ਗਿਆ ਸੀ। ਇਹ ਓਹੀ ਕੰਪਨੀ ਸੀ, ਜਿਸ ਨੇ ਸੰਨ 1880 ’ਚ ਅੱਟਕ ਦਰਿਆ ਦੇ ਉੱਪਰ ਪੁਲ਼ ਦਾ ਨਿਰਮਾਣ ਕੀਤਾ ਸੀ। ਸੰਨ 1872 ਤੋਂ ਲੈ ਕੇ 1882 ਤੱਕ ਉਸ ਸਮੇਂ ਦੀਆਂ ਕਈ ਦੇਸੀ-ਵਿਦੇਸ਼ੀ ਕੰਪਨੀਆਂ ਵੱਲੋਂ ਸਕੂਰ ਬ੍ਰਿਜ ਦੇ ਨਿਰਮਾਣ ਨੂੰ ਲੈ ਕੇ ਸਰਵੇਖਣ ਕੀਤੇ ਗਏ। ਇਸ ਇੱਕ ਦਹਾਕੇ ਦੇ ਅਰਸੇ ਦੌਰਾਨ ਸਮੁੱਚੀਆਂ ਕੰਪਨੀਆਂ ਨੇ ਇਹ ਕਹਿ ਕੇ ਪੁੱਲ ਨਿਰਮਾਣ ਤੋਂ ਕਿਨਾਰਾ ਕਰ ਲਿਆ ਕਿ ਇਸ ਜਗ੍ਹਾ ’ਤੇ ਪਾਣੀ ਦੀ ਗਹਿਰਾਈ ਅਤੇ ਵਹਾਅ ਬਹੁਤ ਤੇਜ਼ ਹੈ। ਇਸ ਲਈ ਇਹ ਅਸੰਭਵ ਹੀ ਨਹੀਂ ਬਲਕਿ ਨਾਮੁਮਕਿੰਨ ਵੀ ਹੈ। ਪਰ ਦੂਜੇ ਪਾਸੇ ਵੈਸਟਵੁੱਡ ਨਾਂ ਦੀ ਕੰਪਨੀ ਨੇ ਇੱਕ ਮਾਡਲ ਤਿਆਰ ਕਰ ਕੇ ਇਸ ਪੁਲ਼ ਨੂੰ ਬਣਾਉਣ ਅਤੇ ਇਸ ਉੱਪਰ ਸੜਕੀ ਆਵਾਜਾਈ ਦੇ ਨਾਲ-ਨਾਲ ਰੇਲਵੇ ਟ੍ਰੈਕ ਵਿਛਾ ਕੇ ਰੇਲਵੇ ਸੇਵਾਵਾਂ ਬਹਾਲ ਕਰਨ ਦਾ ਦਾਅਵਾ ਵੀ ਕੀਤਾ, ਜਿਸ ਨੂੰ ਅੰਗਰੇਜ਼ੀ ਹਕੂਮਤ ਵੱਲੋਂ ਮੰਨ ਲਿਆ ਗਿਆ। ਫਿਰ 11 ਜੁਲਾਈ 1884 ’ਚ ਵੈਸਟਵੁੱਡ ਨਾਂ ਦੀ ਇਸ ਅੰਗਰੇਜ਼ੀ ਕੰਪਨੀ ਵੱਲੋਂ ਇਸ ਦੇ ਨਿਰਮਾਣ ਕਾਰਜਾਂ ਨੂੰ ਅਮਲੀਜਾਮਾ ਪਹਿਨਾਉਣਾ ਸ਼ੁਰੂ ਕੀਤਾ ਤੇ ਆਪਣੇ ਵਾਅਦੇ ਮੁਤਾਬਕ ਬਿਨ੍ਹਾਂ ਕਿਸੇ ਸਪੋਰਟ, ਕਾਲਮ ਤੇ ਬੁਰਜ਼ ਦੇ ਹੈਰਾਨੀਜਨਕ ਤਕਨੀਕ ਨਾਲ 1889 ’ਚ ਤਿਆਰ ਕਰਕੇ ਲੋਕ ਅਰਪਣ ਕਰ ਦਿੱਤਾ। ਇੱਥੋਂ ਤੱਕ ਤਾਂ ਸਭ ਕੁਝ ਠੀਕ ਠਾਕ ਚੱਲਿਆ ਪਰ ਜਦੋਂ ਇਸ ਪੁੱਲ ਦੇ ਉੱਪਰੋਂ ਰੇਲ ਗੱਡੀ ਆਰ-ਪਾਰ ਕਰਨ ਦਾ ਵਿਚਾਰ-ਵਟਾਂਦਰਾ ਹੋਇਆ ਤਾਂ ਸੱਭ ਧਿਰਾਂ ਸੋਚਾਂ ’ਚ ਪੈ ਗਈਆਂ। ਫਿਰ ਇਸ ਤੋਂ ਬਾਅਦ ਫਾਂਸੀ ਦੀ ਸਜ਼ ਪ੍ਰਾਪਤ ਜਮਾਲੂਦੀਨ ਨਾਮ ਦੇ ਇੱਕ ਕੈਦੀ ਨੂੰ ਰੇਲ ਗੱਡੀ ਪਾਰ ਕਰਵਾ ਦੇਣ ਦੀ ਸੂਰਤ ’ਚ ਉਸ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰ ਦੇਣ ਦੀ ਪੇਸ਼ਕਸ਼ ਕੀਤੀ ਗਈ। ਜਿਸ ਨੂੰ ਜਮਾਲੂਦੀਨ ਵੱਲੋਂ ਬਿਨ੍ਹਾਂ ਸੋਚੇ ਸਮਝੇ ਸਵੀਕਾਰ ਕਰ ਲਿਆ ਗਿਆ ਤੇ ਫਿਰ ਉਸ ਤੋਂ ਬਾਅਦ ਅੰਗਰੇਜ਼ੀ ਰੇਲ ਪ੍ਰਸ਼ਾਸ਼ਨ ਵੱਲੋਂ ਉਸ ਨੂੰ ਕਈ ਮਹੀਨੇ ਬਕਾਇਦਾ ਰੇਲ ਗੱਡੀ ਚਲਾਉਣ ਦੀ ਟ੍ਰੇਨਿੰਗ ਦਿੱਤੀ ਗਈ। ਫਿਰ ਜਮਾਲੂਦੀਨ ਦੇ ਤਿਆਰ ਹੋ ਜਾਣ ਤੋਂ ਬਾਅਦ ਇੱਕ ਰੇਲ ਗੱਡੀ ਨੂੰ ਪੁਲ਼ ਦੇ ਉਸ ਪਾਰ ਲੈ ਕੇ ਜਾਣ ਦੀ ਸ਼ਰਤ ਨੂੰ ਅਮਲੀਜਾਮਾ ਪਹਿਨਾਉਣ ਦਾ ਦਿਨ ਮਿੱਥ ਦਿੱਤਾ ਗਿਆ। ਉਸ ਦਿਨ ਪੁਲ਼ ਦੇ ਦੋਵੇਂ ਪਾਸੇ ਜਨਤਾ ਦਾ ਵੱਡਾ ਜਮਾਵੜਾ ਜਮ੍ਹਾਂ ਹੋ ਗਿਆ, ਜਦਕਿ ਪੁਲ਼ ਦੇ ਦੂਸਰੇ ਪਾਸੇ ਜਮਾਲੂਦੀਨ ਦੀ ਪਤਨੀ ਤੇ ਉਸ ਦੇ ਪਰਿਵਾਰਕ ਮੈਂਬਰ ਵੀ ਖੜ੍ਹੇ ਸਨ। ਜਿਉਂ ਹੀ ਜਮਾਲੂਦੀਨ ਨੇ ਸਹੀ ਸਲਾਮਤ ਤੇ ਸੁਰੱਖਿਅਤ ਤਰੀਕੇ ਨਾਲ ਰੇਲ ਗੱਡੀ ਨੂੰ ਪੁਲ਼ ਦੇ ਉਸ ਪਾਰ ਕਰ ਦਿੱਤਾ। ਇਸ ’ਤੇ ਸਮੁੱਚੀ ਖਲਕਤ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਤਾੜੀਆਂ ਵਜਾ ਕੇ ਜਮਾਲੂਦੀਨ ਦੀ ਸ਼ੇਰ ਤੇ ਫ਼ਰਾਖਦਿਲੀ ਦਾ ਸਵਾਗਤ ਤੇ ਹੌਸਲਾ ਅਫਜਾਈ ਕੀਤੀ ਤੇ ਨਾਲ ਇਹ ਵੀ ਗਾਇਆ ਕਿ ਗੱਡੀ ਆ ਗਈ ਮੈਦਾਨ ’ਤੇ ਹਾਏ ਜਮਾਲੋ ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਆਪਣੇ ਵਾਅਦੇ ਮੁਤਾਬਕ ਜ਼ਮਾਲੂਦੀਨ ਦੀ ਫਾਂਸੀ ਦੀ ਸਜ਼ਾ ਮਾਫ਼ ਕਰ ਕੇ ਰਿਹਾਅ ਕਰ ਦਿੱਤਾ। ਉਸ ਦੇ ਪਰਿਵਾਰਕ ਮੈਂਬਰਾਂ ਤੇ ਸਮੁੱਚੇ ਲੋਕਾਂ ਨੇ ਖੁਸ਼ੀ ਨਾਲ ਅੱਖਾਂ ਨਮ ਕਰਦੇ ਹੋਏ ਜਮਾਲੂਦੀਨ ਦੇ ਹੱਕ ’ਚ ਨਾਅਰੇਬਾਜ਼ੀ ਵੀ ਕੀਤੀ ਤੇ ਫਿਰ ਉਸ ਤੋਂ ਬਾਅਦ ਗੱਡੀ ਆ ਗਈ ਮੈਦਾਨ ’ਤੇ ਹਾਏ ਜਮਾਲੋ ਇਕ ਗੀਤ ਦੇ ਰੂਪ ’ਚ ਪ੍ਰਚੱਲਤ ਹੋ ਗਿਆ ਜੋ ਕਿ ਹੁਣ ਤੱਕ ਚੜ੍ਹਦੇ ਤੇ ਲਹਿੰਦੇ ਪੰਜਾਬ ’ਚ ਹਰ ਖੁਸ਼ੀ ਦੇ ਮੌਕੇ ਗਾਇਆ ਤੇ ਪ੍ਰਸਾਰਿਆ ਜਾਂਦਾ ਹੈ। ਗੀਤ ਸੰਗੀਤ ਨਾਲ ਜੁੜੇ ਨਾਮਵਰ ਬੈਂਡ ਵਾਲੇ ਵੀ ਪਹਿਲ ਦੇ ਆਧਾਰ ’ਤੇ ਇਸ ਗੀਤ ਦੀ ਧੁੰਨ ਵਜਾ ਕੇ ਸਭ ਦਾ ਮਨ ਪਰਚਾਉਂਦੇ ਹਨ।

## ਜੰਗ ਦੀ ਮਾਰ: ਵਿਸ਼ਵ ਦੀ ਆਰਥਿਕਤਾ ਤਬਾਹੀ ਵੱਲ

ਇਰਾਨ ਸੰਕਟ ਨੇ ਹੁਣ ਭਾਰਤ ਦੇ ਘਰੇਲੂ ਬਾਜ਼ਾਰ ਵਿੱਚ ਮਹਿੰਗਾਈ ਦਾ ਖਤਰਾ ਵਧਾ ਦਿੱਤਾ ਹੈ। ਉਦਯੋਗ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਅਪ੍ਰੈਲ ਮਹੀਨੇ ਤੋਂ ਪਲਾਸਟਿਕ ਨਾਲ ਬਣੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ 50 ਤੋਂ 60 ਫ਼ੀਸਦੀ ਤੱਕ ਦਾ ਭਾਰੀ ਵਾਧਾ ਹੋ ਸਕਦਾ ਹੈ।

ਅਖਿਲ ਭਾਰਤੀ ਪਲਾਸਟਿਕ ਨਿਰਮਾਤਾ ਸੰਘ ਅਨੁਸਾਰ ਇਸ ਮਹਿੰਗਾਈ ਦਾ ਅਸਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ', ਪੈਕਿੰਗ ਤੇ ਸਭ ਤੋਂ ਪਹਿਲਾਂ ਦਿਖਾਈ ਦੇਵੇਗਾ। ਸਿਰਫ਼ ਖਾਣ-ਪੀਣ ਦੀਆਂ ਚੀਜ਼ਾਂ ਹੀ ਨਹੀਂ, ਸਗੋਂ ਪਹਿਨਣ ਵਾਲੇ ਕੱਪੜੇ ਵੀ ਮਹਿੰਗੇ ਹੋਣਗੇ। ਉਦਯੋਗ ਮਾਹਿਰਾਂ ਦਾ ਮੰਨਣਾ ਹੈ ਕਿ "ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਮਾਲ ਦੀਆਂ ਕੀਮਤਾਂ ਸਭ ਲਈ ਬਰਾਬਰ ਵਧ ਰਹੀਆਂ ਹਨ, ਇਸ ਲਈ ਦਰਾਮਦ (ਇੰਪੋਰਟ) 'ਤੇ ਬਹੁਤਾ ਫ਼ਰਕ ਨਹੀਂ ਪਵੇਗਾ। ਹਾਲਾਂ ਕਿ, ਘਰੇਲੂ ਬਾਜ਼ਾਰ ਵਿੱਚ ਇਸ ਦਾ ਬੋਝ ਸਿੱਧਾ ਉਪਭੋਗਤਾਵਾਂ 'ਤੇ ਪਾਇਆ ਜਾਵੇਗਾ, ਜਿਸ ਨਾਲ ਮਹਿੰਗਾਈ ਹੋਰ ਵਧੇਗੀ।

ਤੇਲ ਅਤੇ ਗੈਸ ਦੀਆਂ ਵਧਦੀਆਂ ਕੀਮਤਾਂ ਨੇ ਖੇਤੀ ਦੀ ਲਾਗਤ ਵਧਾ ਦਿੱਤੀ ਹੈ, ਜਿਸ ਨਾਲ ਕਿਸਾਨਾਂ ਦੇ ਮੁਨਾਫ਼ੇ ਵਿੱਚ ਵੱਡੀ ਗਿਰਾਵਟ ਆਉਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਜੇ.ਐੱਨ.ਯੂ. ਦੇ ਐਸੋਸੀਏਟ ਪ੍ਰੋਫ਼ੈਸਰ ਹਿਮਾਂਸ਼ੂ ਅਨੁਸਾਰ, ਖਾੜੀ ਦੇਸ਼ਾਂ ਵਿੱਚ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਆਇਆ ਹੈ। ਡੀਜ਼ਲ ਮਹਿੰਗਾ ਹੋਣ ਨਾਲ ਟਰੈਕਟਰ ਅਤੇ ਮਸ਼ੀਨਰੀ ਦੀਆਂ ਕੀਮਤਾਂ ਵਧਣਗੀਆਂ। ਖੇਤਾਂ ਦੀ ਵਾਹੀ ਅਤੇ ਹੋਰ ਕੰਮਾਂ ਦੀ ਲਾਗਤ ਵਧੇਗੀ। ਡੀਜ਼ਲ ਇੰਜਣਾਂ ਰਾਹੀਂ ਕੀਤੀ ਜਾਣ ਵਾਲੀ ਸਿੰਚਾਈ ਹੁਣ ਕਿਸਾਨਾਂ ਦੀ ਜੇਬ 'ਤੇ ਭਾਰੀ ਪਵੇਗੀ। ਫ਼ਸਲਾਂ ਨੂੰ ਮੰਡੀਆਂ ਤੱਕ ਪਹੁੰਚਾਉਣ ਦਾ ਖਰਚਾ ਵੀ ਵਧ ਜਾਵੇਗਾ। ਭਾਰਤ ਆਪਣੀ ਯੂਰੀਆ ਅਤੇ ਹੋਰ ਕੰਪਲੈਕਸ ਖਾਦਾਂ ਦੀ ਲੋੜ ਲਈ ਸਾਊਦੀ ਅਰਬ, ਓਮਾਨ ਅਤੇ ਕਤਰ ਵਰਗੇ ਦੇਸ਼ਾਂ 'ਤੇ ਨਿਰਭਰ ਹੈ। ਜੰਗ ਕਾਰਨ ਸਮੁੰਦਰੀ ਰਸਤਿਆਂ ਵਿੱਚ ਪੈਦਾ ਹੋਈ ਰੁਕਾਵਟ ਖਾਦਾਂ ਦੀ ਦਰਾਮਦ ਨੂੰ ਪ੍ਰਭਾਵਿਤ ਕਰ ਸਕਦੀ ਹੈ। ਖਾਦ ਬਣਾਉਣ ਲਈ ਵਰਤੀ ਜਾਣ ਵਾਲੀ ਗੈਸ ਅਤੇ ਨੈਫ਼ਥਾ ਦੀਆਂ ਕੀਮਤਾਂ ਵਧਣ ਨਾਲ ਬਾਜ਼ਾਰ ਵਿੱਚ ਖਾਦਾਂ ਦੇ ਰੇਟ ਵਧਣ ਦਾ ਪੂਰਾ ਖ਼ਤਰਾ ਹੈ। ਪੱਛਮੀ ਏਸ਼ੀਆ ਭਾਰਤੀ ਬਾਸਮਤੀ ਚੌਲ ਅਤੇ ਮਸਾਲਿਆਂ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਜੰਗ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਮੰਗ ਘਟਣ ਨਾਲ ਭਾਰਤੀ ਕਿਸਾਨਾਂ ਦੇ ਐਕਸਪੋਰਟ ਨੂੰ ਵੱਡਾ ਝਟਕਾ ਲੱਗ ਸਕਦਾ ਹੈ, ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਫ਼ਸਲਾਂ ਦੇ ਭਾਅ ਡਿੱਗਣ ਦਾ ਡਰ ਹੈ।

ਭਾਰਤ ਖਾਣ ਵਾਲੇ ਤੇਲ ਅਤੇ ਦਾਲਾਂ ਦਾ ਵੱਡਾ ਹਿੱਸਾ ਬਾਹਰੋਂ ਮੰਗਵਾਉਂਦਾ ਹੈ। ਊਰਜਾ ਸੰਕਟ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਦਖ਼ਲ ਦੇ ਕੇ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਏ ਅਤੇ ਕਿਸਾਨਾਂ ਨੂੰ ਵਧਦੀ ਲਾਗਤ ਤੋਂ ਬਚਾਉਣ ਲਈ ਵਿਸ਼ੇਸ਼ ਰਾਹਤ ਪੈਕੇਜ ਜਾਂ ਸਬਸਿਡੀ ਦਾ ਐਲਾਨ ਕਰੇ। ਇਹ ਸਭ ਤੋਂ ਹੈਰਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਜੰਗ ਦੇ ਸਮੇਂ ਜਦੋਂ ਆਮ ਜਨਤਾ ਪਿਸ ਰਹੀ ਹੈ, ਉਦੋਂ ਵੱਡੀਆਂ ਖੇਤੀਬਾੜੀ ਕੰਪਨੀਆਂ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ। ਆਧੁਨਿਕ ਖੇਤੀ ਪੂਰੀ ਤਰ੍ਹਾਂ ਸਿੰਥੈਟਿਕ ਖਾਦਾਂ 'ਤੇ ਨਿਰਭਰ ਹੈ, ਜੋ ਕੁਦਰਤੀ ਗੈਸ (ਫ਼ਾਸਿਲ ਫ਼ਿਊਲ) ਤੋਂ ਬਣਦੀਆਂ ਹਨ।

ਖਾਦ ਉਤਪਾਦਨ ਵਿੱਚ ਵਰਤੀ ਜਾਣ ਵਾਲੀ ਨਾਈਟ੍ਰੋਜਨ ਅਤੇ ਫ਼ਾਸਫ਼ੇਟ ਲਈ ਲੋੜੀਂਦਾ ਸਲਫ਼ਰ ਇਸੇ ਖੇਤਰ (ਇਰਾਨ ਅਤੇ ਆਸ-ਪਾਸ) ਤੋਂ ਆਉਂਦਾ ਹੈ।

ਇਹ ਕੰਪਨੀਆਂ ਜੰਗ ਨੂੰ ਇੱਕ 'ਮਾਰਕੀਟਿੰਗ ਮੌਕੇ' ਵਜੋਂ ਵਰਤ ਰਹੀਆਂ ਹਨ। ਇਸ ਸਾਰੇ ਘਟਨਾਕ੍ਰਮ ਲਈ ਸਿਰਫ਼ ਹਥਿਆਰਬੰਦ ਫ਼ੌਜਾਂ ਹੀ ਨਹੀਂ, ਸਗੋਂ ਉਹ ਕਾਰਪੋਰੇਟ ਲਾਬੀ ਵੀ ਜ਼ਿੰਮੇਵਾਰ ਹੈ ਜੋ ਜੰਗ ਨੂੰ ਇੱਕ 'ਮੁਨਾਫ਼ੇ ਦੇ ਮੌਕੇ' ਵਜੋਂ ਵੇਖਦੀ ਹੈ। ਜੇਕਰ ਪਾਕਿਸਤਾਨ ਦੀ ਵਿਚੋਲਗੀ ਜਾਂ ਕੌਮਾਂਤਰੀ ਦਬਾਅ ਕੰਮ ਨਹੀਂ ਆਉਂਦਾ, ਤਾਂ 2026 ਮਨੁੱਖਤਾ ਲਈ ਇੱਕ ਅਜਿਹਾ ਕਾਲਾ ਅਧਿਆਇ ਬਣ ਜਾਵੇਗਾ ਜਿਸ ਦੀ ਭਰਪਾਈ ਦਹਾਕਿਆਂ ਤੱਕ ਨਹੀਂ ਹੋ ਸਕੇਗੀ।

### ਪੰਜਾਬ ਵਿਸ਼ਵ ਸੰਕਟ ਦਾ ਸਾਹਮਣਾ ਕਿਵੇਂ ਕਰੇ ?

ਪੰਜਾਬ ਨੂੰ ਖੁਰਾਕ ਸੰਕਟ ਤੋਂ ਬਚਾਉਣ ਦਾ ਇੱਕੋ-ਇੱਕ ਰਸਤਾ ਸਥਾਨਕ ਖੇਤੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਹੈ। ਵੱਡੀਆਂ ਕੰਪਨੀਆਂ 'ਤੇ ਨਿਰਭਰਤਾ ਘਟਾ ਕੇ ਛੋਟੇ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ। ਪੰਜਾਬ ਦੇ ਕਿਸਾਨਾਂ ਨੂੰ ਸਿੰਥੈਟਿਕ ਖਾਦਾਂ ਦੇ ਬਦਲ ਵਜੋਂ ਹਰੀ ਖਾਦ, ਰੂੜੀ ਦੀ ਖਾਦ ਅਤੇ ਜੈਵਿਕ ਖੇਤੀ ਵੱਲ ਤੇਜ਼ੀ ਨਾਲ ਵਧਣਾ ਪਵੇਗਾ। ਜੇਕਰ ਜੰਗ ਕਾਰਨ ਖਾਦਾਂ ਦੀ ਸਪਲਾਈ ਰੁਕਦੀ ਹੈ, ਤਾਂ ਸਿਰਫ਼ ਉਹੀ ਕਿਸਾਨ ਬਚਣਗੇ ਜੋ ਕੁਦਰਤੀ ਖੇਤੀ ਨਾਲ ਜੁੜੇ ਹਨ। ਭੋਜਨ ਪ੍ਰਣਾਲੀ ਵਿੱਚ 'ਸਰਕੂਲਰਿਟੀ' ਲਿਆਉਣਾ ਤਾਂ ਜੋ ਸਪਲਾਈ ਚੇਨ ਜੰਗ ਵਰਗੇ ਬਾਹਰੀ ਝਟਕਿਆਂ ਨੂੰ ਸਹਿ ਸਕੇ। ਪੰਜਾਬ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੇ ਚੱਕਰ ਵਿੱਚ ਫ਼ਸਿਆ ਹੋਇਆ ਹੈ। ਜੰਗ ਕਾਰਨ ਗਲੋਬਲ ਸਪਲਾਈ ਚੇਨ ਟੁੱਟਣ ਨਾਲ ਤੇਲ-ਬੀਜ ਅਤੇ ਦਾਲਾਂ ਦੀ ਭਾਰੀ ਕਿੱਲਤ ਹੋ ਸਕਦੀ ਹੈ।

ਪੰਜਾਬ ਨੂੰ ਖਾਣ ਵਾਲੇ ਤੇਲ (ਜਿਵੇਂ ਸਰ੍ਹੋਂ, ਸੂਰਜਮੁਖੀ) ਅਤੇ ਦਾਲਾਂ ਦੀ ਖੇਤੀ ਵਧਾਉਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀਆਂ ਲੋੜਾਂ ਲਈ ਬਾਹਰੀ ਮੁਲਕਾਂ ਜਾਂ 'ਬਿੱਗ ਐਗਰੀਕਲਚਰ' ਕੰਪਨੀਆਂ ਦੇ ਮੁਨਾਫ਼ੇ ਦੇ ਸ਼ਿਕਾਰ ਨਾ ਹੋਈਏ।

ਖੇਤੀਬਾੜੀ ਵਿੱਚ ਸੌਰ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਖੇਤੀ-ਬਾੜੀ ਦੇ ਸੰਦ ਸੂਰਜੀ ਊਰਜਾ ਨਾਲ ਚੱਲਣਗੇ, ਤਾਂ ਜੰਗ ਕਾਰਨ ਵਧੀਆਂ ਤੇਲ ਦੀਆਂ ਕੀਮਤਾਂ ਕਿਸਾਨ ਦੀ ਜੇਬ 'ਤੇ ਬੋਝ ਨਹੀਂ ਪਾਉਣਗੀਆਂ। ਕਿਸਾਨਾਂ ਨੂੰ ਆਪਣੇ ਦੇਸੀ ਅਤੇ ਰਵਾਇਤੀ ਬੀਜਾਂ ਨੂੰ ਸਾਂਭਣ ਦੀ ਲੋੜ ਹੈ। ਬੀਜਾਂ ਲਈ ਕਿਸੇ ਕੰਪਨੀ ਦਾ ਮੂੰਹ ਤੱਕਣ ਦੀ ਬਜਾਏ 'ਬੀਜ ਬੈਂਕ' ਪਿੰਡ ਪੱਧਰ 'ਤੇ ਹੋਣੇ ਚਾਹੀਦੇ ਹਨ।

ਪੰਜਾਬ ਦੀ ਖੇਤੀਬਾੜੀ ਸਮਝ ਹੁਣ ਸਿਰਫ਼ 'ਝਾੜ' ਵਧਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ 'ਸਵੈ-ਨਿਰਭਰਤਾ' ਅਤੇ 'ਸੁਰੱਖਿਆ' 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਜੰਗ ਇਹ ਸਿਖਾਉਂਦੀ ਹੈ ਕਿ ਜੋ ਕੌਮ ਆਪਣੇ ਭੋਜਨ ਅਤੇ ਊਰਜਾ ਲਈ ਦੂਜਿਆਂ 'ਤੇ ਨਿਰਭਰ ਹੈ, ਉਹ ਸਭ ਤੋਂ ਪਹਿਲਾਂ ਹਾਰਦੀ ਹੈ।

ਭਾਰਤ ਕੋਲ ਸੰਕਟ ਤੋਂ ਬਚਣ ਦੇ ਰਾਹ- ਆਰਥਿਕ ਮਾਹਿਰਾਂ ਅਨੁਸਾਰ ਭਾਰਤ ਆਪਣਾ 60 ਫ਼ੀਸਦੀ ਤੇਲ ਮੱਧ ਪੂਰਬ ਤੋਂ ਮੰਗਵਾਉਂਦਾ ਹੈ। ਜੇਕਰ ਹਾਰਮੁਜ਼ ਦਾ ਰਸਤਾ ਦੋ-ਤਿੰਨ ਮਹੀਨੇ ਹੋਰ ਬੰਦ ਰਹਿੰਦਾ ਹੈ, ਤਾਂ ਵਿਸ਼ਵ ਮੰਦੀ ਤੈਅ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਹੁਣ ਆਪਣੇ ਰਣਨੀਤਕ ਤੇਲ ਭੰਡਾਰ ਵਧਾਉਣੇ ਹੋਣਗੇ। ਨਵਿਆਉਣਯੋਗ ਊਰਜਾ ਦੀ ਰਫ਼ਤਾਰ ਤੇਜ਼ ਕਰਨੀ ਪਵੇਗੀ। ਰੂਸ ਅਤੇ ਮੱਧ ਏਸ਼ੀਆ ਤੋਂ ਤੇਲ ਦੀ ਦਰਾਮਦ ਵਿੱਚ ਵਿਭਿੰਨਤਾ ਲਿਆਉਣੀ ਹੋਵੇਗੀ। ਇਹ ਜੰਗ ਸਿਰਫ਼ ਦੋ ਦੇਸ਼ਾਂ ਦੀ ਸਰਹੱਦ ਦੀ ਲੜਾਈ ਨਹੀਂ ਹੈ, ਸਗੋਂ ਇਹ 'ਕਾਰਪੋਰੇਟ ਲਾਲਚ' ਅਤੇ 'ਮਨੁੱਖੀ ਹੋਂਦ' ਵਿਚਕਾਰਲੀ ਜੰਗ ਹੈ। ਇਹਨਾਂ ਜੰਗਾਂ ਦਾ ਕੋਈ ਅੰਤ ਨਹੀਂ ਹੈ। ਜੰਗ ਦਾ ਕੋਈ ਸਪੱਸ਼ਟ ਜੇਤੂ ਨਹੀਂ ਹੋਵੇਗਾ, ਪਰ ਇਸ ਦੀ ਕੀਮਤ ਪੂਰੀ ਦੁਨੀਆ ਨੂੰ ਚੁਕਾਉਣੀ ਪੈ ਰਹੀ ਹੈ। ਜੇਕਰ ਕੂਟਨੀਤੀ ਸਫ਼ਲ ਨਾ ਹੋਈ, ਤਾਂ ਵਿਕਾਸ ਦਰ ਵਿੱਚ 1-2 ਫ਼ੀਸਦੀ ਦੀ ਗਿਰਾਵਟ ਅਤੇ ਮਹਿੰਗਾਈ ਦਾ ਅਜਿਹਾ ਦੌਰ ਆਵੇਗਾ ਜਿਸ ਤੋਂ ਉਭਰਨ ਵਿੱਚ ਸਾਲਾਂ ਲੱਗ ਜਾਣਗੇ।

***

## ਕੈਨੇਡਾ 'ਚ ਨਵਾਂ ਨਫ਼ਰਤ ਵਿਰੋਧੀ ਕਾਨੂੰਨ ਪਾਸ

ਇੰਡੋ-ਕੈਨੇਡੀਅਨ ਗਰੁੱਪਾਂ ਨੇ ਲੰਬੇ ਸਮੇਂ ਤੋਂ ਖ਼ਾਲਿਸਤਾਨੀ ਤੱਤਾਂ ਵੱਲੋਂ ਗੁਰਦੁਆਰਿਆਂ, ਮੰਦਰਾਂ ਅਤੇ ਯਹੂਦੀ ਸਥਾਨਾਂ ਉੱਤੇ ਹਮਲਿਆਂ ਅਤੇ ਨਫ਼ਰਤੀ ਰੈਲੀਆਂ ਦੀ ਸ਼ਿਕਾਇਤ ਕੀਤੀ ਸੀ। ਜਦ ਕਿ ਖ਼ਾਲਿਸਤਾਨੀ ਧਿਰਾਂ ਦਾ ਮੰਨਣਾ ਸੀ ਕਿ ਇਹ ਭਾਰਤੀ ਏਜੰਸੀਆਂ ਦਾ ਕੰਮ ਹੈ ਜੋ ਅਜਿਹੇ ਅਪਰਾਧ ਕਰਕੇ ਖ਼ਾਲਿਸਤਾਨੀਆਂ ਨੂੰ ਬਦਨਾਮ ਕਰਦੇ ਹਨ।

ਖ਼ਾਲਿਸਤਾਨੀ ਤੱਤਾਂ ਨਾਲ ਜੁੜੇ ਲੋਕ ਇਸ ਨੂੰ ਆਪਣੇ ਉੱਤੇ ਟਾਰਗੇਟ ਮੰਨ ਰਹੇ ਹਨ। ਸਿਵਲ ਲਿਬਰਟੀਜ਼ ਗਰੁੱਪਾਂ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਧਰਨੇ ਅਤੇ ਧਰਮ ਸਬੰਧੀ ਚਰਚਾ ਰੁਕ ਸਕਦੀ ਹੈ। ਕੰਜ਼ਰਵੇਟਿਵ ਜਸਟਿਸ ਕ੍ਰਿਟਿਕ ਲੈਰੀ ਬਰਾਕ ਨੇ ਇਸ ਨੂੰ ਧਾਰਮਿਕ ਆਜ਼ਾਦੀ ਉੱਤੇ ਹਮਲਾ ਕਿਹਾ।

ਸਰਕਾਰ ਦਾ ਅਧਿਕਾਰਤ ਪੱਖ ਇਹ ਹੈ ਕਿ ਇਹ ਬਿੱਲ ਕਮਿਊਨਿਟੀ ਸੇਫਟੀ ਲਈ ਲਿਆਂਦਾ ਗਿਆ ਹੈ। ਕੈਨੇਡਾ ਵਿੱਚ ਪਿਛਲੇ ਕੁਝ ਸਮੇਂ ਤੋਂ ਨਫ਼ਰਤ ਭਰੇ ਅਪਰਾਧਾਂ ਵਿੱਚ ਭਾਰੀ ਵਾਧਾ ਹੋਇਆ ਹੈ। ਸਰਕਾਰ ਚਾਹੁੰਦੀ ਹੈ ਕਿ ਸਕੂਲਾਂ, ਧਾਰਮਿਕ ਸਥਾਨਾਂ ਅਤੇ ਕਮਿਊਨਿਟੀ ਸੈਂਟਰਾਂ ਦੇ ਬਾਹਰ ਹੁੰਦੇ ਪ੍ਰਦਰਸ਼ਨਾਂ ਦੌਰਾਨ ਡਰ ਜਾਂ ਨਫ਼ਰਤ ਦਾ ਮਾਹੌਲ ਨਾ ਬਣੇ। ਕੈਨੇਡਾ 'ਤੇ ਅਕਸਰ ਇਹ ਦੋਸ਼ ਲੱਗਦੇ ਰਹੇ ਹਨ ਕਿ ਉਹ ਆਪਣੀ ਧਰਤੀ 'ਤੇ ਕੱਟੜਪੰਥੀ ਤੱਤਾਂ ਨੂੰ ਖੁੱਲ੍ਹ ਦਿੰਦਾ ਹੈ। ਇਸ ਕਾਨੂੰਨ ਰਾਹੀਂ ਸਰਕਾਰ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਕੱਟੜਵਾਦ ਵਿਰੁੱਧ ਸਖ਼ਤ ਹੈ। ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਪਿਛਲੇ ਸਮੇਂ ਵਿੱਚ ਕਾਫ਼ੀ ਤਣਾਅਪੂਰਨ ਰਹੇ ਹਨ। ਭਾਰਤ ਨੇ ਵਾਰ-ਵਾਰ ਕੈਨੇਡਾ ਨੂੰ ਖ਼ਾਲਿਸਤਾਨ ਪੱਖੀ ਗਤੀਵਿਧੀਆਂ 'ਤੇ ਰੋਕ ਲਾਉਣ ਲਈ ਕਿਹਾ ਸੀ। ਇਸ ਬਿੱਲ ਦਾ ਪਾਸ ਹੋਣਾ ਭਾਰਤ ਦੀਆਂ ਕੁਝ ਚਿੰਤਾਵਾਂ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਵਜੋਂ ਦੇਖਿਆ ਜਾ ਸਕਦਾ ਹੈ।

ਸੈਨੇਟ ਵਿੱਚ ਬਿੱਲ ਉੱਤੇ ਹੋਰ ਬਹਿਸ ਹੋਵੇਗੀ। ਉੱਥੇ ਬਦਲਾਅ ਹੋ ਸਕਦੇ ਹਨ। ਜੇਕਰ ਲਾਗੂ ਹੋਇਆ ਤਾਂ ਇਸ ਉੱਤੇ ਚਾਰਟਰ ਚੈਲਿੰਜ ਵੀ ਹੋ ਸਕਦਾ ਹੈ। ਇਸ ਨਾਲ ਕੈਨੇਡਾ ਵਿੱਚ ਨਫ਼ਰਤ ਵਿਰੋਧੀ ਕਾਨੂੰਨ ਮਜ਼ਬੂਤ ਹੋਣਗੇ, ਪਰ ਧਰਮੀ ਆਜ਼ਾਦੀ ਦੀ ਬਹਿਸ ਲੰਬੀ ਚੱਲੇਗੀ। ਹਾਲੀਆ ਪ੍ਰਸਤਾਵਾਂ ਦਾ ਮਕਸਦ ਇਹ ਹੈ ਕਿ ਡਿਜ਼ੀਟਲ ਅਤੇ ਜਨਤਕ ਮੰਚਾਂ 'ਤੇ ਨਫ਼ਰਤ ਭਰੀ ਸਮੱਗਰੀ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ। ਹਾਲਾਂਕਿ, ਹੇਟ ਸਿੰਬਲ ਅਤੇ ਇਰਾਦੇ ਦੀ ਪਰਿਭਾਸ਼ਾ ਨੂੰ ਲੈ ਕੇ ਅਜੇ ਵੀ ਕਾਨੂੰਨੀ ਅਤੇ ਸਮਾਜਿਕ ਪੱਧਰ 'ਤੇ ਸਪਸ਼ਟਤਾ ਦੀ ਲੋੜ ਹੈ।

### ਕੈਨੇਡਾ ਵਿੱਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ

ਹੋਰ ਭਾਈਚਾਰਿਆਂ 'ਤੇ ਪ੍ਰਭਾਵ

ਸੱਖਾਂ ਤੋਂ ਇਲਾਵਾ ਇਸ ਬਿਲ ਨਾਲ ਮੁਸਲਿਮ ਭਾਈਚਾਰਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਯਾਰਕ ਯੂਨੀਵਰਸਿਟੀ ਦੀ ਰਿਸਰਚਰ ਡਾ. ਨਾਦੀਆ ਹਸਨ ਨੇ 400 ਤੋਂ ਵੱਧ ਮੁਸਲਿਮ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਪਾਇਆ ਕਿ 73 ਫੀਸਦੀ ਨੇ ਨੌਕਰੀ ਲੱਭਣ ਵਿੱਚ ਮੁਸੀਬਤ ਮਹਿਸੂਸ ਕੀਤੀ ਅਤੇ ਲਗਭਗ ਇਸੇ ਗਿਣਤੀ ਨੇ ਸੂਬਾ ਛੱਡਣ ਬਾਰੇ ਸੋਚਿਆ। ਇਸ਼ਰਾਕ ਨੌਰੈਲ ਹਕ, ਇੱਕ ਮੁਸਲਿਮ ਅਧਿਆਪਕਾ ਜੋ ਹਿਜਾਬ ਪਹਿਨਦੀ ਹੈ, ਨੇ ਵੀ ਚੁਣੌਤੀ ਵਿੱਚ ਸ਼ਾਮਲ ਹੋ ਕੇ ਕਿਹਾ ਕਿ ਇਸ ਨੇ ਉਨ੍ਹਾਂ ਦੇ ਮਾਣ ਅਤੇ ਅਧਿਕਾਰਾਂ ਨੂੰ ਠੇਸ ਪਹੁੰਚਾਈ ਹੈ।

ਯਹੂਦੀ ਭਾਈਚਾਰਾ ਵੀ ਚਿੰਤਤ ਹੈ ,ਕਿਉਂਕਿ ਉਨ੍ਹਾਂ ਦੀ ਕਿੱਪਾਹ ਵੀ ਇਸ ਬਿਲ ਤਹਿਤ ਰੋਕੀ ਜਾ ਸਕਦੀ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (ਸੀਸੀਐੱਲਏ) ਨੇ ਇਸ ਨੂੰ 'ਬਹੁਤ ਹੈਰਾਨ ਕਰਨ ਵਾਲਾ' ਦੱਸਿਆ ਅਤੇ ਲਿਖਿਆ ਕਿ ਇਸ ਕਲੌਜ਼ ਦੀ ਵਰਤੋਂ ਗਰਭਪਾਤ 'ਤੇ ਪਾਬੰਦੀ ਲਗਾਉਣ ਜਾਂ ਰਾਜਨੀਤਕ ਭਾਸ਼ਣ ਨੂੰ ਅਪਰਾਧ ਬਣਾਉਣ ਲਈ ਵੀ ਹੋ ਸਕਦੀ ਹੈ। ਇਸ ਨਾਲ ਰਾਸ਼ਟਰੀ ਏਕਤਾ ਨੂੰ ਖ਼ਤਰਾ ਹੈ ਕਿਉਂਕਿ ਘੱਟ ਗਿਣਤੀਆਂ ਆਪਣੇ ਆਪ ਨੂੰ ਅਣਜਾਣ ਮਹਿਸੂਸ ਕਰਨ ਲੱਗੀਆਂ ਹਨ।

#### ਸੰਵਿਧਾਨਕ ਬਹਿਸ ਅਤੇ ਨੌਟਵਿਥਸਟੈਂਡਿੰਗ ਕਲੌਜ਼

ਇਸ ਬਿਲ ਨੇ ਕੈਨੇਡਾ ਦੇ ਸੰਵਿਧਾਨਕ ਢਾਂਚੇ ਨੂੰ ਚੁਣੌਤੀ ਦਿੱਤੀ ਹੈ। 1982 ਵਿੱਚ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਬਣਾਉਣ ਵੇਲੇ ਇਹ ਕਲੌਜ਼ ਸੂਬਿਆਂ ਨੂੰ ਇੱਕੋ ਮੰਚ 'ਤੇ ਲਿਆਉਣ ਲਈ ਸ਼ਾਮਲ ਕੀਤਾ ਗਿਆ ਸੀ। ਇਸ ਦਾ ਉਦੇਸ਼ ਸੰਸਦੀ ਪ੍ਰਭੂਸੱਤਾ ਨੂੰ ਬਚਾਉਣਾ ਸੀ ਤਾਂ ਜੋ ਅਦਾਲਤਾਂ ਲੋਕਤੰਤਰੀ ਤੌਰ 'ਤੇ ਚੁਣੇ ਗਏ ਵਿਧਾਇਕਾਂ ਤੋਂ ਵੱਧ ਤਾਕਤਵਾਨ ਨਾ ਬਣ ਜਾਣ। ਪਰ ਹੁਣ ਇਸ ਦੀ ਵਰਤੋਂ ਵਧ ਰਹੀ ਹੈ - ਓਨਟਾਰੀਓ, ਅਲਬਰਟਾ ਅਤੇ ਸਸਕੇਚਵਾਨ ਵੀ ਇਸ ਨੂੰ ਵਰਤ ਰਹੇ ਹਨ।

ਫੈਡਰਲ ਨਿਆਂ ਮੰਤਰੀ ਸਿਆਨ ਫ੍ਰੇਜ਼ਰ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਭਵਿੱਖ ਵਿੱਚ ਇਸ ਕਲੌਜ਼ ਦੀ ਵਰਤੋਂ ਤੈਅ ਹੋਵੇਗੀ। ਫੈਡਰਲ ਸਰਕਾਰ ਨੇ ਦਲੀਲ ਦਿੱਤੀ ਕਿ ਇਸ ਨੂੰ 'ਚਾਰਟਰ ਅਧਿਕਾਰਾਂ ਨੂੰ ਵਿਗਾੜਨ ਲਈ' ਨਹੀਂ ਵਰਤਿਆ ਜਾ ਸਕਦਾ। ਪਰ ਪੰਜ ਸੂਬਿਆਂ - ਸਸਕੇਚਵਾਨ, ਅਲਬਰਟਾ, ਓਨਟਾਰੀਓ, ਕਿਊਬੈਕ ਅਤੇ ਨੋਵਾ ਸਕੋਸ਼ੀਆ - ਨੇ ਇਸ ਨੂੰ ਫੈਡਰਲਿਜ਼ਮ 'ਤੇ ਹਮਲਾ ਦੱਸਿਆ।

ਕਿਊਬੈਕ ਸਰਕਾਰ ਦਾ ਪੱਖ ਹੈ ਕਿ ਇਹ ਬਿਲ ਰਾਜ ਧਰਮ ਨਿਰਪੱਖਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਂਝੀ ਨਾਗਰਿਕ ਪਛਾਣ ਬਣਾਉਂਦਾ ਹੈ। ਉਨ੍ਹਾਂ ਅਨੁਸਾਰ ਇਸ ਕਲੌਜ਼ ਦੀ ਵਰਤੋਂ ਪੂਰੀ ਤਰ੍ਹਾਂ ਸਹੀ ਹੈ ਅਤੇ ਅਦਾਲਤਾਂ ਇਸ ਵਿੱਚ ਦਖ਼ਲ ਨਹੀਂ ਦੇ ਸਕਦੀਆਂ।

ਇਸ ਬਹਿਸ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਤਾ

ਇਹ ਮਾਮਲਾ ਕੈਨੇਡਾ ਦੀ ਮਲਟੀਕਲਚਰਲ ਪਛਾਣ ਨੂੰ ਚੁਣੌਤੀ ਦਿੰਦਾ ਹੈ। ਇਸ ਨਾਲ ਧਾਰਮਿਕ ਘੱਟ ਗਿਣਤੀਆਂ ਲਈ ਨੌਕਰੀਆਂ - ਮਿਲਣ ਦੀਆਂ ਸੰਭਾਵਨਾਵਾਂ ਘੱਟ ਹੋ ਰਹੀਆਂ ਹਨ। ਅੰਤਰਰਾਸ਼ਟਰੀ ਕਮਿਸ਼ਨ ਆਫ਼ ਜੂਰਿਸਟਸ ਕੈਨੇਡਾ ਅਤੇ ਯੂਨੀਵਰਸਿਟੀ ਆਫ਼ ਓਟਵਾ ਦੇ ਪ੍ਰੋਫ਼ੈਸਰ ਐਰੋਲ ਮੇਂਡਸ ਨੇ ਚੇਤਾਵਨੀ ਦਿੱਤੀ ਕਿ ਇਸ ਕਲੌਜ਼ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ।

ਸੁਣਵਾਈ ਵਿੱਚ 50 ਤੋਂ ਵੱਧ ਧਿਰਾਂ ਸ਼ਾਮਲ ਹਨ ਜਿਨ੍ਹਾਂ ਵਿੱਚ ਫੈਡਰਲ ਸਰਕਾਰ ਵੀ ਸ਼ਾਮਲ ਹੈ। ਇਸ ਫ਼ੈਸਲੇ ਨਾਲ ਭਵਿੱਖ ਵਿੱਚ ਹੋਰ ਸੂਬਿਆਂ ਵਿੱਚ ਵੀ ਅਜਿਹੇ ਬਿਲ ਆ ਸਕਦੇ ਹਨ ਜਾਂ ਇਸ ਨੂੰ ਰੋਕਿਆ ਜਾ ਸਕਦਾ ਹੈ। ਇਹ ਬਹਿਸ ਕੈਨੇਡਾ ਨੂੰ ਇਹ ਤੈਅ ਕਰਨ ਲਈ ਮਜਬੂਰ ਕਰ ਰਹੀ ਹੈ ਕਿ ਉਹ ਧਰਮ ਨਿਰਪੱਖਤਾ ਅਤੇ ਧਾਰਮਿਕ ਆਜ਼ਾਦੀ ਵਿਚਾਲੇ ਸੰਤੁਲਨ ਕਿਵੇਂ ਬਣਾਵੇ।

ਸਿੱਖ ਭਾਈਚਾਰਾ ਇਸ ਲੜਾਈ ਵਿੱਚ ਇੱਕਜੁੱਟ ਹੈ। ਉਨ੍ਹਾਂ ਨੇ ਰੈਲੀਆਂ ਅਤੇ ਪਟੀਸ਼ਨਾਂ ਰਾਹੀਂ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਅੰਮ੍ਰਿਤ ਕੌਰ ਵਰਗੀਆਂ ਔਰਤਾਂ ਇਸ ਲੜਾਈ ਦੀਆਂ ਪ੍ਰਤੀਕ ਬਣ ਗਈਆਂ ਹਨ। ਉਨ੍ਹਾਂ ਨੇ ਕਿਹਾ, 'ਮੈਂ ਆਪਣੀ ਪਛਾਣ ਤਿਆਗ ਕੇ ਅਧਿਆਪਕ ਨਹੀਂ ਬਣ ਸਕਦੀ। ਇਹ ਮੇਰਾ ਧਰਮ ਹੈ।'

ਮਲਟੀਕਲਚਰਲ ਦੇਸ਼ ਹੈ ਜਿੱਥੇ 2 ਲੱਖ ਤੋਂ ਵੱਧ ਸਿੱਖ ਵਸਦੇ ਹਨ। ਇਸ ਬਿਲ ਨੇ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਸੀ.ਸੀ.ਐੱਲ.ਏ. ਨੇ ਲਿਖਿਆ, 'ਕੀ ਅਸੀਂ ਅਜਿਹਾ ਕੈਨੇਡਾ ਚਾਹੁੰਦੇ ਹਾਂ ਜਿੱਥੇ ਅਦਾਲਤਾਂ ਚੁੱਪ ਰਹਿਣ ਲਈ ਮਜਬੂਰ ਹੋਣ ?'

***

## ਇਰਾਨ ਨੇ ਯੇਰੂਸ਼ਲਮ 'ਤੇ ਵਰ੍ਹਾਇਆ ਕਹਿਰ

ਉਨ੍ਹਾਂ ਦੇ ਅਸਤੀਫ਼ੇ ਦੇ ਮੁੱਖ ਕਾਰਨ ਹੇਠ ਲਿਖੇ ਹਨ:ਮੁਹੰਮਦ ਸਫ਼ਾ ਨੇ ਬਹੁਤ ਹੀ ਗੰਭੀਰ ਇਲਜ਼ਾਮ ਲਗਾਇਆ ਹੈ ਕਿ ਅਮਰੀਕਾ ਅੰਦਰੂਨੀ ਤੌਰ 'ਤੇ ਇਰਾਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਸੰਭਾਵਿਤ ਵਰਤੋਂ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ 'ਮਨੁੱਖਤਾ ਵਿਰੁੱਧ ਅਪਰਾਧ' ਦਾ ਗਵਾਹ ਨਹੀਂ ਬਣਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਅਸਤੀਫ਼ਾ ਦੇ ਕੇ ਇਸ ਜਾਣਕਾਰੀ ਨੂੰ ਜਨਤਕ ਕਰਨ ਦਾ ਫ਼ੈਸਲਾ ਕੀਤਾ। ਸਫ਼ਾ ਨੇ ਆਪਣੇ ਅਸਤੀਫ਼ਾ ਪੱਤਰ ਵਿੱਚ ਲਿਖਿਆ ਕਿ ਯੂ.ਐਨ. ਦੇ ਕੁਝ ਉੱਚ ਅਧਿਕਾਰੀ ਸੰਸਥਾ ਦੇ ਸਿਧਾਂਤਾਂ ਦੀ ਬਜਾਏ ਇੱਕ ਸ਼ਕਤੀਸ਼ਾਲੀ ਲੌਬੀ (ਸ਼ਾਇਦ ਅਮਰੀਕਾ ਅਤੇ ਇਜ਼ਰਾਇਲ ਵੱਲ ਇਸ਼ਾਰਾ) ਦੇ ਹਿੱਤਾਂ ਲਈ ਕੰਮ ਕਰ ਰਹੇ ਹਨ। ਉਨ੍ਹਾਂ ਮੁਤਾਬਕ ਇਹ ਲੌਬੀ ਫ਼ੈਸਲਾ ਲੈਣ ਵਾਲੇ ਨੇਤਾਵਾਂ ਨੂੰ ਜੰਗੀ ਅਪਰਾਧਾਂ ਦੇ ਦੋਸ਼ਾਂ ਤੋਂ ਬਚਾ ਰਹੀ ਹੈ। ਉਨ੍ਹਾਂ ਨੇ ਯੂ.ਐਨ. ਦੀ ਇਸ ਗੱਲੋਂ ਨਿੰਦਾ ਕੀਤੀ ਕਿ ਸੰਸਥਾ ਗਾਜ਼ਾ ਦੀ ਸਥਿਤੀ ਨੂੰ 'ਨਸਲਕੁਸ਼ੀ' ਕਹਿਣ ਤੋਂ ਗੁਰੇਜ਼ ਕਰ ਰਹੀ ਹੈ। ਲਿਬਨਾਨ ਵਿੱਚ ਹੋ ਰਹੀ ਕਾਰਵਾਈ ਨੂੰ 'ਜੰਗੀ ਅਪਰਾਧ' ਨਹੀਂ ਮੰਨ ਰਹੀ। ਇਰਾਨ 'ਤੇ ਹੋ ਰਹੇ ਹਮਲਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਨਹੀਂ ਦੱਸ ਰਹੀ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਯੂ. ਐਨ.ਓ. ਦੇ ਸੀਨੀਅਰ ਅਧਿਕਾਰੀਆਂ ਅਤੇ ਡਿਪਲੋਮੈਟਾਂ ਨੇ ਮੀਡੀਆ ਦੀ ਮਦਦ ਨਾਲ ਇਰਾਨ ਦੇ 'ਪ੍ਰਮਾਣੂ ਖਤਰੇ' ਬਾਰੇ ਇੱਕ ਝੂਠਾ ਪ੍ਰਚਾਰ ਕੀਤਾ ਤਾਂ ਜੋ ਜੰਗ ਲਈ ਮਾਹੌਲ ਤਿਆਰ ਕੀਤਾ ਜਾ ਸਕੇ। ਮੁਹੰਮਦ ਸਫ਼ਾ ਨੇ ਕਿਹਾ ਕਿ ਮੈਂ ਆਪਣਾ ਡਿਪਲੋਮੈਟਿਕ ਕੈਰੀਅਰ ਇਸ ਜਾਣਕਾਰੀ ਨੂੰ ਲੀਕ ਕਰਨ ਲਈ ਕੁਰਬਾਨ ਕਰ ਦਿੱਤਾ ਹੈ... ਮੈਂ ਅਜਿਹੇ ਸਮੇਂ ਡਿਊਟੀ 'ਤੇ ਨਹੀਂ ਰਹਿ ਸਕਦਾ ਜਦੋਂ ਅਮਰੀਕਾ ਇਰਾਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਤਿਆਰੀ ਕਰ ਰਿਹਾ ਹੋਵੇ। ਮੁਹੰਮਦ ਸਫ਼ਾ ਪਿਛਲੇ 12 ਸਾਲਾਂ ਤੋਂ ਸੰਯੁਕਤ ਰਾਸ਼ਟਰ ਨਾਲ ਜੁੜੇ ਹੋਏ ਸਨ ਉਨ੍ਹਾਂ ਦੇ ਇਸ ਕਦਮ ਨੇ ਜੰਗ ਦੇ ਵਿਚਕਾਰ ਯੂ.ਐਨ.ਓ. ਦੀ ਭੂਮਿਕਾ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

***

## ਇਤਿਹਾਸਿਕ ਸ਼ਹਿਰਾਂ ਨੂੰ ਵਿਸ਼ਵ ਪੱਧਰੀ ਅਧਿਆਤਮਿਕ

ਆਨੰਦਪੁਰ ਸਾਹਿਬ ਨੂੰ ਵਿਰਾਸਤ-ਏ-ਖ਼ਾਲਸਾ, ਚੌੜੀਆਂ ਸੜਕਾਂ ਅਤੇ ਵਿਸ਼ਵ ਪੱਧਰੀ ਹੋਟਲ ਵਰਗੇ ਵੱਡੇ ਪ੍ਰੋਜੈਕਟ ਮਿਲੇ ਸਨ ਅਤੇ ਅਜਿਹਾ ਹੀ ਵਿਕਾਸ ਦਮਦਮਾ ਸਾਹਿਬ ਦੇ ਆਲੇ-ਦੁਆਲੇ ਵੀ ਹੋਇਆ ਸੀ। ਇੱਕ ਹੋਰ ਮਾਹਿਰ ਐਚ.ਐਸ. ਭੋਗਲ ਨੇ ਕਿਹਾ ਕਿ ਸਮੇਂ ਦੀ ਲੋੜ ਇੱਕ ਅਜਿਹੀ ਯੋਜਨਾਬੰਦੀ ਦੀ ਹੈ ਜੋ ਪਵਿੱਤਰ ਸ਼ਹਿਰਾਂ ਵਿੱਚ ਸੈਰ-ਸਪਾਟੇ ਦੇ ਨਾਲ-ਨਾਲ 'ਪਲੱਗ ਐਂਡ ਪਲੇ' ਉਦਯੋਗਿਕ ਜਾਂ ਵਪਾਰਕ ਜ਼ੋਨ ਬਣਾਉਣ 'ਤੇ ਧਿਆਨ ਕੇਂਦਰਿਤ ਕਰੇ ਤਾਂ ਜੋ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕੀਤਾ ਜਾ ਸਕੇ।

ਮਾਹਿਰਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹਨਾਂ ਇਲਾਕਿਆਂ ਦੀ ਪਵਿੱਤਰਤਾ, ਇਤਿਹਾਸਕ ਵਿਰਾਸਤ ਅਤੇ ਅਧਿਆਤਮਿਕ ਤਾਣੇ-ਬਾਣੇ ਨੂੰ ਬਚਾਉਣ ਲਈ ਜ਼ਮੀਨ ਦੀ ਵਰਤੋਂ ਦੇ ਨਿਯਮਾਂ ਵਿੱਚ ਸੁਧਾਰ ਅਤੇ ਲੰਬੇ ਸਮੇਂ ਦੇ ਸ਼ਾਸਨ ਤੰਤਰ ਦੀ ਲੋੜ ਹੈ। ਅੰਤ ਵਿੱਚ, ਮਾਹਿਰਾਂ ਦੇ ਇਸ ਸਮੂਹ ਨੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਂਝੇ ਤੌਰ 'ਤੇ 'ਗੁਰੂ ਕਾ ਲਾਹੌਰ' ਵਰਗੇ ਇਤਿਹਾਸਕ ਨਗਰ ਨੂੰ ਮੁੜ ਸੁਰਜੀਤ ਕਰਨ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਿਰੀ ਯੋਜਨਾਬੰਦੀ ਦੇ ਇੱਕ ਨਮੂਨੇ ਵਜੋਂ ਵਸਾਇਆ ਸੀ। ਇਸ ਦੇ ਨਾਲ ਹੀ ਨੈਣਾ ਦੇਵੀ ਅਤੇ ਹੋਰ ਅੰਤਰ-ਰਾਜੀ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੇ ਵਿਕਾਸ ਲਈ ਵੀ ਸਾਂਝੇ ਯਤਨ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਬਾਬੂ ਕਾਂਸ਼ੀ ਰਾਮ ਦੇ ਸਿਆਸੀ ਤੇ ਸਮਾਜਿਕ

ਬਸਪਾ ਸੁਪਰੀਮੋ ਮਾਇਆਵਤੀ ਨੇ ਇਸ ਰਾਜਨੀਤੀ ਨੂੰ ਉੱਤਰ ਪ੍ਰਦੇਸ਼ ਤੱਕ ਸੀਮਤ ਕਰ ਦਿੱਤਾ। ਉਨ੍ਹਾਂ ਨੇ ਸਰਵਜਨ ਫ਼ਾਰਮੂਲਾ ਅਪਣਾਇਆ – ਦਲਿਤਾਂ ਨਾਲ ਉਪਰਲੀਆਂ ਜਾਤਾਂ ਨੂੰ ਜੋੜ ਕੇ 2007 ਵਿੱਚ ਯੂਪੀ ਵਿੱਚ 206 ਸੀਟਾਂ ਉਪਰ ਬਹੁਮਤ ਹਾਸਲ ਕੀਤਾ। ਇਹ ਬਹੁਜਨ ਰਾਜਨੀਤੀ ਦੀ ਸਫ਼ਲਤਾ ਸੀ, ਪਰ ਇਸ ਤੋਂ ਬਾਅਦ ਅਸਫ਼ਲਤਾ ਸ਼ੁਰੂ ਹੋ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਬਸਪਾ ਵਿੱਚ ਰਾਜਨੀਤਕ ਨਿਘਾਰ ਆਇਆ।

ਇਸਦੇ ਕਾਰਨ ਕਈ ਸਨ। ਪਹਿਲਾ – ਸੰਸਥਾਗਤ ਕਮਜ਼ੋਰੀ। ਕਾਂਸ਼ੀ ਰਾਮ ਵਾਲੀ ਕੈਡਰ ਵਿਚਾਰਧਾਰਾ ਖਤਮ ਹੋ ਗਈ। ਬਸਪਾ ਸਿਰਫ਼ ਚੋਣਾਂ ਵੇਲੇ ਐਕਟਿਵ ਰਹਿ ਗਈ। ਦੂਜਾ – ਲੀਡਰਸ਼ਿਪ ਸੈਂਟ੍ਰਲਾਈਜ਼ੇਸ਼ਨ। ਮਾਇਆਵਤੀ ਨੇ ਕੋਈ ਸੈਕੰਡ ਲਾਈਨ ਨਹੀਂ ਉਭਾਰੀ। ਤੀਜਾ ਮਾਇਆਵਤੀ ਨੇ ਆਪਣੇ ਰਾਜ ਦੌਰਾਨ– ਚਿੰਨ੍ਹਾਂ (ਸਟੈਚੂਆਂ, ਪਾਰਕ) ਉੱਤੇ ਫ਼ੋਕਸ ਕੀਤਾ। ਇਸ ਨਾਲ ਬਹੁਜਨਾਂ ਦਾ ਭਲਾ ਨਾ ਹੋ ਸਕਿਆ। ਮਾਇਆਵਤੀ ਉਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। ਇਸ ਕਾਰਨ ਬੀਜੇਪੀ ਦਾ ਉਭਾਰ ਹੋਇਆ ਅਤੇ ਗੈਰ–ਜਾਟਵ ਦਲਿਤ ਵੋਟਾਂ ਬਸਪਾ ਨਾਲੋਂ ਟੁਟ ਗਈਆਂ। 2012 ਤੋਂ ਬਾਅਦ ਯੂਪੀ ਵਿੱਚ ਵੋਟ ਸ਼ੇਅਰ 30 ਫ਼ੀਸਦੀ ਤੋਂ ਘਟ ਕੇ 12.7 ਫ਼ੀਸਦੀ (2022) ਅਤੇ 2024 ਲੋਕ ਸਭਾ ਵਿੱਚ 9.3 ਫ਼ੀਸਦੀ ਰਹਿ ਗਿਆ ਸੀ। ਪੰਜਾਬ ਵਿੱਚ ਤਾਂ ਬਸਪਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ। ਹਾਈਕਮਾਂਡ ਨੇ ਸਥਾਨਕ ਲੀਡਰਸ਼ਿਪ ਨੂੰ ਖੁੱਲ੍ਹ ਨਾ ਦਿੱਤੀ। ਗਠਜੋੜਾਂ ਵਿੱਚ ਭੰਬਲਭੂਸਾ ਬਣਿਆ ਰਿਹਾ – ਇੱਕ ਵਾਰ ਅਕਾਲੀ, ਦੂਜੀ ਵਾਰ ਕਾਂਗਰਸ ਨਾਲ। ਨਤੀਜਾ: ਇਹ ਹੋਇਆ ਕੈਡਰ ਖੁਰ ਗਿਆ, ਨੌਜਵਾਨ ਦਲਿਤ ਆਪ ਅਤੇ ਕਾਂਗਰਸ ਵੱਲ ਚਲੇ ਗਏ।

**ਪੰਥਕ ਗਠਜੋੜ ਨਾਲ ਬਸਪਾ ਦਾ ਸਮਝੌਤਾ ਕਿਉਂ ਲਾਜ਼ਮੀ ਹੈ ?**

ਪੰਜਾਬ ਵਿੱਚ ਦਲਿਤ ਆਬਾਦੀ 32–34 ਫ਼ੀਸਦੀ ਹੈ ਅਤੇ ਸਿੱਖ ਵੋਟਰ ਵੱਡੀ ਗਿਣਤੀ ਵਿੱਚ ਹਨ। ਇਹ ਦੋਵੇਂ ਤਬਕੇ ਇੱਕ ਹੋ ਜਾਣ ਤਾਂ ਆਪ, ਕਾਂਗਰਸ ਜਾਂ ਭਾਜਪਾ ਨੂੰ ਟੱਕਰ ਦਿੱਤੀ ਜਾ ਸਕਦੀ ਹੈ। ਕਾਂਸ਼ੀ ਰਾਮ ਨੇ ਇਸ ਗੱਲ ਨੂੰ ਸਮਝਿਆ ਸੀ ਅਤੇ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ। ਅੱਜ ਇਹ ਗਠਜੋੜ ਬਸਪਾ ਲਈ ਮਜਬੂਰੀ ਵੀ ਹੈ ਅਤੇ ਮੌਕਾ ਵੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਬਸਪਾ ਇਕੱਲਿਆਂ ਚੋਣ ਲੜਦੀ ਹੈ ਤਾਂ ਵੋਟਾਂ ਵੰਡੀਆਂ ਜਾਣਗੀਆਂ ਅਤੇ ਵਿਰੋਧੀਆਂ ਨੂੰ ਫ਼ਾਇਦਾ ਹੋਵੇਗਾ। ਪੰਥਕ ਗਠਜੋੜ ਨਾਲ ਨਾ ਸਿਰਫ਼ ਵੋਟ ਬੈਂਕ ਮਜ਼ਬੂਤ ਹੋਵੇਗਾ, ਬਲਕਿ ਡੇਰਿਆਂ ਵਿੱਚ ਵੰਡੀ ਦਲਿਤ ਆਬਾਦੀ (ਰਵਿਦਾਸੀਆ, ਮਜ਼੍ਹਬੀ) ਨੂੰ ਇੱਕ ਮੰਚ ਹੇਠ ਲਿਆਂਦਾ ਜਾ ਸਕਦਾ ਹੈ। ਜਦੋਂ ਅੱਜ ਕੇਂਦਰੀ ਪਾਰਟੀਆਂ ਪੰਜਾਬ ਉਪਰ ਭਾਰੂ ਪੈ ਰਹੀਆਂ ਹਨ ਤਾਂ ਖੇਤਰੀ ਤੇ ਰਾਸ਼ਟਰੀ ਲਹਿਰ ਬਣਾਉਣ ਲਈ ਬਸਪਾ –ਪੰਥਕ ਗਠਜੋੜ ਜ਼ਰੂਰੀ ਹੈ। ਨੌਜਵਾਨ ਦਲਿਤ ਅਤੇ ਜੱਟ ਭਾਈਚਾਰਾ ਬੇਰੁਜ਼ਗਾਰੀ ਅਤੇ ਨਸ਼ਿਆਂ ਤੋਂ ਪੀੜਤ ਹੈ। ਵਾਰਿਸ ਪੰਜਾਬ ,ਅਕਾਲੀ ਦਲ ਦੇ ਯੂਥ ਵਿੰਗ ਵਰਗੀਆਂ ਜਥੇਬੰਦੀਆਂ ਦੇ ਨੌਜਵਾਨ ਕੈਡਰ ਨੂੰ ਬਸਪਾ ਦੇ ਮਿਸ਼ਨਰੀ ਕੈਡਰ ਨਾਲ ਜੋੜਿਆ ਜਾ ਸਕਦਾ ਹੈ,ਜਿਸ ਨਾਲ ਸਾਂਝੀ ਰਾਜਨੀਤੀ ਉਭਰ ਸਕੇ। ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਮੰਨਣਾ ਹੈ ਕਿ ਇਸ ਗੱਠਜੋੜ ਵਿੱਚ ਸ਼੍ਰੋਮਣੀ ਅਕਾਲੀ ਦਲ, ਵਾਰਿਸ ਪੰਜਾਬ ਦੇ, ਨਵਾਂ ਅਕਾਲੀ ਦਲ ਜਾਂ ਹੋਰ ਪੰਥਕ ਧੜੇ ਸ਼ਾਮਲ ਹੋਣ ਤਾਂ ਜੋ ਪੰਥਕ ਬਹੁਜਨ ਦੀ ਸਾਂਝੀ ਰਾਜਨੀਤਿਕ ਲਹਿਰ ਉਠ ਸਕੇ ਜੋ ਪੰਜਾਬ ਦੇ ਹਿਤਾਂ ਲਈ ਲਾਭਦਾਇਕ ਹੋਵੇ। ਇਹ ਗਠਜੋੜ ਪੰਜਾਬ, ਪੰਥਕ ਅਤੇ ਬਹੁਜਨ ਮੁੱਦਿਆਂ ਉੱਤੇ ਬਣਾਉਣਾ ਚਾਹੀਦਾ ਹੈ। ਪਿੰਡਾਂ ਵਿੱਚ 'ਭਾਈਚਾਰਾ ਕਮੇਟੀਆਂ' ਬਣਾਉਣ ਦੀ ਲੋੜ ਹੈ। ਜੱਟ ਸਿੱਖ ਅਤੇ ਰਵਿਦਾਸੀਆ/ਮਜ਼੍ਹਬੀ ਸਿੱਖ ਵੋਟਰਾਂ ਵਿਚਾਲੇ ਤਾਲਮੇਲ ਬਣਾਉਣਾ ਜ਼ਰੂਰੀ ਹੈ। ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ ,ਬੰਗਾ ਵਿੱਚ ਮਜ਼ਬੂਤ ਸੀਟਾਂ ਬਸਪਾ ਨੂੰ ਦੇਣੀਆਂ ਚਾਹੀਦੀਆਂ ਹਨ, ਜਿੱਥੇ ਅਕਾਲੀ ਦਲ ਕਮਜ਼ੋਰ ਹੈ। ਬਸਪਾ ਦੀ ਪੰਜਾਬ ਲੀਡਰਸ਼ਿਪ ਨੂੰ ਦਿੱਲੀ ਜਾਂ ਲਖਨਊ ਤੋਂ ਫ਼ੈਸਲੇ ਉਡੀਕਣ ਦੀ ਬਜਾਏ ਸਥਾਨਕ ਲੋੜਾਂ ਮੁਤਾਬਕ ਫ਼ੈਸਲੇ ਲੈਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। 2027 ਦੀਆਂ ਚੋਣਾਂ ਬਹੁਜਨ ਅਤੇ ਪੰਥਕ ਰਾਜਨੀਤੀ ਲਈ ਵੱਡਾ ਟੈਸਟ ਹਨ। ਬਸਪਾ ਲਈ ਇਹ ਮੌਕਾ ਹੈ ਕਿ ਉਹ ਆਪਣੀ ਅਸਲ ਵਿਰਾਸਤ ਵੱਲ ਮੁੜੇ। ਉਨ੍ਹਾਂ ਨੂੰ ਫ਼ਿਰ ਬਾਬੂ ਕਾਂਸ਼ੀ ਰਾਮ ਵਾਂਗ ਸਾਈਕਲ 'ਤੇ ਸਵਾਰ ਹੋਣਾ ਪਵੇਗਾ, ਉਸ ਵਿਚਾਰਧਾਰਾ ਨੂੰ ਜੀਉਂਦਾ ਕਰਨਾ ਪਵੇਗਾ ਅਤੇ ਪੰਥਕ ਧਿਰਾਂ ਨਾਲ ਮਜ਼ਬੂਤ ਗਠਜੋੜ ਬਣਾਉਣਾ ਪਵੇਗਾ। ਇਹ ਗਠਜੋੜ ਨਾ ਸਿਰਫ਼ ਬਸਪਾ ਨੂੰ ਬਚਾਏਗਾ, ਬਲਕਿ ਬਹੁਜਨ ਸਮਾਜ ਅਤੇ ਸਿੱਖ ਭਾਈਚਾਰੇ ਨੂੰ ਇੱਕ ਨਵੀਂ ਤਾਕਤ ਵੀ ਦੇਵੇਗਾ। ਡਿਜੀਟਲ ਮੀਡੀਆ ਅਤੇ ਮੁਫ਼ਤ ਸਕੀਮਾਂ ਨੇ ਨੌਜਵਾਨ ਦਲਿਤਾਂ ਨੂੰ ਖਿੱਚ ਲਿਆ ਹੈ, ਪਰ ਲਗਾਤਾਰ ਵਿਚਾਰਧਾਰਕ ਅੰਦੋਲਨ ਹੀ ਸਥਾਈ ਬਦਲਾਅ ਲਿਆਵੇਗਾ।

ਕਾਂਸ਼ੀ ਰਾਮ ਨੇ ਕਿਹਾ ਸੀ – ਸੱਤਾ ਤੋਂ ਬਿਨਾਂ ਕੁਝ ਨਹੀਂ ਬਦਲਦਾ । ਅੱਜ ਬਹੁਜਨ ਸਮਾਜ ਲਈ ਇਹੀ ਚਾਬੀ ਹੈ। ਜੇ ਬਸਪਾ ਨੇ ਇਸ ਰਾਹ 'ਤੇ ਚੱਲਣਾ ਹੈ ਤਾਂ ਪੰਜਾਬ ਵਿੱਚ ਪੰਥਕ ਗਠਜੋੜ ਇੱਕ ਵਿਕਲਪ ਨਹੀਂ, ਇੱਕ ਲਾਜ਼ਮੀ ਰਣਨੀਤੀ ਹੈ।

***

## ਦੇਸ਼ ਦੀ ਆਜ਼ਾਦੀ ਤੋਂ ਬਾਅਦ

ਸਾਲ 1948 ਤੋਂ 1980 ਤੱਕ 666 ਤੇ ਹੁਣ ਤੱਕ ਪਾਕਿਸਤਾਨ ਵਿੱਚ ਕੁੱਲ 1639 ਦੇ ਕਰੀਬ ਪੰਜਾਬੀ ਫਿਲਮਾਂ ਬਣ ਚੁੱਕੀਆਂ ਹਨ।ਵੰਡ ਤੋਂ ਬਾਅਦ ਦੋਵੇ ਪੰਜਾਬਾਂ ਦੇ ਪੰਜਾਬੀ ਸਿਨੇਮਾ ਨੂੰ ਪੰਜਾਬੀ ਕਲਾਕਾਰਾਂ ਨੇ ਆਪਣੀ ਹਿੰਮਤ ਸਦਕਾ ਜਿੰਦਾ ਰੱਖਿਆ। ਪੰਜਾਬੀ ਸਿਨੇਮਾ ਨੇ ਆਜ਼ਾਦੀ ਤੋਂ ਬਾਅਦ ਸੁਨਹਿਰੀ ਦੌਰ ਵੀ ਵੇਖਿਆ ਤੇ ਬੁਰਾ ਦੌਰ ਵੀ ਆਪਣੇ ਪਿੰਡੇ 'ਤੇ ਹੰਢਾਇਆ। ਅੱਜ ਜਿੱਥੇ ਚੜ੍ਹਦੇ ਪੰਜਾਬ ਦੀਆਂ ਪੰਜਾਬੀ ਫਿਲਮਾਂ ਅੰਤਰਰਾਸ਼ਟਰੀ ਪੱਧਰ 'ਤੇ ਚੰਗਾ ਨਾਮਣਾ ਖੱਟ ਰਹੀਆਂ ਹਨ, ਉੱਥੇ ਅਦਾਕਾਰ ਸੁਲਤਾਨ ਰਾਹੀ ਦੀ ਮੌਤ ਤੋਂ ਬਾਅਦ ਲਾਹੌਰ ਦੇ ਪੰਜਾਬੀ ਸਿਨੇਮਾ ਦੇ ਹਾਲਤ ਬੇਹੱਦ ਖ਼ਰਾਬ ਹੋ ਗਈ। ਅੱਜ ਲਾਹੌਰ ਦੀ ਸਾਰੀ ਫਿਲਮ ਇੰਡਸਟਰੀ ਕਰਾਚੀ ਸ਼ਿਫਟ ਹੋ ਚੁੱਕੀ ਹੈ। ਲਾਹੌਰ ਦੇ ਫਿਲਮ ਸਟੂਡੀਓ ਵੀਰਾਨ ਹੋ ਗਏ ਹਨ ਤੇ ਅੱਜ ਹਾਲਾਤ ਅਜਿਹੇ ਹਨ ਕਿ ਉੱਥੇ ਪੰਜਾਬੀ ਫਿਲਮਾਂ ਬਣਨੀਆਂ ਬਿਲਕੁਲ ਬੰਦ ਹੋ ਚੁੱਕੀਆਂ ਹਨ। ਪਿਛਲੇ ਸਾਲਾਂ 'ਚ ਸਿਰਫ਼ ਇੱਕ ਪੰਜਾਬੀ ਫਿਲਮ 'ਦਿ ਲੈਜੇਂਡ ਆਫ ਮੌਲਾ ਜੱਟ' ਹੀ ਰਿਲੀਜ਼ ਹੋ ਪਾਈ ਜਿਸ ਦੀ ਬੇਮਿਸਾਲ ਕਾਮਯਾਬੀ ਦੇ ਬਾਵਜੂਦ ਲਾਹੌਰ ਫਿਲਮ ਇੰਡਸਟਰੀ ਮੁੜ ਤੋਂ ਆਪਣੇ ਪੈਰਾਂ ਸਿਰ ਖੜ੍ਹੀ ਨਹੀਂ ਹੋ ਪਾਈ। ਅੱਜ ਜਦੋਂ ਦੋਵਾਂ ਪੰਜਾਬਾਂ ਦੇ ਪੰਜਾਬੀ ਸਿਨੇਮਾ ਦੇ ਕਲਾਕਾਰ ਜੇਕਰ ਇਕੱਠੇ ਰਲ ਕੇ ਪੰਜਾਬੀ ਫਿਲਮਾਂ ਵਿੱਚ ਕੰਮ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ ਤਾਂ ਦੋਵਾਂ ਮੁਲਕਾਂ ਦੇ ਹਾਲਾਤ ਤੇ ਹੁਕਮਰਾਨਾਂ ਵੱਲੋਂ ਖੜ੍ਹੀਆਂ ਕੀਤੀਆਂ ਨਫ਼ਰਤਾਂ ਤੇ ਬੰਦਿਸ਼ਾਂ '47 ਦੀ ਵੰਡ ਵੇਲੇ ਪੰਜਾਬ ਦੇ ਸੀਨੇ 'ਤੇ ਉੱਕਰੀ ਲਕੀਰ ਨੂੰ ਹੋਰ ਡੂੰਘਾ ਕਰ ਦਿੰਦੇ ਹਨ।

***

## ਅਪਰਾਧ ਅਤੇ ਸਿਆਸਤ ਵਿਚਕਾਰ

ਦੇਸ਼ ਦੇ ਪੇਂਡੂ ਅਤੇ ਪਿਛੜੇ ਖੇਤਰਾਂ ਵਿੱਚ ਇਹਨਾਂ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਦੀ ਗੱਲ ਨਹੀਂ ਪੁੱਜਦੀ, ਜੇਕਰ ਪੁੱਜਦੀ ਵੀ ਹੈ ਤਾਂ ਸਿਆਸੀ ਧਿਰਾਂ ਇਸਦਾ ਕੋਈ ਨਾ ਕੋਈ ਤੋੜ ਲੱਭ ਕੇ ਪੈਸੇ ਦੀ ਵਰਤੋਂ ਕਰਕੇ ਵੋਟਰਾਂ ਨੂੰ ਭਰਮਾ ਲੈਂਦੀਆਂ ਹਨ ਜਾਂ ਡਰਾ ਲੈਂਦੀਆਂ ਹਨ।

ਧਨ ਅਤੇ ਬਲ ਦੀ ਵਰਤੋਂ ਸਿਰਫ਼ ਸਿਆਸਤ ਵਿੱਚ ਹੀ ਨਹੀਂ, ਸਮੁੱਚੇ ਸਮਾਜ ਵਿੱਚ ਫੈਲ ਰਹੀ ਹੈ, ਜਿਸ ਨਾਲ ਸਿਆਸਤ ਵਿੱਚ ਤਾਨਾਸ਼ਾਹੀ ਅਤੇ ਸਮਾਜ ਵਿੱਚ ਧੱਕੇਸ਼ਾਹੀ ਅਤੇ ਬਾਹੂਬਲ ਸਿਖਰਾਂ ਛੋਹ ਰਿਹਾ ਹੈ। ਚੋਣਾਂ 'ਚ ਸਿਆਸੀ ਧੱਕਾ ਤੇ ਪੈਸੇ ਦੀ ਵਰਤੋਂ ਚੋਣਾਵੀਂ ਬਾਂਡ (ਇਲੈਕਟੋਰਲ ਬੌਂਡਜ਼) ਨੇ ਵਧਾਈ, ਕਿਉਂਕਿ ਵੱਡੇ ਕਾਰਪੋਰੇਟ ਅਸਿੱਧੇ ਨਹੀਂ ਸਗੋਂ ਸਿੱਧੇ ਤੌਰ 'ਤੇ ਇਸ 'ਚ ਆਪਣਾ ਹਿੱਸਾ , ਯੋਗਦਾਨ ਪਾਉਣ ਲੱਗੇ ਅਤੇ ਸਮਾਜ, ਵਪਾਰ, ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੇ। ਉਹਨਾਂ ਦੀ ਪਹੁੰਚ ਦੰਭੀ ਸਿਆਸਤਦਾਨਾਂ ਤੱਕ ਵਧੀ ਅਤੇ ਉਹਨਾਂ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਅਨੁਸਾਰ ਨੀਤੀਆਂ ਬਣਾਉਣ ਲਈ ਇਸ ਹਥਿਆਰ ਦੀ ਵਰਤੋਂ ਪਹਿਲਾਂ ਚੁੱਪ–ਚਾਪ ਅਤੇ ਹੁਣ ਸਿੱਧੇ ਤੌਰ 'ਤੇ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਦੇਸ਼ ਦੇ ਹਰ ਅਦਾਰੇ ਤੱਕ ਪਹੁੰਚ ਵਧਾਈ ਹੋਈ ਹੈ।

ਜਦੋਂ ਤੱਕ ਸਿਆਸੀ ਧਿਰਾਂ ਸਾਫ਼ ਦਿੱਖ ਅਤੇ ਲੋਕ–ਹਿਤੈਸ਼ੀ ਪਹੁੰਚ ਵਾਲੇ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੀਆਂ,ਉਦੋਂ ਤੱਕ ਇਸ ਕਾਲੇ ਕਾਰੋਬਾਰ–ਕਾਲੇ ਬਜ਼ਾਰ ਉੱਤੇ ਕਾਬੂ ਪਾਉਣਾ ਔਖਾ ਹੈ। ਸਮੇਂ ਦੀ ਲੋੜ ਹੈ ਕਿ ਕਾਇਦੇ–ਕਾਨੂੰਨ ਅਨੁਸਾਰ ਅਪਰਾਧਿਕ ਮਾਮਲੇ ਦਰਜ ਹੋਣ ਉੱਤੇ ਦਾਗ਼ੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਹ ਸਾਫ਼–ਸੁਥਰੀ ਰਾਜਨੀਤੀ ਲਈ ਜ਼ਮੀਨ ਤਿਆਰ ਕਰਨ ਦੀ ਦਿਸ਼ਾ ਵੱਲ ਵੱਡਾ ਕਦਮ ਸਾਬਤ ਹੋ ਸਕਦਾ ਹੈ। ਅੱਜ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਲੋੜ ਹੈ, ਜਿਸ ਤੋਂ ਲਗਭਗ ਸਮੁੱਚੀਆਂ ਸਿਆਸੀ ਪਾਰਟੀਆਂ ਪਿੱਠ ਕਰੀ ਬੈਠੀਆਂ ਹਨ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਹੀਂ ਰੋਕਿਆ ਗਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕਤੰਤਰ ਸਿਰਫ਼ ਕਾਗਜ਼ੀ ਪ੍ਰਣਾਲੀ ਬਣ ਕੇ ਰਹਿ ਜਾਵੇਗਾ। ਲੋੜ ਹੈ ਕਿ ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਸਮਝਣ, ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਈ ਜਾਵੇ ਅਤੇ ਜਨਤਾ ਵੀ ਸਚੇਤ ਹੋ ਕੇ ਸਹੀ ਉਮੀਦਵਾਰਾਂ ਦੀ ਚੋਣ ਕਰੇ ਕਿਉਂਕਿ ਆਖ਼ਿਰਕਾਰ, ਲੋਕਤੰਤਰ ਦੀ ਅਸਲੀ ਤਾਕਤ ਜਾਗਰੂਕ ਵੋਟਰ ਹੀ ਹੁੰਦਾ ਹੈ।

***

## ਡਿਜਿਟਲ ਰੌਲੇ ਦੇ ਦੌਰ 'ਚ

ਭਾਸ਼ਾ, ਯਾਦਸ਼ਕਤੀ, ਕਲਪਨਾ ਅਤੇ ਭਾਵਨਾਵਾਂ। ਇਸ ਲਈ ਜਿਹੜੀ ਕਿਤਾਬ ਸਾਨੂੰ ਅੰਦਰੋਂ ਛੂੰਹਦੀ ਹੈ, ਉਹ ਅਸਲ ਵਿੱਚ ਸਾਡੇ ਨਿਊਰਲ ਪੈਟਰਨ ਨਾਲ ਜੁੜਦੀ ਹੈ। ਜੇ ਅਸੀਂ ਇਸ ਸਵਾਲ ਨੂੰ ਹੋਰ ਵੱਡੇ ਭੂਗੋਲਿਕ ਅਤੇ ਸਮਾਜਿਕ ਪ੍ਰਸੰਗ ਵਿੱਚ ਵੇਖੀਏ ਤਾਂ ਪਤਾ ਲਗਦਾ ਹੈ ਕਿ ਪੜ੍ਹਨ ਦੀ ਆਦਤ ਸਿਰਫ ਵਿਅਕਤੀਗਤ ਨਹੀਂ, ਸਗੋਂ ਪੂਰੇ ਸਮਾਜ ਦੀ ਬਣਤਰ ਨਾਲ ਜੁੜੀ ਹੁੰਦੀ ਹੈ। ਭਾਰਤ ਵਿੱਚ ਲਗਭਗ 20%–30% ਲੋਕ ਹੀ ਨਿਯਮਿਤ ਪਾਠਕ ਹਨ ਅਤੇ ਪਾਕਿਸਤਾਨ ਵਿੱਚ ਇਹ ਦਰ ਹੋਰ ਘਟ ਕੇ ਲਗਭਗ 5%–10% ਰਹਿ ਜਾਂਦੀ ਹੈ, ਜਦਕਿ ਬੰਗਲਾਦੇਸ਼ ਵਿੱਚ ਇਹ 10%–15% ਦੇ ਆਸਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਖੇਤਰ ਵਿੱਚ ਪੜ੍ਹਨ ਦੀ ਸੰਸਕ੍ਰਿਤੀ ਅਜੇ ਵੀ ਵਿਕਾਸ ਦੇ ਪੜਾਅ ਵਿੱਚ ਹੈ।

ਇਸ ਸਥਿਤੀ ਦੇ ਪਿੱਛੇ ਸਾਡੀ ਸਿੱਖਿਆ ਪ੍ਰਣਾਲੀ ਅਤੇ ਡਿਜਿਟਲ ਮੀਡੀਆ ਦਾ ਪ੍ਰਭਾਵ ਮੁੱਖ ਕਾਰਨ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁੜ ਤੋਂ 'ਲਾਈਬਰੇਰੀ ਸੱਭਿਆਚਾਰ' ਨੂੰ ਸੁਰਜੀਤ ਕਰਨਾ ਅਤਿ ਜ਼ਰੂਰੀ ਹੈ। ਜਨਤਕ ਲਾਈਬਰੇਰੀਆਂ ਸਿਰਫ ਇਮਾਰਤਾਂ ਨਹੀਂ ਹੁੰਦੀਆਂ, ਬਲਕਿ ਉਹ ਵਿਚਾਰਾਂ ਦੀਆਂ ਟਕਸਾਲਾਂ ਹੁੰਦੀਆਂ ਹਨ, ਜੋ ਸਥਾਨਕ ਪੱਧਰ 'ਤੇ ਪੜ੍ਹਨ ਦੀ ਲਹਿਰ ਪੈਦਾ ਕਰ ਸਕਦੀਆਂ ਹਨ। ਫਿਨਲੈਂਡ ਅਤੇ ਜਪਾਨ ਵਰਗੇ ਦੇਸ਼ਾਂ ਵਿੱਚ ਪੜ੍ਹਨ ਨੂੰ ਜੀਵਨ ਦੀ ਬੁਨਿਆਦੀ ਆਦਤ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਦੀ ਸਿੱਖਿਆ ਅਤੇ ਨਵੀਨਤਾ ਦੀ ਉੱਚ ਦਰ ਨੂੰ ਵੀ ਦਰਸਾਉਂਦੀ ਹੈ। ਇਹ ਜਾਣਕਾਰੀ ਸਾਨੂੰ 'ਕਿਹੜੀ ਕਿਤਾਬ ਵਧੀਆ ਹੈ' ਦੇ ਸਵਾਲ ਤੋਂ ਬਾਹਰ ਕੱਢ ਕੇ 'ਅਸੀਂ ਪੜ੍ਹਨ ਵਾਲਾ ਸਮਾਜ ਕਿਵੇਂ ਬਣੀਏ' ਦੇ ਡੂੰਘੇ ਚਿੰਤਨ ਵੱਲ ਲੈ ਕੇ ਜਾਂਦੀ ਹੈ।

ਜਦੋਂ ਪੜ੍ਹਨ ਦੀ ਆਦਤ ਬਣਦੀ ਹੈ ਤਾਂ ਚੰਗੀਆਂ ਕਿਤਾਬਾਂ ਦੀ ਪਛਾਣ ਆਪਣੇ ਆਪ ਹੋ ਜਾਂਦੀ ਹੈ। ਇੱਕ ਕਿਤਾਬ ਦੂਜੀ ਕਿਤਾਬ ਵੱਲ ਲੈ ਜਾਂਦੀ ਹੈ। ਇੰਦਾਂ ਸਫਰ ਸ਼ੁਰੂ ਹੋ ਜਾਂਦਾ ਹੈ ਅਤੇ ਇਹੀ ਲੜੀ ਮਨੁੱਖ ਨੂੰ ਇੱਕ ਆਮ ਪਾਠਕ ਤੋਂ ਸੋਚਵਾਨ ਵਿਅਕਤੀ, ਵਿਚਾਰਕ, ਚਿੰਤਕ, ਦਾਰਸ਼ਨਿਕ ਵਿੱਚ ਬਦਲ ਦਿੰਦੀ ਹੈ।

ਕਿਤਾਬਾਂ ਸਾਡੇ ਲਈ ਸਿਰਫ ਜਵਾਬ ਨਹੀਂ ਲਿਆਉਂਦੀਆਂ, ਸਗੋਂ ਉਹ ਸਾਡੇ ਅੰਦਰ ਉਹ ਸਵਾਲ ਜਗਾਉਂਦੀਆਂ ਹਨ ਜੋ ਸਾਨੂੰ ਆਪਣੇ ਆਪ ਨੂੰ ਸਮਝਣ ਦੇ ਰਾਹ 'ਤੇ ਲੈ ਜਾਂਦੇ ਹਨ ਅਤੇ ਸ਼ਾਇਦ ਇਹੀ ਪੜ੍ਹਨ ਦਾ ਅਸਲ ਮਕਸਦ ਹੈ।

***

## ਝਾਰਖੰਡ ਵਿੱਚ ਸਿੱਖਾਂ ਦੀਆਂ ਜੜ੍ਹਾਂ

ਉਨ੍ਹਾਂ ਨੇ 70 ਤੋਂ ਵੱਧ ਆਕਸੀਜਨ ਸਿਲੰਡਰਾਂ ਨਾਲ ਆਧੁਨਿਕ ਸਕੂਲ ਵਿੱਚ ਬੈੱਡ ਬਣਾਏ ਸਨ ਅਤੇ ਰੋਜ਼ਾਨਾ 30 ਮਰੀਜ਼ਾਂ ਦਾ ਇਲਾਜ ਕੀਤਾ ਸੀ। ਰਾਂਚੀ ਵਿੱਚ ਗੁਰੂ ਨਾਨਕ ਹਸਪਤਾਲ ਅਤੇ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਨੇ ਆਕਸੀਜਨ ਸਿਲੰਡਰ ਸੇਵਾ ਅਤੇ ਕੋਵਿਡ ਮਰੀਜ਼ਾਂ ਲਈ ਇਲਾਜ ਮੁਹੱਈਆ ਕਰਵਾਇਆ ਸੀ। ਹੋਰ ਸਿੱਖ ਆਗੂਆਂ ਨੇ ਹੋਟਲਾਂ ਵਿੱਚ ਆਈਸੋਲੇਸ਼ਨ ਰੂਮ ਅਤੇ ਆਕਸੀਜਨ ਕੈਨ ਵੰਡੇ। ਇਹ ਸੇਵਾ ਗੁਰੂ ਨਾਨਕ ਦੇ ਲੰਗਰ ਦੀ ਰੂਹ ਨੂੰ ਜਿਉਂਦਾ ਰੱਖਦੀ ਹੈ ਅਤੇ ਆਦਿਵਾਸੀ ਭਾਈਚਾਰੇ ਵੱਲੋਂ ਵੀ ਸਿੱਖਾਂ ਦੀ ਸ਼ਲਾਘਾ ਕੀਤੀ ਗਈ। ਝਾਰਖੰਡ ਵਿੱਚ ਸਿੱਖ ਛੋਟੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਸਮਾਜ ਸੇਵਾ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

***

## ਇੱਕ ਕੁਸੈਲੀ ਹਕੀਕਤ ਹੁੰਦੀ ਹੈ

ਸ਼ੁਰੂਆਤੀ ਚਾਰ ਦਿਨਾਂ ਵਿੱਚ ਹਥਿਆਰਾਂ 'ਤੇ ਹੋਏ 28,000 ਕਰੋੜ ਰੁਪਏ ਦੇ ਖ਼ਰਚੇ ਵਿੱਚੋਂ ਅੱਧੇ ਤੋਂ ਵੱਧ ਪੈਸਾ ਸਿਰਫ਼ ਇਰਾਨੀ ਹਮਲਿਆਂ ਨੂੰ ਰੋਕਣ 'ਤੇ ਖ਼ਰਚ ਹੋਇਆ ਹੈ। ਅਮਰੀਕਾ ਨੇ ਪਹਿਲੇ 72 ਘੰਟਿਆਂ ਵਿੱਚ 400 ਤੋਂ ਵੱਧ ਮਿਜ਼ਾਈਲਾਂ ਦਾਗੀਆਂ, ਜਿਨ੍ਹਾਂ ਵਿੱਚੋਂ ਇੱਕ ਦੀ ਕੀਮਤ 11 ਕਰੋੜ ਰੁਪਏ ਹੈ। ਵੈਸੇ, ਇਸ ਲੜਾਈ ਦੌਰਾਨ ਅਮਰੀਕਾ ਨੂੰ ਆਪਣੇ ਆਧੁਨਿਕ ਹਥਿਆਰਾਂ ਦਾ ਵੀ ਭਾਰੀ ਨੁਕਸਾਨ ਝੱਲਣਾ ਪਿਆ ਹੈ। ਰੱਖਿਆ ਮਾਹਿਰਾਂ ਅਨੁਸਾਰ, ਜੇਕਰ ਇਹ ਜੰਗ ਲੰਮੀ ਚੱਲਦੀ ਹੈ ਤਾਂ ਇਸ ਦਾ ਅਸਰ ਆਮ ਲੋਕਾਂ ਦੇ ਨਾਲ–ਨਾਲ ਦੁਨੀਆ ਭਰ ਦੇ ਵਾਤਾਵਰਨ ਅਤੇ ਵਿਸ਼ਵ ਆਰਥਿਕਤਾ 'ਤੇ ਬਹੁਤ ਗੰਭੀਰ ਪਵੇਗਾ।

ਬੰਬ ਬਣਾਉਣ ਵਾਲੀਆਂ ਕੰਪਨੀਆਂ ਹਮੇਸ਼ਾਂ ਚਾਹੁੰਦੀਆਂ ਹਨ ਕਿ ਜੰਗਾਂ ਲੱਗਦੀਆਂ ਰਹਿਣ; ਜੰਗਾਂ ਲੱਗਣਗੀਆਂ ਤਾਂ ਉਨ੍ਹਾਂ ਦਾ ਕਾਰੋਬਾਰ ਵਧੇ ਫੁੱਲੇਗਾ, ਪਰ ਕਦੀ ਕਿਸੇ ਨੇ ਸੋਚਿਆ ਕਿ ਬੰਬ, ਮਿਜ਼ਾਈਲਾਂ, ਪਰਮਾਣੂ ਅਤੇ ਹੋਰ ਖ਼ਤਰਨਾਕ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਦੀ ਕਮਾਈ ਦਿਨ–ਪ੍ਰਤੀ–ਦਿਨ ਵਧਦੀ ਕਿਉਂ ਜਾ ਰਹੀ ਹੈ ? ਕਿਸੇ ਵੀ ਮੁਲਕ ਵਿੱਚ ਜਦੋਂ ਵੀ ਕੋਈ ਜੰਗ ਲੱਗਦੀ ਹੈ ਤਾਂ ਇੱਕ ਸਥਾਨਕ ਪੱਧਰ ਤੋਂ ਖ਼ਬਰ ਲੱਗਦੀ ਹੈ; ਛੋਟਾ ਜਿਹਾ ਮਸਲਾ ਵੱਡਾ ਬਣਾ ਦਿੱਤਾ ਜਾਂਦਾ ਹੈ। ਪਹਿਲਾਂ ਉਕਤ ਮੁੱਦੇ ਨੂੰ ਸੋਸ਼ਲ ਮੀਡੀਆ 'ਤੇ ਭੰਡਿਆ ਜਾਂਦਾ ਹੈ, ਫਿਰ ਜਾ ਕੇ ਕਿਤੇ ਉਹ ਜੰਗ 'ਤੀਲ੍ਹੀ' ਫੜ ਲੈਂਦੀ ਹੈ। ਵੈਸੇ ਤਾਂ ਜੰਗਾਂ ਦਾ ਨਾਂ ਹੀ ਮਾੜਾ ਹੈ। ਜੰਗਾਂ ਲੱਗਦੀਆਂ ਨੇ, ਬੰਦ ਹੋ ਜਾਂਦੀਆਂ ਨੇ, ਪਰ ਪਿੱਛੇ ਛੱਡ ਜਾਂਦੀਆਂ ਨੇ ਬਹੁਤ ਸਾਰੇ ਦੁੱਖ।

ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਜੇਕਰ ਜੰਗਾਂ ਨਾ ਵੀ ਲੱਗਣਗੀਆਂ ਤਾਂ ਕੀ ਫ਼ਰਕ ਪੈ ਜਾਏਗਾ ? ਕਈ ਮੁਲਕਾਂ ਜਿਵੇਂ ਕਿ ਅਮਰੀਕਾ, ਰੂਸ, ਇਜ਼ਰਾਈਲ, ਚੀਨ, ਫਰਾਂਸ ਦੀ ਤਾਂ ਅਰਥ ਵਿਵਸਥਾ ਹੀ ਹਥਿਆਰ ਬਣਾਉਣ ਨਾਲ ਚੱਲਦੀ ਹੈ। ਇਹ ਸਾਰੇ ਉਹ ਮੁਲਕ ਹਨ ਜਿਹੜੇ ਮਾਰੂ ਹਥਿਆਰ ਬਣਾਉਂਦੇ ਹਨ, ਪਰਮਾਣੂ ਹਥਿਆਰ ਅਤੇ ਹੋਰ ਕੁਝ ਬਣਾਉਂਦੇ ਹਨ, ਜਿਸ ਦਾ ਨੁਕਸਾਨ ਆਮ ਆਵਾਮ ਨੂੰ ਹੁੰਦਾ ਹੈ। ਇਸ ਬਾਰੇ ਕੋਈ ਨਹੀਂ ਸੋਚਦਾ ਕਿ ਕੋਈ ਮਰਦਾ ਹੈ ਜਾਂ ਕੋਈ ਜਿਉਂਦਾ ਹੈ, ਬਸ ਸਭ ਨੂੰ ਆਪਣੀ 'ਜੇਬ੍ਹ' ਨਾਲ ਮਤਲਬ ਹੁੰਦਾ ਹੈ।

ਇਜ਼ਰਾਇਲ–ਇਰਾਨ ਦੁਆਰਾ ਇੱਕ–ਦੂਜੇ ਉੱਪਰ ਕੀਤੇ ਜਾ ਰਹੇ ਲਗਾਤਾਰ ਹਮਲੇ ਸਾਡੀਆਂ ਅੱਖਾਂ ਵਿੱਚ ਹੰਝੂ ਭਰ ਰਹੇ ਹਨ। ਰਾਜਨੀਤਕ ਧਿਰਾਂ ਦੁਆਰਾ ਸ਼ੁਰੂ ਕੀਤੀਆਂ ਗਈਆਂ ਜੰਗਾਂ ਨੂੰ ਬਹੁਤ ਸਾਰੇ ਲੋਕ ਬੇਸ਼ੱਕ ਜਿੱਤ ਜਾਂ ਫਿਰ ਹਾਰ ਦੇ ਨਜ਼ਰੀਏ ਦੇ ਨਾਲ ਦੇਖ ਰਹੇ ਹੋਣਗੇ, ਪਰ ਜੇ ਅਸੀਂ ਕੁਦਰਤ ਦੇ ਨਜ਼ਰੀਏ ਤੋਂ ਤੱਕੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਜੰਗਾਂ ਦੇ ਵਿੱਚ ਕਿਸੇ ਮੁਲਕ ਦੀ ਹਾਰ ਨਹੀਂ ਹੋ ਰਹੀ, ਕੋਈ ਮੁਲਕ ਜਿੱਤਦਾ ਨਹੀਂ...! ਸਗੋਂ ਹਾਰ ਤਾਂ ਉਸ ਕੁਦਰਤ ਦੀ ਹੋ ਰਹੀ ਹੈ। ਬੰਬਾਂ ਨੇ ਹੁਣ ਤੱਕ ਉਜਾੜਾ ਹੀ ਕੀਤਾ ਹੈ, ਸਦੀਆਂ ਲੱਗ ਜਾਂਦੀਆਂ ਨੇ ਫਿਰ ਤੋਂ ਪੈਰਾਂ ਸਿਰ ਖੜ੍ਹੇ ਹੁੰਦਿਆਂ। ਮਨੁੱਖਤਾ ਖ਼ਤਰੇ ਵਿੱਚ ਹੈ, ਵਾਤਾਵਰਣ ਪਿਟ ਰਿਹਾ ਹੈ। ਵਾਤਾਵਰਣ ਦਾ ਨਾਸ਼ ਹੋ ਰਿਹਾ ਹੈ। ਅਸੀਂ ਇਸ ਬਾਰੇ ਕਦੋਂ ਸੋਚਾਂਗੇ।

***

## ਐਫ. ਬੀ. ਆਈ. ਮੁਖੀ ਪਟੇਲ ਇੱਕ

ਤੁਹਾਡਾ ਬਹੁਤ–ਬਹੁਤ ਧੰਨਵਾਦ , ਤੁਸੀਂ ਸ਼ਾਨਦਾਰ ਕੰਮ ਕੀਤਾ ਹੈ। ਇਸ ਮੌਕੇ ਪਟੇਲ ਨੇ ਪ੍ਰਸ਼ਾਸਨ ਦੁਆਰਾ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਕੀਤੇ ਕੰਮਾਂ ਦਾ ਜ਼ਿਕਰ ਕੀਤਾ ਤੇ ਮੈਮਫਿਸ ਸੇਫ ਟਾਸਕ ਫੋਰਸ ਦੀ ਭੂਮਿਕਾ 'ਤੇ ਰੋਸ਼ਨੀ ਪਾਈ ਜਿਨ੍ਹਾਂ ਦੀ ਕਾਰਗੁਜ਼ਾਰੀ ਸਦਕਾ ਪਿਛਲੇ 6 ਮਹੀਨਿਆਂ ਦੌਰਾਨ ਸ਼ਹਿਰ ਵਿੱਚ ਹਿੰਸਕ ਅਪਰਾਧ ਵਿੱਚ ਤੇਜੀ ਨਾਲ ਕਮੀ ਆਈ ਹੈ। ਪਟੇਲ ਨੇ ਟਰੰਪ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਤੁਸੀਂ ਸਾਨੂੰ ਇਜਾਜ਼ਤ ਦਿੱਤੀ। "ਤੁਸੀਂ ਸਾਨੂੰ ਕਿਹਾ ਕਿ ਜਾਓ ਗਿਰੋਹਾਂ ਦੇ ਸਰਗਰਨਿਆਂ, ਬਲਾਤਕਾਰੀਆਂ, ਕਾਤਲਾਂ ਤੇ ਡਰੱਗ ਦੇ ਵਪਾਰੀਆਂ ਨੂੰ ਫੜੋ।" ਪਟੇਲ ਨੇ ਆਪਣੇ ਸੰਬੋਧਨ ਵਿੱਚ ਆਪਣੀ ਨਿੱਜੀ ਯਾਤਰਾ ਬਾਰੇ ਵੀ ਗੱਲ ਕੀਤੀ। ਯੂ ਐਸ ਮਾਰਸ਼ਲ ਸਰਵਿਸ ਮੁਖੀ ਗੈਡੀ ਸੇਰਾਲਟਾ ਨੇ ਕਿਹਾ ਕਿ ਟਾਸਕ ਫੋਰਸ ਨੇ 6 ਮਹੀਨਿਆਂ ਦੌਰਾਨ 7342 ਗ੍ਰਿਫ਼ਤਾਰੀਆਂ ਕੀਤੀਆਂ ਹਨ ਜਿਨ੍ਹਾਂ ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਹੋਈਆਂ ਹਨ, ਉਨ੍ਹਾਂ ਵਿੱਚ ਕਤਲ, ਡਰੱਗ, ਗੈਂਗ ਅਪਰਾਧ ਤੇ ਗੈਰ ਕਾਨੂੰਨੀ ਹਥਿਆਰਾਂ ਨਾਲ ਸਬੰਧਿਤ ਮਾਮਲੇ ਸ਼ਾਮਿਲ ਹਨ।

***

## ਉਤਰੀ ਕੋਰੀਆ ਵੱਲੋਂ 'ਸੁਪਰ ਪਾਵਰ'

ਆਸਾਨੀ ਨਾਲ ਚਕਮਾ ਦਿੱਤਾ ਜਾ ਸਕੇ।

**ਠੋਸ-ਈਂਧਨ ਤਕਨੀਕ: ਅਮਰੀਕਾ ਲਈ ਵੱਡਾ ਖ਼ਤਰਾ**

ਕਿਮ ਜੋਂਗ ਉਨ ਨੇ ਖੁਦ ਇਸ 'ਗਰਾਊਂਡ ਜੈੱਟ ਟੈਸਟ' ਦਾ ਨਿਰੀਖਣ ਕੀਤਾ। ਮਾਹਰਾਂ ਅਨੁਸਾਰ, ਠੋਸ–ਈਂਧਨ ਵਾਲੀਆਂ ਮਿਜ਼ਾਈਲਾਂ ਤਰਲ ਈਂਧਨ ਵਾਲੀਆਂ ਮਿਜ਼ਾਈਲਾਂ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਲਾਂਚ ਕਰਨ ਲਈ ਲੰਬੀ ਤਿਆਰੀ ਦੀ ਲੋੜ ਨਹੀਂ ਪੈਂਦੀ। ਇਸ ਕਾਰਨ ਇਨ੍ਹਾਂ ਨੂੰ ਲਾਂਚ ਹੋਣ ਤੋਂ ਪਹਿਲਾਂ ਪਛਾਣਨਾ ਜਾਂ ਰੋਕਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

**ਅਮਰੀਕਾ ਨੂੰ ਦੱਸਿਆ 'ਅੱਤਵਾਦੀ' ਦੇਸ਼**

ਇਹ ਪ੍ਰੀਖਣ ਕਿਮ ਜੋਂਗ ਉਨ ਦੇ ਉਸ ਭਾਸ਼ਣ ਤੋਂ ਤੁਰੰਤ ਬਾਅਦ ਆਇਆ ਹੈ ਜਿਸ ਵਿੱਚ ਉਨ੍ਹਾਂ ਨੇ ਉੱਤਰੀ ਕੋਰੀਆ ਨੂੰ ਇੱਕ 'ਅਟੱਲ' ਪ੍ਰਮਾਣੂ ਸ਼ਕਤੀ ਘੋਸ਼ਿਤ ਕੀਤਾ ਸੀ। ਕਿਮ ਨੇ ਅਮਰੀਕਾ 'ਤੇ 'ਵਿਸ਼ਵਵਿਆਪੀ ਅੱਤਵਾਦ ਅਤੇ ਹਮਲਾਵਰਤਾ' ਦਾ ਦੋਸ਼ ਲਗਾਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਦੇਸ਼ ਦੀ ਫ਼ੌਜੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਅਜਿਹੇ ਪ੍ਰੀਖਣ ਬਹੁਤ ਜ਼ਰੂਰੀ ਹਨ। ਉੱਤਰੀ ਕੋਰੀਆ ਦਾ ਇਹ ਕਦਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਦੁਨੀਆ ਪਹਿਲਾਂ ਹੀ ਕਈ ਜੰਗਾਂ ਨਾਲ ਜੂਝ ਰਹੀ ਹੈ, ਜਿਸ ਨਾਲ ਅੰਤਰਰਾਸ਼ਟਰੀ ਤਣਾਅ ਹੋਰ ਵਧਣ ਦੀ ਸੰਭਾਵਨਾ ਹੈ।

***

## ਅਮਰੀਕਾ ਦੀ ਫ਼ੌਜੀ ਤਾਕਤ 'ਚ

ਕਰਨ ਵਿੱਚ ਸਫਲ ਹੈ ਅਤੇ ਇਸ ਦੀ ਨਿਸ਼ਾਨਾ ਲਗਾਉਣ ਦੀ ਸਮਰੱਥਾ ਵੀ ਬਹੁਤ ਸਹੀ ਅਤੇ ਘਾਤਕ ਹੈ। ਜੁਲਾਈ 2025 ਵਿੱਚ ਹੀ ਅਮਰੀਕੀ ਫ਼ੌਜ ਨੇ ਇਸ ਦੇ ਪੂਰਨ ਉਤਪਾਦਨ ਅਤੇ ਤਾਇਨਾਤੀ ਨੂੰ ਹਰੀ ਝੰਡੀ ਦੇ ਦਿੱਤੀ ਸੀ।

**'ਅਪਰੇਸ਼ਨ ਐਪਿਕ ਫਿਊਰੀ' ਦੌਰਾਨ ਹੋਇਆ ਪਹਿਲਾ ਇਸਤੇਮਾਲ**

ਅਮਰੀਕੀ ਸੈਂਟਰਲ ਕਮਾਂਡ ਨੇ ਪੁਸ਼ਟੀ ਕੀਤੀ ਹੈ ਕਿ ਪਿਛਲੇ ਦਿਨੀਂ 'ਅਪਰੇਸ਼ਨ ਐਪਿਕ ਫਿਊਰੀ' ਦੌਰਾਨ ਪਹਿਲੀ ਵਾਰ ਇਨ੍ਹਾਂ 'ਪ੍ਰੀਸੀਜ਼ਨ ਸਟ੍ਰਾਈਕ ਮਿਜ਼ਾਈਲਾਂ' ਦਾ ਜੰਗ ਦੇ ਮੈਦਾਨ ਵਿੱਚ ਸਫਲਤਾਪੂਰਵਕ ਇਸਤੇਮਾਲ ਕੀਤਾ ਗਿਆ ਸੀ। ਇਸ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਅਮਰੀਕਾ ਹੁਣ ਦੁਸ਼ਮਣਾਂ ਦੇ ਟਿਕਾਣਿਆਂ ਨੂੰ ਬਹੁਤ ਦੂਰੋਂ ਅਤੇ ਸਹੀ ਤਰੀਕੇ ਨਾਲ ਤਬਾਹ ਕਰਨ ਦੀ ਸਮਰੱਥਾ ਰੱਖਦਾ ਹੈ।

***

## ਹਾਈਕੋਰਟ ਨੇ ਕੇਂਦਰ ਅਤੇ ਪੰਜਾਬ ਸਰਕਾਰ

ਗੁਰੂ ਸਾਹਿਬਾਨ ਵੱਲੋਂ ਵੱਖ–ਵੱਖ ਸਮਿਆਂ 'ਤੇ ਸੰਗਤਾਂ ਦੇ ਨਾਂ ਜਾਰੀ ਕੀਤੇ ਗਏ ਅਸਲ ਹੁਕਮਨਾਮੇ ਵੀ ਲਾਇਬ੍ਰੇਰੀ ਦਾ ਹਿੱਸਾ ਸਨ। ਇਨ੍ਹਾਂ ਦੀ ਇਤਿਹਾਸਕ ਮਹੱਤਤਾ ਬਹੁਤ ਜ਼ਿਆਦਾ ਹੈ ਅਤੇ ਇਨ੍ਹਾਂ ਵਿੱਚੋਂ ਕਈ ਅਜੇ ਤੱਕ ਵਾਪਸ ਨਹੀਂ ਆਏ।ਸਿੱਖ ਇਤਿਹਾਸ, ਮਿਸਲਾਂ ਦੇ ਸਮੇਂ ਦੇ ਦਸਤਾਵੇਜ਼, ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਮਹੱਤਵਪੂਰਨ ਕਾਗਜ਼ਾਤ।ਵੱਖ–ਵੱਖ ਵਿਦਵਾਨਾਂ ਅਤੇ ਸਿੱਖ ਸ਼ਖਸੀਅਤਾਂ ਦੀਆਂ ਚਿੱਠੀਆਂ ਅਤੇ ਡਾਇਰੀਆਂ।ਹਾਲਾਂਕਿ ਤੋਸ਼ਾਖਾਨੇ ਦੀਆਂ ਕੁਝ ਵਸਤਾਂ ਨੂੰ ਨੁਕਸਾਨ ਪਹੁੰਚਿਆ ਸੀ, ਪਰ ਸ਼੍ਰੋਮਣੀ ਕਮੇਟੀ ਦਾ ਮੰਨਣਾ ਹੈ ਕਿ ਕੁਝ ਕੀਮਤੀ ਇਤਿਹਾਸਕ ਨਿਸ਼ਾਨੀਆਂ ਜੋ ਫੌਜ ਵੱਲੋਂ ਕਬਜ਼ੇ ਵਿੱਚ ਲਈਆਂ ਗਈਆਂ ਸਨ, ਉਹ ਪੂਰੀ ਤਰ੍ਹਾਂ ਵਾਪਸ ਨਹੀਂ ਕੀਤੀਆਂ ਗਈਆਂ।ਦੂਜੇ ਪਾਸੇ ਕੇਂਦਰ ਸਰਕਾਰ ਅਤੇ ਸੀ.ਬੀ.ਆਈ. ਕਈ ਵਾਰ ਇਹ ਕਹਿ ਚੁੱਕੀ ਹੈ ਕਿ ਉਨ੍ਹਾਂ ਨੇ ਜ਼ਬਤ ਕੀਤਾ ਗਿਆ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਹੈ ਜਾਂ ਉਹ ਕਾਰਵਾਈ ਦੌਰਾਨ ਸੜ ਕੇ ਸੁਆਹ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਇਸ ਦਾਅਵੇ ਨੂੰ ਨਕਾਰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਿਰਫ ਕੁਝ ਅਖ਼ਬਾਰਾਂ ਦੀਆਂ ਕਾਪੀਆਂ, ਰਸਾਲੇ ਅਤੇ ਆਮ ਕਿਤਾਬਾਂ ਹੀ ਵਾਪਸ ਕੀਤੀਆਂ ਹਨ, ਜਦਕਿ ਸਭ ਤੋਂ ਮਹੱਤਵਪੂਰਨ 'ਹੱਥ–ਲਿਖਤ ਖਜ਼ਾਨਾ' ਅਜੇ ਵੀ ਉਨ੍ਹਾਂ ਦੇ ਕਬਜ਼ੇ ਵਿੱਚ ਹੈ ਜਾਂ ਉਸ ਦਾ ਕੋਈ ਪਤਾ ਨਹੀਂ ਲੱਗ ਰਿਹਾ।

ਹੋਕਾ TV RAISING VOICE FOR TRUTH

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

ਹੋਕਾ TV RAISING VOICE FOR TRUTH

ਮੁਫ਼ਤ ਉਪਲੱਬਧ ਹੈ

Download on the App Store | GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home